37ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਨਵੰਬਰ-ਦਸੰਬਰ 2023



ਗ਼ਦਰ ਲਹਿਰ ਦੀ ਮਹਾਨ ਵਿਰਾਸਤ (13)

ਅੰਦਰ ਪੜ੍ਹੋ:



ਗਣਿਤ ਵਿਗਿਆਨੀ
ਸ੍ਰੀ ਨਿਵਾਸ ਰਾਮਾਨੁਜਨ (30)




5 ਜੀ (37)



ਚਾਰ ਸਾਲਾਂ ਮਾਸੂਮ ਰਵੀ ਰਾਜ
ਦੀ ਬਲੀ (6)



ਆਜ਼ਾਦੀ ਦਾ ਸਭ ਤੋਂ ਵੱਡਾ ਦੁਸ਼ਮਣ ਸੰਤੁਸ਼ਟ ਗ਼ੁਲਾਮ ਹੈ। - ਚੇ ਗੁਵੇਰਾ

## ਗ਼ਦਰ ਦਾ ਹੋਕਾ

ਸਾਨੂੰ ਲੋੜ ਨਾ ਪੰਡਤਾਂ, ਕਾਜ਼ੀਆਂ ਦੀ,
ਨਹੀਂ ਸ਼ੌਕ ਹੈ, ਬੇੜਾ ਡੁਬਾਵਣੇ ਦਾ।
ਮੰਦਰ, ਮਸਜਿਦਾਂ ਕਿਸੇ ਨਾ ਕੰਮ ਸਾਡੇ,
ਛੱਡੋ ਖਿਆਲ, ਗੁਰਦੁਆਰੇ ਬਣਾਵਣੇ ਦਾ।
ਕਿਸੇ ਕੰਮ ਨਾ ਪੋਥੀਆਂ, ਪਿਛਲੀਆਂ ਜੋ,
ਐਵੇਂ ਢੰਗ ਸੀ ਵਕਤ ਲੰਘਾਵਣੇ ਦਾ।
ਜਪ ਜਾਪ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ, ਤੇਗ਼ ਉਠਾਵਣੇ ਦਾ।
ਗੱਲਾਂ ਫੋਕੀਆਂ ਨਾਲ ਨਾ ਕੰਮ ਹੁੰਦੇ,
ਸਮਾਂ ਆ ਗਿਆ, ਯੁੱਧ ਮਚਾਵਣੇ ਦਾ।
ਨਾਮ ਉਹਨਾਂ ਦਾ ਵਿੱਚ ਜਹਾਨ ਰੌਸ਼ਨ,
ਜਿਨ੍ਹਾਂ ਸ਼ੌਕ ਸ਼ਹੀਦੀਆਂ ਪਾਵਣੇ ਦਾ।
ਪੜ੍ਹਕੇ ਗ਼ਦਰ ਅਖਬਾਰ ਨੂੰ ਖਬਰ ਮਿਲੀ,
ਵੇਲਾ ਆ ਗਿਆ, ਗ਼ਦਰ ਮਚਾਵਣੇ ਦਾ।

----

ਮੁੱਲਾਂ, ਪਾਂਧੇ, ਭਾਈਆਂ ਦੀ ਕਿਤੇ ਵੀ ਲੋੜ ਨਾ,
ਦੱਸੋ ਅਸੀਂ, ਇਹਨਾਂ ਕਿਹੜੇ ਹਲ ਜੋੜਨਾ।
ਮਿਹਨਤੀ, ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ,
ਉਹਨਾਂ ਕਾਹਨੂੰ ਬੰਨ੍ਹਣੇ ਸਫ਼ੈਦ ਹਾਥੀ ਨੇ।
ਮਜ਼ਹਬੀ ਝਗੜਿਆਂ 'ਤੇ ਤੁਸੀਂ ਜ਼ੋਰ ਪਾਇਆ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਤੁਹਾਨੂੰ ਭੋਲਿਓ, ਮੂਲ ਨਾ ਖਬਰ ਲੱਗੀ,
ਝਗੜਾ ਛੇੜਿਆ ਵੇਦ, ਕੁਰਾਨ ਵੀਰੋ।
ਦੇਸ਼ ਪੱਟਿਆ, ਤੁਸਾਂ ਦੇ ਝਗੜਿਆਂ ਨੇ,
ਤੁਸੀਂ ਸਮਝਦੇ ਨਹੀਂ ਨਦਾਨ ਵੀਰੋ।

-------

ਤੁਸੀਂ ਦੀਨ, ਈਮਾਨ ਦੇ ਪਏ ਪਿੱਛੇ,
ਫ਼ਿਕਰ ਤੁਸਾਂ ਨੂੰ ਗਿਆਨ, ਧਿਆਨ ਵਾਲੇ।
ਆਪਸ ਵਿੱਚ ਲੜਨਾ ਮੰਦਾ ਕੰਮ ਫੜਿਆ,
ਝਗੜੇ, ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਹੀਰਾ ਖਾਕ ਰੋਲ ਦਿੱਤਾ,
ਰੌਲੇ ਘੱਤ ਕੇ ਵੇਦ, ਕੁਰਾਨ ਵਾਲੇ।
ਗਾਈਂ ਸੂਰ ਝਟਕਾ ਜੇਕਰ ਦੁੱਖ ਦਿੰਦਾ,
ਗੋਰੇ ਹੈਨ ਤਿੰਨੇ ਚੀਜ਼ਾਂ ਖਾਣ ਵਾਲੇ।
"ਬਾਗ਼ ਹਿੰਦ ਦਾ ਟਹਿਕਦਾ ਲੱਗੇ ਸੋਹਣਾ
ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ
ਫਿਰਨ ਮਾਣਦੇ ਬਾਗ਼ ਵਿੱਚ ਰੰਗ ਰਲੀਆਂ
ਸਿਰੋਂ ਲੱਥਾ ਗ਼ੁਲਾਮੀ ਦਾ ਭਾਰ ਹੋਵੇ
ਊਚ-ਨੀਚ ਦਾ ਸਵਾਲ ਨਾ ਛਿੜੇ ਕਿਧਰੇ
ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ
ਹੱਕ ਹੋਵੇ ਇੱਕੋ ਜਿਹਾ ਸਾਰਿਆਂ ਦਾ
ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ
ਸੁਤੰਤਰ ਲਾਜ਼ਮੀਂ ਵਿੱਦਿਆ ਹੋਵੇ ਸਾਰੇ
ਪੂਰਨ ਹੁਨਰ ਦੇ ਵਿੱਚ ਨਰ ਨਾਰ ਹੋਵੇ
ਬਾਹਰ ਨਿਕਲੇ ਨਾ ਪੈਸਾ ਹਿੰਦ ਵਿੱਚੋਂ
ਸਮਝੋ ਦੁੱਗਣੀ ਹੀ ਪੈਦਾਵਾਰ ਹੋਵੇ।

(ਗ਼ਦਰ ਦੀ ਗੂੰਜ ਚੋਂ)

**ਪੇਸ਼ਕਸ਼: ਅਮੋਲਕ ਸਿੰਘ**

"ਜੋ ਸਾਹਿਤ ਅਸੀਂ ਪੜ੍ਹ ਰਹੇ ਹਾਂ, ਜੇ ਉਹ ਸਾਨੂੰ ਨਹੀਂ ਜਗਾਉਂਦਾ, ਤਾਂ ਅਸੀਂ ਕਿਉਂ ਪੜ੍ਹਦੇ ਹਾਂ? ਸਾਡੇ ਅੰਦਰ ਜੰਮੇ ਸਮੁੰਦਰ ਨੂੰ ਤੋੜਨ ਲਈ ਸਾਹਿਤਕ ਰਚਨਾ ਬਰਫ ਦੀ ਕੁਹਾੜੀ ਹੋਣੀ ਚਾਹੀਦੀ ਹੈ।" -ਫਰਾਂਜ਼ ਕਾਫਕਾ (ਜਰਮਨ ਲੇਖਕ)


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ, ਪਾਲ ਬਾਗਪੁਰ
ਰਾਜਪਾਲ ਸਿੰਘ, ਜਸਵੰਤ ਮੋਹਾਲੀ
ਸੁਖਦੇਵ ਧੂਰੀ, ਭੁਪਿੰਦਰ ਫੌਜੀ
ਸੁਖਦੇਵ ਫਗਵਾੜਾ, ਵਿਸ਼ਵ ਕਾਂਤ
ਅਵਤਾਰ ਦੀਪ
ਰਾਮ ਸਵਰਨ ਲੱਖੇਵਾਲੀ

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਰਾਜ ਪਾਲ ਸਿੰਘ

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਬਾਈ ਕੈਨੇਡਾ
ਪ੍ਰਧਾਨ TRSC (+1-672-558-5757)
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ, ਬਲਦੇਵ ਰਹਿਪਾ ਟਰਾਂਟੋ

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਰਤੀਬ


1. ਸੰਪਾਦਕੀ 1
2. ਅੰਧਵਿਸ਼ਵਾਸੀ ਤੇ ਰੂੜੀਵਾਦੀ ਵਿਚਾਰਧਾਰਾ 2
3. ਮੁਲਾਕਾਤ (ਉੱਤਮ ਨਿਰੌਲਾ)(ਨੇਪਾਲ ਦੇ ਮਾਨਵਤਾਵਾਦੀ) 4
4. ਚਾਰ ਸਾਲਾਂ ਮਾਸੂਮ ਰਵੀ ਰਾਜ ਦੀ ਬਲੀ 6
5. ਪੜ੍ਹਨਯੋਗ ਪੁਸਤਕਾਂ (ਨਾਸਤਿਕ ਬਾਣੀ) 8
6. ਕੇਸ ਰਿਪੋਰਟਾਂ 10
7. "ਗ਼ਦਰ" ਲਹਿਰ ਦੀ ਮਹਾਨ ਵਿਰਾਸਤ 13
8. ਰਾਮਰਾਜ ਵੱਲ ਵਾਪਸੀ 16
9. ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ 18
10. ਅੰਧ ਵਿਸ਼ਵਾਸਾਂ ਦੀ ਦਲਦਲ 20
11. ਨੂੰਹ 'ਚ ਹੋਈ ਹਿੰਸਾ 23
12. ਪੈੜਾਂ 28
13. ਪ੍ਰਤਿਭਾਸ਼ੀਲ ਗਣਿਤ ਵਿਗਿਆਨੀ ਸ੍ਰੀ ਨਿਵਾਸ ਰਾਮਾਨੁਜਨ 30
14. ਹੱਡਬੀਤੀ 32
15. ਬਾਲ ਪੰਨਾ 34
16. 5 ਜੀ: ਤਕਨੀਕ, ਖਦਸ਼ੇ ਅਤੇ ਤੱਥ 37
17. ਮਨੁੱਖੀ ਅਧਿਕਾਰਾਂ ਪ੍ਰਤੀ ਹਕੂਮਤਾਂ ਦਾ ਗੈਰ ਮਨੁੱਖੀ ਵਤੀਰਾ 40
18. ਬੋਲ ਸਦੀਵੀਂ 44
19. ਸਰਕਾਰਾਂ, ਕਾਰਪੋਰੇਟ ਅਤੇ ਮਜ਼ਦੂਰ 45
20. ਨਿਵੇਕਲੀਆਂ ਪੈੜਾਂ 47
21. ਪ੍ਰਤੀਕਰਮ/ਆਰਥਿਕ ਸਹਾਇਤਾ 49
22. ਪੇਸ਼ਕਦਮੀਆਂ 50
23. ਆਖਰੀ ਪੰਨਾ 56



ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


## ਸੰਪਾਦਕੀ

ਸਤੰਬਰ ਦੇ ਸ਼ੁਰੂ ਵਿੱਚ ਦਿੱਲੀ ਵਿੱਚ ਦੁਨੀਆਂ ਦੇ 19 ਦੇਸ਼ਾਂ (ਯੂਰਪੀਅਨ ਸਮੂਹ) ਅਤੇ ਅਫ਼ਰੀਕੀ ਯੂਨੀਅਨ ਅਧਾਰਿਤ G-20 ਸ਼ਿਖ਼ਰ ਸੰਮੇਲਨ ਹੋਇਆ। ਇਹ ਸਮੂਹ ਦੁਨੀਆਂ ਦੇ 60% ਭੂ-ਭਾਗ, ਦੋ ਤਿਹਾਈ ਆਬਾਦੀ, 75% ਅੰਤਰ-ਰਾਸ਼ਟਰੀ ਵਪਾਰ ਅਤੇ 80% ਵਿਸ਼ਵ ਸਕਲ ਉਤਪਾਦ (ਦੁਨੀਆਂ ਦੇ ਤਮਾਮ ਦੇਸ਼ਾਂ ਦੀ GDP ਦਾ ਜੋੜ) ਦੀ ਨੁਮਾਇੰਦਗੀ ਕਰਦਾ ਸੀ। 1999 ਵਿੱਚ ਹੋਂਦ ਵਿੱਚ ਆਏ ਇਸ ਸਮੂਹ ਦੇ ਸਿਖ਼ਰ ਸੰਮੇਲਨ 2007 ਤੱਕ ਤਾਂ ਵਿਦੇਸ਼ ਮੰਤਰੀ ਪੱਧਰ ਦੇ ਹੁੰਦੇ ਸੀ, ਪਰ 2008 ਵਿੱਚ ਪੂਰੀ ਦੁਨੀਆਂ ਵਿੱਚ ਛਾਏ ਵਿੱਤੀ/ਆਰਥਿਕ ਸੰਕਟ ਬਾਅਦ ਇਹ ਰਾਸ਼ਟਰਪਤੀ/ਪ੍ਰਧਾਨ ਮੰਤਰੀ ਪੱਧਰ ਦੇ ਹੋਣ ਲੱਗੇ। 2023 ਵਿੱਚ ਹੋਏ ਇਸ ਦੇ ਸ਼ਿਖਰ ਸੰਮੇਲਨ ਦੀ ਪ੍ਰਧਾਨਗੀ/ਮੇਜ਼ਬਾਨੀ ਭਾਰਤ ਨੇ ਕੀਤੀ ਹੈ। ਭਾਰਤ ਦੀ ਮੋਦੀ ਸਰਕਾਰ ਨੇ ਭਾਰਤ ਵਿੱਚ ਇਹਨਾਂ 'ਖ਼ਾਸ' ਮਹਿਮਾਨਾਂ (ਸਾਮਰਾਜੀ ਯਾਰਾਂ) ਦੀ ਆਓਭਗਤ ਲਈ ਦਿੱਲੀ ਨੂੰ ਨਕਲੀ ਤੌਰ 'ਤੇ ਖ਼ੂਬਸੂਰਤ ਬਣਾਉਣ ਲਈ ਕਰੋੜਾਂ ਰੁਪਇਆ ਪਾਣੀ ਵਾਂਗ ਵਹਾਇਆ। ਦਿੱਲੀ ਵਿੱਚ ਗਰੀਬ ਮਿਹਨਤਕਸ਼ਾਂ ਦੀਆਂ ਬਸਤੀਆਂ ਨੂੰ ਪਰਦਿਆਂ ਨਾਲ ਢੱਕ ਕੇ ਇੱਕ ਤਰ੍ਹਾਂ ਨਾਲ ਵਾੜਾਬੰਦ ਕਰ ਦਿੱਤਾ ਗਿਆ। ਸੰਮੇਲਨ ਲਈ ਨਾਹਰਾ ਦਿੱਤਾ ਗਿਆ-ਵਸੂਧੈਵ ਕੁਟੁੰਬਕਮ (ਉਪਨਿਸ਼ਦ ਵਿੱਚੋਂ)। ਇਸ ਦਾ ਭਾਵ ਹੈ-The world is one family. (ਸੰਸਾਰ ਇੱਕ ਪਰਿਵਾਰ ਹੈ)। ਕੀ ਫਿਰ ਵਾੜਾਬੰਦ ਕੀਤੇ ਕਿਰਤੀ ਇਸ ਪਰਿਵਾਰ ਦਾ ਹਿੱਸਾ ਨਹੀਂ? ਹਾਂ, ਬਿਲਕੁਲ ਉਹ ਇਸ ਪਰਿਵਾਰ ਦਾ ਹਿੱਸਾ ਨਹੀਂ। ਇਸ ਪ੍ਰਬੰਧ ਵੱਲੋਂ ਵੈਸੇ ਵੀ ਉਹਨਾਂ ਨੂੰ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਕੀ ਫਿਰ ਇਹ ਵਸੂਧੈਵ ਕੁਟੁੰਬਕਮ ਦਾ "ਜਾਪ" ਨਿਰਾ ਪਾਖੰਡ ਨਹੀਂ ? 2023 ਦੀ ਭੁੱਖ ਸੰਬੰਧੀ ਆਲਮੀ ਸੂਚਕ ਅੰਕ (Global Hunger Index) ਦੀ ਦਰਜਾਬੰਦੀ ਵਿੱਚ ਭਾਰਤ 125 ਮੁਲਕਾਂ ਵਿੱਚੋਂ 111ਵੇਂ ਸਥਾਨ ਉੱਤੇ ਹੈ। ਭਾਰਤ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੇ ਪੱਖ ਤੋਂ ਵੀ ਦੁਨੀਆਂ 'ਚ ਸਭ ਤੋਂ ਵੱਧ ਦਰ 18.7% ਵਾਲਾ ਮੁਲਕ ਹੈ। ਜੁਲਾਈ 2023 ਵਿੱਚ ਜਾਰੀ ਨੀਤੀ ਆਯੋਗ ਦੀ ਇੱਕ ਰਿਪੋਰਟ ਅਨੁਸਾਰ 74% ਲੋਕ ਸਿਹਤਮੰਦ ਭੋਜਨ ਦਾ ਖ਼ਰਚਾ ਚੁੱਕਣ ਦੇ ਯੋਗ ਨਹੀਂ। 'ਆਤਮ ਨਿਰਭਰ ਭਾਰਤ' ਦੇ ਤਮਾਮ ਜੁਮਲਿਆਂ ਦੇ ਬਾਵਜੂਦ ਭਾਰਤ ਦੀ ਆਯਾਤ 'ਤੇ ਨਿਰਭਰਤਾ ਵਧਦੀ ਜਾ ਰਹੀ ਹੈ। ਵਧਦੇ ਆਯਾਤ ਦਾ ਨਤੀਜਾ ਹਮੇਸ਼ਾ ਇਹੀ ਹੁੰਦਾ ਆਇਆ ਹੈ ਕਿ ਉਸ ਦੇਸ਼ ਦੀ ਆਪਣੀ ਉਤਪਾਦਕ ਸਮਰੱਥਾ ਨਹੀਂ ਵਧਦੀ, ਇਸ ਲਈ ਰੁਜ਼ਗਾਰ ਵੀ ਨਹੀਂ ਵਧਦਾ। ਰੁਜ਼ਗਾਰ ਨਾ ਮਿਲਣ ਦੇ ਕਾਰਣ ਨੌਜਵਾਨੀ ਵਿਦੇਸ਼ਾਂ ਵੱਲ ਪਰਵਾਸ ਕਰ ਰਹੀ ਹੈ। ਨੌਜਵਾਨੀ ਨੂੰ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ, ਜਾਂ ਫਿਰ ਉਹਨਾਂ ਦੇ ਹੱਥਾਂ ਵਿੱਚ ਤ੍ਰਿਸ਼ੂਲ-ਤਲਵਾਰਾਂ ਫੜਾਈਆਂ ਜਾ ਰਹੀਆਂ ਹਨ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਫੇਲ੍ਹ ਹੋਇਆ ਭਾਰਤੀ ਪ੍ਰਬੰਧ ਆਪਣੀ ਉਮਰ ਲੰਬੀ ਕਰਨ ਲਈ ਲੋਕਾਂ ਨੂੰ ਧਰਮਾਂ, ਅੰਧਵਿਸ਼ਵਾਸਾਂ ਦੇ ਹਨੇਰੇ ਵੱਲ ਧੱਕ ਰਿਹਾ ਹੈ। ਨਵੀਂ ਪੀੜ੍ਹੀ ਨੂੰ ਵਿਗਿਆਨ ਤੋਂ ਸੱਖਣਾ ਕਰਨ ਲਈ ਪਾਠਕ੍ਰਮਾਂ ਨੂੰ ਗ਼ੈਰ-ਵਿਗਿਆਨਕ ਲੀਹ 'ਤੇ ਪਾਇਆ ਜਾ ਰਿਹਾ ਹੈ। ਵਿਗਿਆਨਕ ਵਿਚਾਰਧਾਰਾ ਨੂੰ ਵੱਡੀਆਂ ਚੁਣੌਤੀਆਂ ਦੇ ਇਸ ਦੌਰ ਵਿੱਚ ਸਮਾਜ ਦੇ ਸੁਚੇਤ ਲੋਕਾਂ ਦੀ ਜ਼ਿੰਮੇਵਾਰੀ ਵੀ ਵੱਡੀ ਹੀ ਤੈਅ ਹੁੰਦੀ ਹੈ। ਮੀਡੀਆ ਦੇ ਸੀਨ ਤੋਂ ਵਿਸ਼ਾਲ ਲੋਕਾਈ ਦੇ ਮੁੱਦੇ-ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਸਿਹਤ, ਸਿੱਖਿਆ, ਮਜ਼ਦੂਰਾਂ ਕਿਸਾਨਾਂ ਦੇ ਸੰਕਟ, ਔਰਤਾਂ, ਘੱਟ ਗਿਣਤੀਆਂ, ਦਲਿਤਾਂ 'ਤੇ ਵਧ ਰਹੇ ਜਬਰ ਗਾਇਬ ਹਨ। ਮੀਡੀਆ ਪੂਰੀ ਤਰ੍ਹਾਂ ਲੋਕ ਵਿਰੋਧੀ ਹਾਕਮਾਂ ਦੇ ਸ਼ਿਕੰਜੇ ਵਿੱਚ ਹੈ। ਜੇ ਇੱਕਾ-ਦੁੱਕਾ ਸਿਰ ਚੁੱਕਦਾ ਹੈ ਤਾਂ ਇੱਥੋਂ ਦਾ ਪ੍ਰਬੰਧ ਉਸ ਦੀ ਸੰਘੀ ਨੱਪ ਦਿੰਦਾ ਹੈ। ਸੁਚੇਤ ਲੋਕ ਤਾਕਤ ਹੀ ਮੁਲਕ ਨੂੰ ਇਸ ਹਾਲਤ ਵਿੱਚੋਂ ਕੱਢ ਸਕਦੀ ਹੈ। ਤਬਦੀਲੀ ਅਟਲ ਹੈ, ਹੋਵੇਗੀ ਹੀ ਹੋਵੇਗੀ।

# ਅੰਧਵਿਸ਼ਵਾਸੀ ਤੇ ਰੂੜੀਵਾਦੀ ਵਿਚਾਰਧਾਰਾ



**ਜਸਵੰਤ ਜੀਰਖ**

ਦੁਨੀਆਂ ਭਰ ਦੇ ਮੁਲਕਾਂ ਵਿੱਚ ਜਿੱਥੇ ਵੀ ਰਾਜ-ਪ੍ਰਬੰਧ ਚਲਾਉਣ ਅਤੇ ਸਮਾਜਿਕ ਜ਼ਿੰਦਗੀ ਵਿੱਚ ਪਿਤਾ ਪੁਰਖੀ ਰੂੜ੍ਹੀਵਾਦੀ ਵਿਚਾਰਾਂ, ਰਸਮਾਂ ਰਿਵਾਜਾਂ ਨੂੰ, ਸੰਸਕ੍ਰਿਤੀ ਦੇ ਨਾਂ ਹੇਠ ਹੂ-ਬ-ਹੂ ਅੰਧਾ ਧੁੰਦ ਬਿਨ੍ਹਾਂ ਵਿਚਾਰਿਆਂ ਜ਼ਿੰਦਗੀ ਦਾ ਹਿੱਸਾ ਬਣਾਇਆ ਜਾਂਦਾ ਰਿਹਾ, ਉੱਥੇ ਮਨੁੱਖੀ ਜ਼ਿੰਦਗੀ ਬੇ ਲੋੜੇ ਬੋਝ ਹੇਠ ਦੱਬਕੇ ਅੱਜ ਤੱਕ ਸਹਿਕਦੀ ਆ ਰਹੀ ਹੈ। ਅਜਿਹੇ ਮੁਲਕਾਂ ਦੀ ਗਿਣਤੀ ਕਰਨ ਲੱਗਿਆਂ ਸਾਡੇ ਦੇਸ਼ ਦਾ ਨਾਂ ਮੁੱਢਲੇ ਨੰਬਰਾਂ ਵਿੱਚ ਆਉਂਦਾ ਹੈ, ਜਿੱਥੇ ਹਜ਼ਾਰਾਂ ਸਾਲਾਂ ਤੋਂ ਪ੍ਰਚੱਲਤ ਧਾਰਮਿਕ ਧਾਰਨਾਵਾਂ ਨੂੰ ਲਕੀਰ ਦੇ ਫਕੀਰ ਬਣਕੇ ਜਿਉਂ ਦਾ ਤਿਉਂ ਜਾਰੀ ਰੱਖਿਆ ਜਾ ਰਿਹਾ ਹੈ। ਸਾਰੇ ਹੀ ਮਜ਼ਬਾਂ/ਧਰਮਾਂ ਵਿੱਚ ਆਪਣੇ ਆਪਣੇ ਤੀਰਥ ਸਥਾਨਾਂ ਦੀ ਮਹਾਨਤਾ ਪਿੱਛੇ ਕੋਈ ਨਾ ਕੋਈ ਕਰਾਮਾਤੀ ਕਹਾਣੀ ਜੋੜਕੇ ਉਸਦੀ ਮਹੱਤਤਾ ਬਰਕਰਾਰ ਰੱਖੀ ਜਾ ਰਹੀ ਹੈ , ਜਿਸ ਕਰਕੇ ਉੱਥੇ ਉਸ ਨਾਲ ਸਬੰਧਤ ਹਰ ਕੋਈ ਹਾਜਰ ਹੋ ਕੇ ਆਪਣੀ ਜ਼ਿੰਦਗੀ ਦੇ ਦੁੱਖ ਕਲੇਸ ਖਤਮ ਕਰਨ ਦੀ ਆਸ ਨਾਲ ਨਤਮਸਤਕ ਹੁੰਦਾ ਹੈ।

ਧਰਮਾਂ ਦੇ ਅਜਿਹੇ ਅਣ ਗਿਣਤ ਸਥਾਨਾਂ ਦੀ ਯਾਤਰਾ ਦੌਰਾਨ ਅਜਿਹੇ ਭਿਆਨਕ ਹਾਦਸੇ ਅਕਸਰ ਹੀ ਵਾਪਰ ਰਹੇ ਹਨ, ਜਿਹਨਾਂ ਰਾਹੀਂ ਘਰ ਦੇ ਦੁੱਖ-ਕਲੇਸ਼, ਤੰਗੀਆਂ ਤੁਰਸ਼ੀਆਂ ਖਤਮ ਹੋਣ ਦੀ ਬਜਾਏ ਕਈ ਪ੍ਰਵਾਰ ਹੀ ਖਤਮ ਹੋ ਜਾਂਦੇ ਹਨ। ਪਰ ਇਸ ਦੇ ਬਾਵਜੂਦ ਵੀ ਅਜਿਹੇ ਦਰਦਨਾਕ ਹਾਦਸਿਆਂ ਤੋਂ ਕੋਈ ਸਬਕ ਸਿੱਖਣ ਦੀ ਬਜਾਏ ਲੋਕਾਂ ਦੀਆਂ ਭੀੜਾਂ ਦਾ ਅਜਿਹੇ ਸਥਾਨਾਂ 'ਤੇ ਜਾਣ ਦਾ ਸਿਲਸਿਲਾ ਸਾਡੇ ਸਾਹਮਣੇ ਬਿਨਾਂ ਰੋਕ ਟੋਕ ਜਿਉਂ ਦਾ ਤਿਉਂ ਚੱਲ ਰਿਹਾ ਹੈ। ਸਾਡੀਆਂ ਸਰਕਾਰਾਂ ਵੀ ਲੋਕਾਂ ਦੀ ਅਜਿਹੀ ਅੰਧਵਿਸ਼ਵਾਸੀ ਮਾਨਸਿਕਤਾ ਨੂੰ ਖਤਮ ਕਰਨ ਦੀ ਥਾਂ ਅਜਿਹੀਆਂ ਯਾਤਰਾਵਾਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਗੱਡੀਆਂ, ਬਸਾਂ ਆਦਿ ਦੇ ਪ੍ਰਬੰਧ ਕਰਕੇ ਲੋਕਾਂ ਦੇ ਰੂੜ੍ਹੀਵਾਦੀ ਵਿਚਾਰ ਬਣੇ ਰਹਿਣ, ਨੂੰ ਹੀ ਪਹਿਲ ਦਿੰਦੀਆਂ ਹਨ। ਅਜਿਹੇ ਹਰ ਧਰਮ ਸਥਾਨ ਦੀ ਮਹੱਤਤਾ/ਮਾਨਤਾਵਾਂ ਦੀਆਂ 'ਕਰਾਮਾਤੀ' ਕਹਾਣੀਆਂ ਨੂੰ ਬਿਨ੍ਹਾਂ ਸੋਚੇ ਸਮਝੇ ਮੰਨ ਲੈਣ ਦੀਆਂ ਸਿੱਖਿਆਵਾਂ ਦੇਣ ਵਾਲੇ ਤਰ੍ਹਾਂ ਤਰ੍ਹਾਂ ਦੇ ਭੇਖਧਾਰੀ , ਸਾਧ-ਸੰਤ 'ਮਹਾਂਪੁਰਸ਼' ਹਰ ਥਾਂ ਮੌਜੂਦ ਹਨ, ਜਿਹੜੇ ਸ਼ਰਧਾਲੂਆਂ ਦੀ ਕਿਰਤ ਕਮਾਈ ਵਿੱਚੋਂ ਦਾਨ ਦੇ ਰੂਪ 'ਚ ਲਏ ਜਾਂਦੇ ਚੜ੍ਹਾਵਿਆਂ ਦੇ ਸਹਾਰੇ ਐਸ਼ਪ੍ਰਸਤ ਜ਼ਿੰਦਗੀ ਬਸਰ ਕਰਦੇ ਹਨ। ਲੋਕਾਂ ਦੀ ਕਿਰਤ ਕਮਾਈ ਉੱਪਰ ਜਿਉਂ ਰਹੇ ਇਹ 'ਮਹਾਂਪੁਰਸ਼' ਲੋਕਾਂ ਨੂੰ ਮੁਕਤੀ ਦੇ ਨਾਂ 'ਤੇ, ਉਹਨਾਂ ਨੂੰ ਮੌਤ ਉਪਰੰਤ ਅਖੌਤੀ ਸਵਰਗ ਵਿੱਚ ਭੇਜਣ ਦਾ ਦਾਅਵਾ ਕਰਦੇ ਹਨ।

ਭਾਵੇਂ ਸਾਡੇ ਦੇਸ਼ ਦਾ ਸੰਵਿਧਾਨ ਅਜਿਹੇ ਕਿਸੇ ਵੀ ਤਰ੍ਹਾਂ ਦੇ ਅੰਧਵਿਸ਼ਵਾਸ਼ ਫੈਲਾਉਣ ਦੀ ਆਗਿਆ ਨਹੀਂ ਦਿੰਦਾ ਅਤੇ ਹਰ ਨਾਗਰਿਕ ਨੂੰ ਵਿਗਿਆਨਿਕ ਵਿਚਾਰਾਂ ਦਾ ਧਾਰਨੀ ਬਣਨ ਅਤੇ ਇਹਨਾਂ ਨੂੰ ਪ੍ਰਫੁੱਲਿਤ ਕਰਨ ਦਾ ਪਾਬੰਦ ਬਣਾਉਂਦਾ ਹੈ ਪਰ ਇਸ ਦੇ ਬਾਵਜੂਦ ਵੀ ਕਰਾਮਾਤੀ ਗੈਰ ਵਿਗਿਆਨਿਕ ਪ੍ਰਚਾਰ, ਸੰਵਿਧਾਨ ਦੀ ਪਾਲਣਾ ਕਰਨ ਦੀ ਸੌਂਹ ਖਾ ਕੇ ਰਾਜ ਗੱਦੀਆਂ ਸਾਂਭਣ ਵਾਲੇ ਰਾਜਨੀਤੀਵਾਨਾਂ/ਹਾਕਮਾਂ ਦੀ ਛਤਰਛਾਇਆ ਹੇਠ ਨਿਰੰਤਰ ਜਾਰੀ ਹੈ। ਕਿਸੇ ਧਰਮ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਇੱਕ ਦਾ ਨਿੱਜੀ ਮਾਮਲਾ ਹੈ ਅਤੇ ਸੰਵਿਧਾਨਕ ਤੌਰ 'ਤੇ ਕਿਸੇ ਧਰਮ ਵਿਸ਼ੇਸ਼ ਲਈ ਸਰਕਾਰੀ ਖਜਾਨੇ ਵਿੱਚੋਂ ਪੈਸਾ ਖਰਚ ਕਰਨਾ ਵਰਜਿਤ ਹੈ ਪਰ ਇਸ ਦੇ ਬਾਵਜੂਦ ਵੀ ਧਰਮਾਂ ਦੇ ਸੰਬੰਧ 'ਚ ਸਰਕਾਰੀ ਸਰਪ੍ਰਸਤੀ ਅਤੇ ਖਜ਼ਾਨੇ ਦੀ ਵਰਤੋਂ ਅਕਸਰ ਹੀ ਵੇਖਣ ਨੂੰ ਮਿਲਦੀ ਹੈ। ਹੁਣੇ ਹੀ ਸਭ ਦੇ ਸਾਹਮਣੇ, ਜਦੋਂ ਇੱਕ ਪਾਸੇ ਦੇਸ਼ ਦੇ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਰੋਹ ਦੌਰਾਨ ਅਨੇਕਾਂ ਹੀ ਅਜਿਹੇ ਸਾਧਾਂ ਸੰਤਾਂ ਦਾ ਸੁਆਗਤ ਸਰਕਾਰੀ ਸਟੇਜ ਤੋਂ ਬੜੀ ਧੂਮ ਧਾਮ ਨਾਲ ਕੀਤਾ ਗਿਆ, ਜਿਹਨਾਂ ਦਾ ਦੇਸ਼ ਦੀ ਤਰੱਕੀ ਵਿੱਚ ਭੋਰਾ ਭਰ ਵੀ ਕੋਈ ਯੋਗਦਾਨ ਨਹੀਂ ਹੈ ਪਰ ਦੂਜੇ ਪਾਸੇ ਉਸੇ ਵੇਲੇ ਦੇਸ਼ ਦਾ ਮਾਣ ਵਧਾਉਣ ਅਤੇ ਨਾਮ ਰੌਸ਼ਨ ਕਰਨ ਲਈ ਖੂਨ ਪਸੀਨਾ ਇੱਕ ਕਰਕੇ ਮੈਡਲ ਪ੍ਰਾਪਤ ਕਰਨ ਵਾਲੀਆਂ ਪਹਿਲਵਾਨ ਲੜਕੀਆਂ ਨਾਲ ਦਿੱਲੀ ਪੁਲਿਸ ਦੁਆਰਾ ਸੜਕਾਂ 'ਤੇ ਹੁੰਦਾ ਦੁਰ ਵਿਵਹਾਰ ਸਭ ਨੇ ਵੇਖਿਆ। ਇੱਕ ਪਾਸੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀਆਂ ਇਨਸਾਫ ਮੰਗਦੀਆਂ ਲੜਕੀਆਂ ਨੂੰ ਸਜਾ ਅਤੇ ਦੂਜੇ ਪਾਸੇ ਕਿਰਤੀ ਵਰਗ ਦੀ ਖੂਨ ਪਸੀਨੇ ਦੀ ਕਮਾਈ ਨਾਲ ਭਰੇ ਖਜ਼ਾਨੇ ਨਾਲ ਅਖੌਤੀ ਸਾਧਾਂ ਦਾ ਸਤਿਕਾਰ ਦੇਸ਼ ਨੂੰ ਕਿਸ ਪਾਸੇ ਲਿਜਾਵੇਗਾ, ਗੰਭੀਰਤਾ ਨਾਲ ਵਿਚਾਰਨ ਦੀ ਮੰਗ ਕਰਦਾ ਹੈ।

ਮੰਤਰਾਂ ਦੀ ਸ਼ਕਤੀ ਦਾ ਵਿਖਿਆਨ ਕਰਨ ਵਾਲੇ ਨਾਂਗਿਆਂ, ਪਾਂਡਿਆਂ, ਬ੍ਰਾਹਮਣਵਾਦੀਆਂ ਅਤੇ ਰਿੱਧੀਆਂ ਸਿੱਧੀਆਂ ਦਾ ਝੂਠਾ ਭੰਡੀ ਪ੍ਰਚਾਰ ਕਰਨ ਵਾਲਿਆਂ ਕੋਲ ਅੱਜ

ਵੀ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਕਿ ਜਦੋਂ ਇਹਨਾਂ ਦੇ ਵਡੇਰੇ ਮਹਿਮੂਦ ਗਜਨਵੀ ਵਰਗੇ ਧਾੜਵੀਆਂ ਦਾ ਮੁਕਾਬਲਾ ਆਪਣੇ ਮੰਤਰਾਂ ਦੇ ਜਾਪ ਦੀ ਸ਼ਕਤੀ ਨਾਲ ਕਰਨ ਦਾ ਦਾਅਵਾ ਕਰ ਰਹੇ ਸਨ, ਓਦੋਂ ਕੀ ਵਾਪਰਿਆ? ਉਹ ਗਜਨਵੀ ਦੀਆਂ ਫੌਜਾਂ ਨੂੰ ਅੰਨ੍ਹਿਆਂ ਕਰਨ, ਭਸਮ ਕਰਨ ਦੇ ਅਡੰਬਰ ਅਤੇ ਦਾਅਵੇ ਕਰਦੇ ਰਹੇ, ਪਰ ਫੌਜਾਂ ਮੰਦਰਾਂ ਦਾ ਧਨ ਦੌਲਤ, ਸੋਨਾ, ਚਾਂਦੀ ਲੁੱਟਕੇ ਉਹਨਾਂ ਦੇ ਸਾਹਮਣੇ ਹੀ ਲੈ ਜਾਂਦੀਆਂ ਰਹੀਆਂ, ਪਰ ਇਹਨਾਂ ਦੇ ਮੰਤਰ ਕਿਸੇ ਕੰਮ ਨਾ ਆਏ ਸਗੋਂ ਅਜਿਹੇ ਸਾਰੇ ਅਡੰਬਰ ਦੇਸ਼ ਦੀ ਬਰਬਾਦੀ ਕਰਨ ਦਾ ਸਾਧਨ ਬਣਦੇ ਰਹੇ। ਅੱਜ ਵੀ ਸਾਡੇ ਸਿਆਸਤਦਾਨ/ ਹਾਕਮ ਇਹਨਾਂ ਵਰਤਾਰਿਆਂ ਤੋਂ ਸਬਕ ਨਾ ਸਿੱਖਕੇ ਅਜਿਹੇ ਵਿਹਲੜ ਪੁਜਾਰੀ ਵਰਗ ਦੇ ਅਡੰਬਰਾਂ ਨੂੰ ਬੰਦ ਕਰਨ ਦੀ ਭੂਮਿਕਾ ਨਿਭਾਉਣ ਦੀ ਥਾਂ ਉਹਨਾਂ ਨੂੰ ਹੋਰ ਉਤਸ਼ਾਹਿਤ ਕਰਨ ਦਾ ਵਸੀਲਾ ਬਣ ਰਹੇ ਹਨ। ਕੀ ਦੇਸ ਦੀ ਤਰੱਕੀ ਦਾ ਅਜਿਹੇ ਵਰਤਾਰਿਆਂ ਨਾਲ ਕੋਈ ਸੰਬੰਧ ਹੈ? ਇਸ ਸਾਰੀ ਖੇਡ ਦੇ ਪਿੱਛੇ ਜੋ ਅਸਲੀਅਤ ਸਮਝਣ ਵਾਲੀ ਹੈ, ਉਸ ਬਾਰੇ ਦੇਸ਼ ਦੀ ਦੁੱਖ ਸੰਤਾਪ ਭੋਗ ਰਹੀ ਵੱਡੀ ਗਿਣਤੀ ਜਨਸੰਖਿਆ ਦਾ ਇਸਨੂੰ ਸਮਝਣਾ ਬੇਹੱਦ ਜਰੂਰੀ ਹੈ।

ਧਰਮਾਂ ਦੀ ਸਿਆਸਤ ਨੇ ਇਸ ਵੱਡੀ ਗਿਣਤੀ ਲੋਕਾਂ ਨੂੰ ਦੰਗੇ ਫਸਾਦਾਂ ਦੀ ਭਰਾ ਮਾਰ ਜੰਗ ਦੀ ਕਤਲੋਗਾਰਦ ਤੋਂ ਬਿਨ੍ਹਾਂ ਹੁਣ ਤੱਕ ਦਿੱਤਾ ਹੀ ਕੀ ਹੈ? 1947 ਵਿੱਚ ਧਰਮ ਅਧਾਰਤ ਦੇਸ ਦੀ ਵੰਡ ਸਮੇਂ ਅਨੇਕਾਂ ਲੋਕਾਂ ਦੇ ਕਤਲ, ਔਰਤਾਂ ਦੀਆਂ ਬੇਪਤੀਆਂ, ਬੱਚਿਆਂ ਨੂੰ ਲਾਵਾਰਸੀ ਤੇ ਘਰਾਂ ਦੇ ਉਜਾੜੇ ਤੋਂ ਬਿਨ੍ਹਾਂ ਕੀ ਮਿਲਿਆ? ਦੂਜੇ ਪਾਸੇ ਦੋਨਾਂ ਮੁਲਕਾਂ ਦੇ ਧਰਮਾਂ ਅਧਾਰਤ ਲੀਡਰਾਂ ਨੂੰ ਰਾਜ ਗੱਦੀਆਂ ਪ੍ਰਾਪਤ ਹੋਈਆਂ। ਇਸੇ ਤਰ੍ਹਾਂ ਗੁਜਰਾਤ ਅਤੇ ਦਿੱਲੀ ਸਮੇਤ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ, ਧਰਮਾਂ ਦੇ ਆਗੂਆਂ ਦੀ ਸੌੜੀ ਅਤੇ ਇਨਸਾਨੀਅਤ ਵਿਰੋਧੀ ਵਿਚਾਰਧਾਰਾ ਹੀ ਮਨੁੱਖੀ ਕਤਲੇਆਮ ਦਾ ਮੁੱਖ ਕਾਰਣ ਬਣੀ ਅਤੇ ਰਾਜ ਕਰਦੀ ਸ਼੍ਰੇਣੀ ਨੇ ਬੇਕਸੂਰ ਲੋਕਾਂ ਦਾ ਖ਼ੂਨ ਵਹਾਕੇ ਆਪਣੀਆਂ ਰਾਜ ਗੱਦੀਆਂ ਪੱਕੀਆਂ ਕੀਤੀਆਂ। ਇਸ ਤੋਂ ਸਪੱਸ਼ਟ ਹੈ ਕਿ ਲੋਕਾਂ ਦੀ ਅਗਿਆਨਤਾ ਕਾਰਣ ਰਾਜ ਸੱਤਾ ਹਥਿਆਉਣ ਵਾਲਿਆਂ ਦੀ ਗੰਦੀ ਰਾਜਨੀਤੀ ਰਾਹੀਂ, ਲੋਕਾਂ ਦੇ ਧਰਮ ਪ੍ਰਤੀ ਜਜਬਾਤਾਂ ਨੂੰ ਰਾਜ ਗੱਦੀ ਤੱਕ ਪਹੁੰਚਣ ਲਈ ਪੌੜੀ ਵਜੋਂ ਵਰਤਿਆ ਜਾਂਦਾ ਹੈ।

ਹਰ ਧਰਮ ਦਾ ਪੁਜਾਰੀ ਵਰਗ ਅਤੇ ਸਿਆਸੀ ਵਰਗ ਇਹ ਭਲੀ ਭਾਂਤ ਜਾਣਦਾ ਹੈ ਕਿ ਕਿਸੇ ਵੀ ਧਰਮ ਦੇ ਜੰਤਰ-ਮੰਤਰ ਅਤੇ ਪਾਠ ਪੂਜਾ ਨਾਲ ਨਾ ਤਾਂ ਕਿਸੇ ਮਨੁੱਖ ਦਾ ਕੁੱਝ ਸੰਵਾਰਿਆ ਜਾ ਸਕਦਾ ਹੈ ਅਤੇ ਨਾ ਹੀ ਵਿਗਾੜਿਆ ਜਾ ਸਕਦਾ ਹੈ। ਸਿਰਫ਼ ਉਸ ਦੀ ਧਰਮ ਪ੍ਰਤੀ ਰੂੜੀ ਵਾਦੀ ਵਿਚਾਰਧਾਰਾ ਅਤੇ ਅਗਿਆਨਤਾ ਨੂੰ ਆਪਣੇ ਪੱਖ ਵਿੱਚ ਵਰਤਿਆ ਜਰੂਰ ਜਾ ਸਕਦਾ ਹੈ। ਇਸੇ ਕਰਕੇ ਆਮ ਜਨਤਾ ਨੂੰ ਇਸ ਜਾਲ ਵਿੱਚ ਉਲਝਾ ਕੇ ਰੱਖਣਾ ਦੋਵੇਂ ਧਿਰਾਂ (ਹਾਕਮ ਵਰਗ ਅਤੇ ਪੁਜਾਰੀ ਵਰਗ) ਦੀ ਇਸ ਕਰਕੇ ਲੋੜ ਹੈ, ਕਿਉਂਕਿ ਦੋਵਾਂ ਦੀ ਹੋਂਦ ਲੋਕਾਂ ਨੂੰ ਰੂੜ੍ਹੀਵਾਦੀ ਅੰਧਵਿਸ਼ਵਾਸਾਂ ਵਿੱਚ ਉਲਝਾਈ ਰੱਖਣ ਨਾਲ ਹੀ ਬਰਕਰਾਰ ਰਹਿੰਦੀ ਹੈ। ਇਹਨਾਂ ਨੂੰ ਪਤਾ ਹੈ ਕਿ ਲੋਕ ਜਿੰਨੇ ਵੱਧ ਅਨਪੜ੍ਹ, ਅੰਧਵਿਸ਼ਵਾਸੀ ਅਤੇ ਕਿਸਮਤਵਾਦੀ ਬਣੇ ਰਹਿਣਗੇ, ਉਨ੍ਹੇ ਹੀ ਸਰਕਾਰਾਂ ਲਈ ਘੱਟ ਸਿਰਦਰਦੀ ਬਨਣਗੇ। ਇਸੇ ਕਰਕੇ ਸਰਕਾਰਾਂ ਅਤੇ ਸਾਧਾਂ ਸੰਤਾਂ ਦੀ ਸਾਂਝ ਭਿਆਲੀ ਯੋਜਨਾਬੱਧ ਢੰਗ ਨਾਲ ਲੋਕਾਂ ਨੂੰ ਮੂਰਖ ਬਣਾਕੇ ਰੱਖਣ ਲਈ ਕਾਇਮ ਹੈ। ਲੋਕਾਂ ਦੇ ਰੂੜ੍ਹੀਵਾਦੀ ਤੇ ਕਿਸਮਤਵਾਦੀ ਵਿਚਾਰ ਬਣਾਈ ਰੱਖਣ ਲਈ ਪੁਜਾਰੀ ਵਰਗ ਹਰ ਧਾਰਮਿਕ ਅਦਾਰੇ ਵਿੱਚ ਬਿਰਾਜਮਾਨ ਹੈ। ਇਹਨਾਂ ਵੱਲੋਂ ਦਿੱਤੇ ਜਾ ਰਹੇ ਉਪਦੇਸ਼ਾਂ ਅਨੁਸਾਰ ਜੇ ਲੋਕ ਆਪਣੀ ਜ਼ਿੰਦਗੀ ਦੇ ਮਾੜੇ ਹਾਲਾਤਾਂ ਨੂੰ ਆਪਣੀ ਕਿਸਮਤ ਵਿੱਚ ਲਿਖਿਆ ਸਮਝਦੇ ਰਹਿਣਗੇ, ਤਾਂ ਉਹਨਾਂ ਦੀ ਮਾੜੀ ਜ਼ਿੰਦਗੀ ਲਈ ਜ਼ਿੰਮੇਵਾਰ ਰਾਜ ਪ੍ਰਬੰਧ ਚਲਾ ਰਹੀਆਂ ਸਰਕਾਰਾਂ ਆਪਣੀ ਜ਼ੁੰਮੇਵਾਰੀ ਪ੍ਰਤੀ ਜਵਾਬਦੇਹੀ ਤੋਂ ਮੁਕਤ ਹੁੰਦੀਆਂ ਰਹਿਣਗੀਆਂ। ਇਸ ਤਰ੍ਹਾਂ ਪੁਜਾਰੀ ਵਰਗ ਅਤੇ ਸਰਕਾਰਾਂ ਇੱਕ ਦੂਜੇ ਦੇ ਪੂਰਕ ਬਣਕੇ ਚੱਲ ਰਹੇ ਹਨ।

ਹੁਣ ਜੇਕਰ ਕੁੱਝ ਲੋਕ ਵਿਚਾਧਾਰਕ ਤੌਰ 'ਤੇ ਇਸ ਖੇਡ ਨੂੰ ਸਮਝਣ ਲੱਗੇ ਹਨ ਤਾਂ ਸਰਕਾਰ ਵੱਲੋਂ ਵਿੱਦਿਅਕ ਸਿਲੇਬਸ ਵਿੱਚੋਂ ਵਿਗਿਆਨਿਕ ਸੋਝੀ ਦੇਣ ਵਾਲੇ ਹਿੱਸੇ ਹੀ ਕੱਢੇ ਜਾ ਰਹੇ ਹਨ ਤਾਂ ਕਿ ਪੜ੍ਹ ਕੇ ਲੋਕਾਂ ਦਾ ਸੋਚਣ ਢੰਗ ਵਿਕਸਤ ਨਾ ਹੋ ਸਕੇ। ਉਹਨਾਂ ਵੱਲੋਂ ਪੜ੍ਹਾਈ ਨੂੰ ਇਸ ਤਰ੍ਹਾਂ ਦਾ ਬਣਾਇਆ ਜਾ ਰਿਹਾ ਹੈ ਜੋ ਕਿ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਲੇਬਰ ਮਹੱਈਆ ਕਰਵਾਉਣ ਦਾ ਮੰਤਵ ਹੀ ਪੂਰਾ ਕਰੇ। ਇਸ ਤਰ੍ਹਾਂ ਰੂੜ੍ਹੀਵਾਦੀ ਵਿਚਾਰਾਂ ਦਾ ਬੋਲਬਾਲਾ ਬਰਕਰਾਰ ਰੱਖਣ ਦੇ ਸਰਕਾਰੀ ਯਤਨ ਜਾਰੀ ਹਨ ਜਿਸ ਦਾ ਤਰੱਕੀ ਪਸੰਦ ਲੋਕਾਂ ਵੱਲੋਂ ਵਿਰੋਧ ਵੀ ਜਾਰੀ ਹੈ ਜੋ ਚੰਗੇ ਭਵਿੱਖ ਦੇ ਸੰਕੇਤ ਵਜੋਂ ਓਦੋਂ ਤੱਕ ਜਾਰੀ ਰਹਿਣਾ ਜਰੂਰੀ ਹੈ, ਜਦੋਂ ਤੱਕ ਮਨੁੱਖ ਦੇ ਹਰ ਪੱਖ ਤੋਂ ਅੰਧਵਿਸ਼ਵਾਸ ਵਿੱਚ ਜਕੜੇ ਰੂੜ੍ਹੀਵਾਦੀ ਵਿਚਾਰ ਸਹੀ ਉਸਾਰੂ ਦਿਸ਼ਾ ਵੱਲ ਮੋੜਾ ਨਹੀਂ ਕੱਟ ਲੈਂਦੇ।

**98151-69825**

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ।**

# "ਤੁਹਾਡੀ ਜ਼ਿੰਦਗੀ ਤੁਹਾਡੇ ਵਿਚਾਰਾਂ ਦਾ ਪ੍ਰਗਟਾਵਾ ਹੁੰਦੀ ਹੈ।" - ਉੱਤਮ ਨਿਰੌਲਾ

**ਨੇਪਾਲ ਦੇ ਮਾਨਵਤਾਵਾਦੀ**



ਉੱਤਮ ਨਿਰੌਲਾ ਨੇਪਾਲ ਦੇ ਮਾਨਵਤਾਵਾਦੀ ਹਨ ਜੋ ਹਿਊਮਨਿਸਟ ਇੰਟਰਨੈਸ਼ਨਲ ਦੇ ਬੋਰਡ ਦੇ ਮੈਂਬਰ ਰਹੇ ਹਨ। ਨੇਪਾਲ ਦੀ ਸੁਸਾਇਟੀ ਫਾਰ ਹਿਊਮਨਿਜ਼ਮ ਦੇ ਸੰਸਥਾਪਕ ਹਨ। ਨੇਪਾਲ ਨੂੰ ਹਿੰਦੂ ਰਾਸ਼ਟਰ ਤੋਂ ਧਰਮ ਨਿਰਪੱਖ ਰਾਸ਼ਟਰ ਬਣਾਉਣ ਵਿੱਚ ਉਹਨਾਂ ਦਾ ਰਾਜਨੀਤਕ ਦਖਲ ਰਿਹਾ ਹੈ। ਉਹ ਬਰਨਾਲਾ ਵਿਖੇ ਹੋਈ F.I.R.A. ਕਾਨਫਰੰਸ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਉਨ੍ਹਾਂ ਨਾਲ ਇਨ-ਸਾਈਟ ਪਬਲਿਸ਼ਿੰਗ ਦੇ ਪ੍ਰਬੰਧਕ ਸਕਾਟ ਡਗਲਸ ਵੱਲੋਂ ਕੀਤੀ ਮੁਲਾਕਾਤ ਦੇ ਅੰਸ਼:

**? ਤੁਸੀਂ ਧਰਮ ਦਾ ਰਾਹ ਛੱਡ ਕੇ ਮਾਨਵਤਾਵਾਦ ਵੱਲ ਆਏ। ਕੀ ਤੁਹਾਡਾ ਕੋਈ ਅਜਿਹਾ ਪਰਿਵਾਰਕ ਪਿਛੋਕੜ ਸੀ?**

– ਬਿਲਕੁਲ ਵੀ ਨਹੀਂ। ਮੇਰਾ ਪਿਤਾ ਪਿੰਡ ਦੇ ਮੰਦਰ ਦਾ ਮਸ਼ਹੂਰ ਪੁਜਾਰੀ ਸੀ। ਮੈਂ ਚਾਰ ਸਾਲ ਦਾ ਸੀ ਜਦੋਂ ਉਨ੍ਹਾਂ ਦੀ ਮੌਤ ਹੋ ਗਈ। ਮੇਰੀ ਮਾਂ ਵੀ ਬਹੁਤ ਧਾਰਮਿਕ ਹੈ। ਇਸ ਤਰ੍ਹਾਂ ਮੈਂ ਇਕ ਹਿੰਦੂ ਪਰਿਵਾਰ ਵਿੱਚ ਪੈਦਾ ਹੋਇਆ ਹਿੰਦੂ ਬੱਚਾ ਸੀ। ਮੈਂ ਹਿੰਦੂ ਮੰਤਰਾਂ ਦਾ ਜਾਪ ਕਰਦਾ ਸੀ। ਮੇਰਾ 'ਪ੍ਰਭੂ' ਵਿੱਚ ਅਥਾਹ ਭਰੋਸਾ ਸੀ।

**? ਤੁਸੀਂ ਮਾਨਵਤਾਵਾਦ ਵੱਲ ਕਿਵੇਂ ਪਰਤੇ?**

– ਮੇਰੀ ਇੱਕ ਸਕੂਲ ਦੀ ਮਿੱਤਰ ਸੀ-ਬਿਸਵਾ ਮੁੰਨਾ ਸ਼ਾਹ। ਸੈਕੰਡਰੀ ਸਕੂਲ ਦੀ ਪੜ੍ਹਾਈ ਤੋਂ ਬਾਅਦ ਅਸੀਂ ਅਲਗ ਅਲਗ ਹੋ ਗਏ। 2001 ਵਿੱਚ ਅਸੀਂ ਕਾਠਮੰਡੂ ਦੀ ਭੀੜ ਭਾੜ ਵਾਲੀ ਜਗ੍ਹਾ 'ਤੇ ਅਚਾਨਕ ਮਿਲ ਗਏ। ਅਸੀਂ ਬਚਪਨ ਅਤੇ ਸਕੂਲ ਦੇ ਸਮੇਂ ਦੀਆਂ ਕਾਫੀ ਗੱਲਾਂ ਕੀਤੀਆਂ। ਉਹ ਮਾਨਵਤਾਵਾਦੀ ਸੰਸਥਾ ਵਿਚ ਸਰਗਰਮ ਸੀ ਅਤੇ ਮੈਨੂੰ ਵੀ ਕਿਸੇ ਦਿਨ ਇੱਕ ਵਾਰ ਆਉਣ ਲਈ ਕਿਹਾ। ਮੈਨੂੰ ਮਾਨਵਤਾਵਾਦ ਬਾਰੇ ਸਮਝ ਬਣਾਉਣ ਦਾ ਮੌਕਾ ਮਿਲਿਆ। ਅਖੀਰ ਮੈਂ ਆਪਣੀ ਆਉਣ ਵਾਲੀ ਜ਼ਿੰਦਗੀ ਨੂੰ ਆਜਾਦ ਅਤੇ ਭੈਅ ਮੁਕਤ ਬਣਾਉਣ ਦਾ ਫੈਸਲਾ ਕਰ ਲਿਆ। ਮੈਨੂੰ ਜਾਪਿਆ ਜਿਵੇਂ ਮੈਂ ਜ਼ਿੰਦਗੀ ਵਿੱਚ ਕਾਲਪਨਿਕ ਪਾਪਾਂ ਤੋਂ ਮੁਕਤ ਹੋ ਰਿਹਾ ਹਾਂ।

**? ਤੁਹਾਨੂੰ ਆਪਣੇ ਤਜਰਬੇ ਤੋਂ ਲੋਕਾਂ ਦੇ ਮਾਨਵਤਾਵਾਦੀ ਬਣਨ ਦਾ ਮੁੱਖ ਕਾਰਨ ਕੀ ਜਾਪਦਾ ਹੈ ?**

– ਮੈਨੂੰ ਲਗਦਾ ਹੈ ਕਿ ਧਰਮ ਬੰਦੇ ਨੂੰ ਬਹੁਤ ਸਾਰੇ ਪੁਰਾਤਨ ਸੰਸਕਾਰਾਂ ਵਿੱਚ ਬੰਨ੍ਹ ਕੇ ਰੱਖਦਾ ਹੈ। ਇਸ ਨਾਲ ਉਹ ਬਹੁਤ ਸਾਰੇ ਕਰਮਕਾਂਡਾਂ ਅਤੇ ਵਹਿਮਾਂ ਭਰਮਾਂ ਵਿੱਚ ਜਕੜਿਆ ਰਹਿੰਦਾ ਹੈ। ਇਹ ਸਥਿਤੀ ਆਮ ਬੰਦੇ ਲਈ ਨੁਕਸਾਨਦਾਇਕ ਪਰ ਪੁਜਾਰੀ ਵਰਗ ਲਈ ਲਾਭਦਾਇਕ ਹੈ। ਮਨੁੱਖਤਾਵਾਦੀ ਹੋਣਾ ਮੇਰੇ ਲਈ ਆਪਣੀ ਮਰਜ਼ੀ ਦੀ ਸੱਚੀ ਸੁੱਚੀ ਜ਼ਿੰਦਗੀ ਜਿਊਣਾ ਹੈ।

**? ਆਪਣੇ ਵਰਗੇ ਲੋਕਾਂ ਦੀ ਸੰਗਤ ਦਾ ਲਾਭ ਲੈਣ ਦਾ ਤਜਰਬਾ ਕਿਸ ਤਰ੍ਹਾਂ ਦਾ ਸੀ?**

– ਨੇਪਾਲੀ ਸਮਾਜ ਇੱਕ ਹਿੰਦੂ ਸਮਾਜ ਹੈ। ਆਮ ਤੌਰ 'ਤੇ ਉਹ ਬੁੱਧ ਦਾ ਵੀ ਸਤਿਕਾਰ ਕਰਦੇ ਹਨ। ਇਹ ਗੱਲ ਦਿਲਚਸਪ ਹੈ ਕਿ ਸੱਭਿਆਤਾਵਾਂ ਦੇ ਜਨਮ ਤੋਂ ਹੀ ਨਾਸਤਿਕਤਾ ਉਹਨਾਂ ਦੇ ਨਾਲ ਹੈ। ਕੋਈ 3000 ਸਾਲਾਂ ਤੋਂ। ਗੁਰੂ ਬ੍ਰਹਸਪਤੀ, ਗੌਤਮ ਬੁਧ, ਗੁਰੂ ਕਪਿਲ ਨੇ ਪਰਮਾਤਮਾ ਦੀ ਹੋਂਦ 'ਤੇ ਸਵਾਲ ਕੀਤਾ। ਜਿਥੋਂ ਤੱਕ ਮੇਰੇ ਤਜਰਬੇ ਦਾ ਸਵਾਲ ਹੈ ਅਸੀਂ ਆਪਣੇ ਵਰਗੇ ਲੋਕ ਲੱਭਣ ਲਈ ਨੇਪਾਲ ਵਿੱਚ "ਸੋਚ" (SOC.H.*) ਨਾਮ ਦੀ ਸੰਸਥਾ ਬਣਾਈ। ਸ਼ੁਰੂ ਵਿੱਚ ਆਪਣੇ ਆਪ ਨੂੰ ਮਾਨਵਤਾਵਾਦੀ ਕਹਿਣ ਵਾਲੇ ਸਿਰਫ਼ ਸੱਤ ਲੋਕ ਸਾਡੇ ਨਾਲ ਜੁੜੇ। ਫਿਰ ਅਸੀਂ ਕਾਲਜਾਂ ਵਿਚ ਸੈਮੀਨਾਰ ਤੇ ਵਿਚਾਰ ਚਰਚਾਵਾਂ ਆਰੰਭ ਕੀਤੀਆਂ, ਮਾਨਵਤਾਵਾਦ ਸੰਬੰਧੀ ਮੈਟਰ ਛਾਪ ਕੇ ਲੋਕਾਂ ਵਿੱਚ ਵੰਡਿਆ। ਹੌਲੀ-ਹੌਲੀ ਸਾਡੀ ਗਿਣਤੀ ਵਧਣ ਲਗੀ। ਇਸ ਵੇਲੇ ਸੋਚ ਪਰਿਵਾਰ ਨਾਲ 2000 ਤੋਂ ਵੱਧ ਲੋਕ ਜੁੜੇ ਹੋਏ ਹਨ। ਦਿਲਚਸਪ ਗਲ ਇਹ ਹੈ ਕਿ ਧਾਰਮਿਕ ਲੋਕ ਵੀ ਸਾਡੇ ਨਾਲ ਆਪਣਾ ਸਮਰਥਨ ਪ੍ਰਗਟ ਕਰਦੇ ਹਨ। ਮਾਨਵਤਾਵਾਦ ਨੇਪਾਲੀ ਸਮਾਜ ਦੇ ਚੰਗੇ ਭਵਿਖ ਦੀ ਜਮ੍ਹਾਂ ਪੂੰਜੀ ਹੈ।

**? ਤੁਸੀਂ ਹਿਊਮਨਿਸਟ ਇੰਟਰਨੈਸਨਲ ਬੋਰਡ ਦੇ ਮੈਂਬਰ ਹੋ। ਤੁਸੀਂ ਇਸ ਸੰਸਥਾ ਨਾਲ ਕਿਵੇਂ ਜੁੜੇ?**

– ਮੈਂ ਬਹੁਤ ਸ਼ਾਂਤੀ ਪਸੰਦ ਹਾਂ। ਕੋਈ ਫੈਸਲਾ ਲੈਣ ਤੋਂ ਪਹਿਲਾਂ ਮੈਂ ਬਹੁਤ ਸੋਚਦਾ ਹਾਂ। ਨਾਲ ਜੁੜਨ ਤੋਂ ਪਹਿਲਾਂ ਮੈਂ "ਯੰਗ ਹਿਊਮਨਿਸਟ ਇੰਟਰਨੈਸ਼ਨਲ" ਦੇ ਕਈ ਅਹੁਦਿਆਂ 'ਤੇ ਕੰਮ ਕਰ ਚੁੱਕਾ ਸੀ। ਉੱਥੇ ਮੇਰਾ ਕਾਰਜਕਾਲ ਪੂਰਾ ਹੋਣ 'ਤੇ ਮੈਂ ਇਸ ਵਿਚ ਕੰਮ ਕਰਨ ਦਾ ਮਨ ਬਣਾਇਆ ਪਰ ਮੈਨੂੰ ਯਕੀਨ ਨਹੀਂ ਸੀ ਕਿ ਮੈਂ ਬੋਰਡ ਮੈਂਬਰ ਚੁਣਿਆ ਜਾਵਾਂਗਾ ਪਰ ਜਦੋਂ ਮੈਨੂੰ ਬੋਰਡ ਮੈਂਬਰ ਚੁਣਿਆ ਗਿਆ ਤਾਂ ਮੈਨੂੰ ਬਹੁਤ ਖੁਸ਼ੀ ਹੋਈ।

**? ਬੋਰਡ ਮੈਂਬਰ ਦੇ ਤੌਰ 'ਤੇ ਤੁਹਾਡੇ ਕੀ ਕੰਮ ਅਤੇ**

ਜ਼ਿੰਮੇਵਾਰੀਆਂ ਹਨ ?

– ਇਹ ਆਜ਼ਾਦ ਚਿੰਤਕਾਂ ਦੀ, ਵਿਗਿਆਨੀਆਂ ਦੀ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਨ ਵਾਲਿਆਂ ਦੀ ਇੱਕ ਵਿਸ਼ਵ ਵਿਆਪਕ ਸੰਸਥਾ ਹੈ। ਮੈਂ ਮੁੱਖ ਤੌਰ 'ਤੇ ਦੱਖਣੀ ਏਸ਼ੀਆ ਵਿੱਚ ਛੂਆ ਛੂਤ ਵਰਗੇ ਗੰਭੀਰ ਮੁੱਦੇ 'ਤੇ ਧਿਆਨ ਕੇਂਦਰਿਤ ਕਰ ਰਿਹਾ ਹਾਂ।

**? ਮਨੁੱਖਤਾਵਾਦ ਨੂੰ ਤੁਸੀਂ ਇੱਕ ਵਿਆਪਕ ਦਰਸ਼ਨ ਦੇ ਤੌਰ 'ਤੇ ਕਿਵੇਂ ਦੇਖਦੇ ਹੋ ?**

– ਮੇਰੇ ਮੁਤਾਬਿਕ ਮਨੁੱਖਤਾਵਾਦ ਦੀ ਪਰਿਭਾਸ਼ਾ ਮਨੁੱਖਤਾਵਾਦ ਨੂੰ ਸਮਝਣ ਲਈ ਕਾਫੀ ਹੈ। ਇਹ ਪੂਰੀ ਦੁਨੀਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਮੁਦਈ ਹੈ। ਇਹ ਮਨੁੱਖ ਦੀ ਧਰਮ, ਜਾਤ, ਇਲਾਕੇ ਆਦਿ ਤੋਂ ਉਪਰ ਉੱਠ ਕੇ ਬਰਾਬਰੀ ਦੀ ਹੋਂਦ ਦੀ ਗੱਲ ਕਰਦੀ ਹੈ ।

**? ਅਸੀਂ ਮਨੁੱਖਤਾਵਾਦ ਅਤੇ ਇਸ ਦੇ ਏਕਤਾ, ਵਿਗਿਆਨਕ ਸੋਚ ਅਤੇ ਤਰਕ ਦੇ ਜਜ਼ਬੇ ਨੂੰ ਕਿਵੇਂ ਅੰਤਰਰਾਸ਼ਟਰੀ ਪੱਧਰ 'ਤੇ ਫੈਲਾ ਸਕਦੇ ਹਾਂ ?**

– ਹੁਣ ਦਾ ਦੌਰ ਸੂਚਨਾ ਅਤੇ ਸੰਚਾਰ ਕ੍ਰਾਂਤੀ ਦਾ ਦੌਰ ਹੈ। ਅੱਜ ਦਾ ਨੌਜਵਾਨ ਵਿਗਿਆਨ ਦੀ ਇਸ ਕਾਢ ਦੀ ਲਗਾਤਾਰ ਵਰਤੋਂ ਕਰ ਰਿਹਾ ਹੈ। ਦੁਨੀਆਂ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿੱਚ ਹੈ। ਸੂਚਨਾ ਸੰਚਾਰ ਕ੍ਰਾਂਤੀ ਸਾਨੂੰ ਮੌਕਾ ਦਿੰਦੀ ਹੈ ਕਿ ਅਸੀਂ ਨੌਜਵਾਨਾਂ ਨੂੰ ਮਾਨਵਤਾਵਾਦ ਨਾਲ ਜੋੜੀਏ। ਸਾਨੂੰ ਨੌਜਵਾਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨਾਲ ਵੀ ਸੰਵਾਦ ਰਚਾਉਣਾ ਚਾਹੀਦਾ ਹੈ ਤਾਂ ਕਿ ਉਹ ਨੌਜਵਾਨਾਂ ਨੂੰ ਸਹੀ ਸੇਧ ਦੇ ਸਕਣ।

**? ਧਰਮ ਦੇ ਸਮਾਜ ਲਈ ਬਹੁਤ ਤਬਾਹਕੁੰਨ ਪ੍ਰਭਾਵ ਹਨ। ਕੀ ਧਰਮ ਵਿੱਚ ਕੁਝ ਹਾਂ ਪੱਖੀ ਵੀ ਹੈ ਜਿਸ ਨੂੰ ਮਾਨਵਤਾਵਾਦ ਵਰਤ ਸਕਦਾ ਹੈ ?**

– ਧਰਮ ਦੇ ਸਮਾਜ ਲਈ ਤਬਾਹਕੁੰਨ ਪ੍ਰਭਾਵ ਬਿਲਕੁਲ ਸਪੱਸ਼ਟ ਹਨ। ਮੌਤ ਤੋਂ ਬਾਅਦ ਸਵਰਗ ਦੀ ਪ੍ਰਾਪਤੀ ਲਈ ਖ਼ੁਦਗਰਜ ਬੰਦਾ ਹੀ ਧਰਮ ਦੇ ਮਾੜੇ ਪ੍ਰਭਾਵ ਨਹੀਂ ਦੇਖ ਸਕਦਾ। ਹਰ ਧਰਮ ਸਮਾਜਿਕ ਨਾ ਬਰਾਬਰੀ ਲਈ ਦੂਜੇ ਧਰਮਾਂ ਨੂੰ ਦੋਸ਼ੀ ਮੰਨਦਾ ਹੈ। ਇਹ ਧਰਮਾਂ ਵਿੱਚ ਨਫ਼ਰਤ ਦਾ ਕਾਰਨ ਬਣਦਾ ਹੈ ਜੋ ਅੱਗੇ ਚੱਲ ਕੇ ਸਮਾਜ ਵਿੱਚ ਹਿੰਸਾ ਪੈਦਾ ਕਰਦਾ ਹੈ। ਵਿਸਵ ਯੁੱਧ ਵਿੱਚ ਮਾਰੇ ਗਏ ਲੋਕਾਂ ਨਾਲੋਂ ਵੱਧ ਲੋਕ ਧਾਰਮਿਕ ਹਿੰਸਾ ਵਿੱਚ ਮਾਰੇ ਗਏ ਹਨ। ਜਿਵੇਂ ਜਿਵੇਂ ਆਮ ਨਾਗਰਿਕ ਇਸ ਗੱਲ ਨੂੰ ਸਮਝ ਰਹੇ ਹਨ ਉਹ ਸੰਗਠਿਤ ਧਰਮ ਤੋਂ ਦੂਰੀ ਬਣਾ ਰਹੇ ਹਨ। ਧਰਮ ਨਿਰਪੱਖ ਤੇ ਆਜ਼ਾਦ ਸਮਾਜ ਲਈ ਨੀਤੀਆਂ ਘੜਨ ਅਤੇ ਫਿਰ ਅਮਲ ਵਿੱਚ ਲਿਆਉਣ ਲਈ ਵੱਡੇ ਸੰਗਠਨ ਬਣਾਉਣ ਦੀ ਜਰੂਰਤ ਹੈ।

**? ਤੁਹਾਡੀਆਂ ਭਵਿੱਖ ਨੂੰ ਲੈ ਕੇ ਕੀ ਯੋਜਨਾਵਾਂ ਹਨ ?**

– ਮੈਂ ਦੱਖਣੀ ਏਸ਼ੀਆਈ ਸਮਾਜ ਵਿਚਲੀ ਛੂਆ ਛੂਤ ਦੀ ਕੁਰੀਤੀ ਦੇ ਖਿਲਾਫ਼ ਪੂਰੀ ਦੁਨੀਆਂ ਵਿੱਚ ਮੁਹਿੰਮ ਚਲਾਉਣਾ ਚਾਹੁੰਦਾ ਹਾਂ। ਦੱਖਣੀ ਏਸ਼ੀਆਂ ਵਿੱਚ ਅਜੇ ਵੀ 20 ਕਰੋੜ ਤੋਂ ਉੱਪਰ ਲੋਕ ਜਾਤੀ ਭੇਦ ਭਾਵ ਕਾਰਣ ਬਦਤਰ ਜ਼ਿੰਦਗੀ ਜੀਅ ਰਹੇ ਹਨ। ਮੈਂ ਇਸ ਬਾਰੇ "ਹਿਉਮਨਿਸਟ ਇੰਟਰਨੈਸ਼ਨਲ" ਦੇ ਪਲੇਟਫਾਰਮ ਤੋਂ ਸੰਯੁਕਤ ਰਾਸ਼ਟਰ ਅਤੇ ਦੂਜੇ ਦੇਸ਼ਾਂ ਵਿੱਚ ਬਣੀਆਂ ਸੰਸਥਾਵਾਂ ਵਿੱਚ ਆਵਾਜ ਉਠਾ ਰਿਹਾ ਹਾਂ।

**? ਅੰਤ ਵਿੱਚ ਤੁਸੀਂ ਕੀ ਕਹਿਣਾ ਚਾਹੋਗੇ ?**

– ਦੁਨੀਆਂ ਵਿੱਚ ਤਿੰਨ ਤਰ੍ਹਾਂ ਦੇ ਲੋਕ ਹਨ-ਧਾਰਮਿਕ ਲੋਕ, ਗੈਰ ਧਾਰਮਿਕ ਜੋ ਸਰਗਰਮ ਹਨ ਅਤੇ ਉਹ ਗੈਰ ਧਾਰਮਿਕ ਜੋ ਚੁੱਪ ਹਨ। ਇਸ ਦੁਨੀਆਂ ਨੂੰ ਜਿਉਣ ਜੋਗੀ ਬਣਾਉਣ ਲਈ ਉਨ੍ਹਾਂ ਲੋਕਾਂ ਨੂੰ ਸਰਗਰਮ ਕਰਨ ਦੀ ਲੋੜ ਹੈ ਜੋ ਤਰਕਸ਼ੀਲ ਹਨ ਪਰ ਚੁੱਪ ਹਨ।

**(* SOCH - SOCIETY FOR HUMANISM)**

**ਏਸ਼ੀਅਨ ਰੈਸ਼ਨਲਿਸਟ ਬ੍ਰਿਟੇਨ ਦੀ ਸੈਂਟਰਲ ਕਮੇਟੀ ਦੀ ਚੋਣ**

3 ਸਤੰਬਰ 2023, ਐਤਵਾਰ ਨੂੰ ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬ੍ਰਿਟੇਨ ਦੀ ਸੈਂਟਰਲ ਕਮੇਟੀ ਦੀ ਮੀਟਿੰਗ ਇੰਗਲੈਂਡ ਦੇ ਸ਼ਹਿਰ ਬਰਮਿੰਘਮ 'ਚ ਹੋਈ ਜਿਸ ਵਿੱਚ ਭਾਗ ਲੈਣ ਲਈ ਸੁਸਾਇਟੀ ਦੇ ਮੈਂਬਰ ਵੱਖ-ਵੱਖ ਸ਼ਹਿਰਾਂ ਤੋਂ ਆਏ ਹੋਏ ਸਨ। ਹੋਰਨਾਂ ਮੁੱਦਿਆਂ ਤੇ ਫ਼ੈਸਲਿਆਂ ਤੋਂ ਇਲਾਵਾ ਇਸ ਮੀਟਿੰਗ ਨੇ ਆਉਣ ਵਾਲੇ ਦੋ ਸਾਲਾਂ ਲਈ ਆਪਣੀ ਨਵੀਂ ਸੈਂਟਰਲ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ।

**ਆਉਣ ਵਾਲੇ ਦੋ ਸਾਲਾਂ ਲਈ ਹੇਠ ਦਿੱਤੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਚੋਣ ਹੋਈ।**

ਪ੍ਰਧਾਨ-ਸੱਚਦੇਵ ਵਿਰਦੀ, ਮੀਤ ਪ੍ਰਧਾਨ-ਬਲਵੀਰ ਰੱਤੂ, ਜਨਰਲ ਸਕੱਤਰ-ਨਵਦੀਪ ਸਿੰਘ, ਸਹਾਇਕ ਜਨਰਲ-ਸਕੱਤਰ ਸੁਰਿੰਦਰਪਾਲ ਵਿਰਦੀ, ਖ਼ਜ਼ਾਨਚੀ -ਸੁਖਵਿੰਦਰ ਕੰਦੋਲਾ, ਸਹਾਇਕ ਖ਼ਜ਼ਾਨਚੀ- ਭਗਵੰਤ ਸਿੰਘ, ਪਬਲਿਕ ਰੀਲੇਸ਼ਨਜ਼- ਡਾ. ਹਰੀਸ਼ ਮਲਹੋਤਰਾ, ਸਹਾਇਕ ਪਬਲਿਕ ਰੀਲੇਸ਼ਨਜ਼-ਪ੍ਰੀਤਮ ਪਾਲ,

**ਕਮੇਟੀ ਮੈਂਬਰ** - ਅਵਤਾਰ ਅਟਵਾਲ, ਅਸ਼ਵਨੀ ਕੁਮਾਰ, ਅੱਛਰ ਸਿੰਘ ਖਰਲਵੀਰ, ਮੱਖਣ ਢਿੱਲੋਂ, ਕਮਲਜੀਤ ਸਿੰਘ, ਗੁਰਦਿਆਲ ਖੁਸ਼ਦਿਲ, ਧਰਮਿੰਦਰ ਸਿੰਘ, ਰਾਜਿੰਦਰ ਦੂਲੋ ਅਤੇ ਕੁਲਵੰਤ ਮਰਾੜ।

# ਚਾਰ ਸਾਲਾਂ ਮਾਸੂਮ ਰਵੀ ਰਾਜ ਦੀ ਬਲੀ

- ਸੁਮੀਤ ਸਿੰਘ

ਅਕਤੂਬਰ ਦੇ ਪਹਿਲੇ ਹਫ਼ਤੇ ਖੰਨਾ ਨੇੜਲੇ ਪਿੰਡ ਅਲੌੜ ਵਿਖੇ ਇੱਕ ਵਿਅਕਤੀ ਵੱਲੋਂ ਕਿਸੇ ਦੇਵੀ ਦੇਵਤੇ ਦੀ ਪੂਜਾ ਦੇ ਨਾਮ ਹੇਠ ਇੱਕ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾਂ ਮਾਸੂਮ ਲੜਕੇ ਰਵੀ ਰਾਜ ਦੀ ਬੜੀ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦੇ ਦਿੱਤੀ ਗਈ। ਮ੍ਰਿਤਕ ਬੱਚੇ ਦੇ ਪਿਤਾ ਰਾਮ ਸੰਦਿਆਲ ਨੇ ਪੁਲੀਸ ਨੂੰ ਦਿੱਤੀ ਜਾਣਕਾਰੀ ਵਿੱਚ ਦੱਸਿਆ ਕਿ ਉਹ ਜਦੋਂ ਸੁੱਤਾ ਪਿਆ ਸੀ ਤਾਂ ਉਸਨੂੰ ਸਵੇਰੇ ਤੜਕੇ ਇੱਕ ਚੀਖ ਸੁਣਾਈ ਦਿੱਤੀ। ਉਸਦਾ ਬੱਚਾ ਮੰਜੇ ਉੱਤੇ ਮੌਜੂਦ ਨਹੀਂ ਸੀ। ਉਸਨੇ ਇੱਕ ਦਮ ਆਲੇ ਦੁਆਲੇ ਵੇਖਿਆ ਤਾਂ ਵਿਹੜੇ ਵਿੱਚ ਉਸਦੇ ਚਾਰ ਸਾਲਾਂ ਬੱਚੇ ਦੀ ਖੂਨ ਨਾਲ ਲੱਥ ਪੱਥ ਲਾਸ਼ ਪਈ ਸੀ। ਬੇਸ਼ੱਕ ਖੰਨਾ ਪੁਲੀਸ ਵੱਲੋਂ ਮੁਲਜ਼ਮ ਨੂੰ ਕੁੱਝ ਘੰਟਿਆਂ ਵਿੱਚ ਹੀ ਗ੍ਰਿਫਤਾਰ ਕਰ ਲਿਆ ਗਿਆ ਪਰ ਹੱਤਿਆ ਲਈ ਉਕਸਾਉਣ ਵਾਲੇ ਤਾਂਤਰਿਕ ਨੂੰ ਹਾਲੇ ਤਕ ਪੁਲੀਸ ਗ੍ਰਿਫਤਾਰ ਨਹੀਂ ਕਰ ਸਕੀ। ਇਸ ਤੋਂ ਪਹਿਲਾਂ ਜੁਲਾਈ ਵਿੱਚ ਮੁਧਲ (ਅੰਮ੍ਰਿਤਸਰ) ਵਿਖੇ ਵਾਪਰੇ 9 ਸਾਲਾਂ ਸੁਖਮਨਦੀਪ ਕੌਰ ਬਲੀ ਕਾਂਡ ਲਈ ਜ਼ਿੰਮੇਵਾਰ ਤਾਂਤਰਿਕ ਨੂੰ ਵੀ ਅਜੇ ਤੱਕ ਪੁਲੀਸ ਵੱਲੋਂ ਗ੍ਰਿਫਤਾਰ ਨਹੀ ਕੀਤਾ ਗਿਆ।

ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਧਾਰਮਿਕ ਆਸਥਾ ਦੀ ਆੜ ਹੇਠ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਵਹਿਸ਼ੀ ਹੱਤਿਆਵਾਂ ਜਿੱਥੇ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਭਾਰਤੀ ਸਮਾਜ ਅਤੇ ਮਨੁੱਖਤਾ ਦੇ ਮੱਥੇ 'ਤੇ ਕਲੰਕ ਹਨ ਉੱਥੇ ਹੀ ਪੰਜਾਬ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਦੀ ਘੋਰ ਨਲਾਇਕੀ, ਪਾਖੰਡੀ ਬਾਬਿਆਂ, ਤਾਂਤਰਿਕਾਂ ਦੀ ਸਿਆਸੀ ਸਰਪ੍ਰਸਤੀ ਅਤੇ ਲੋਕ ਵਿਰੋਧੀ ਤੇ ਸਾਮਰਾਜ ਪੱਖੀ ਆਰਥਿਕ ਨੀਤੀਆਂ ਦਾ ਨਤੀਜਾ ਵੀ ਹੈ ਪਰ ਪੰਜਾਬ ਸਰਕਾਰ ਨੂੰ ਇਸਦੀ ਕੋਈ ਪਰਵਾਹ ਨਹੀਂ ਹੈ। ਕੁੱਝ ਸਾਲ ਪਹਿਲਾਂ ਪਿੰਡ ਭਿੰਡਰ ਕਲਾਂ (ਮੋਗਾ) ਦੀ ਸਰਪੰਚ ਜੋ ਕਿ ਕਿਸੇ ਵਿਸ਼ੇਸ਼ ਦਿਨ 'ਤੇ ਚੌਂਕੀ ਲਗਾ ਕੇ ਪੁੱਛਾ ਦੇਣ ਦਾ ਗੈਰ ਕਾਨੂੰਨੀ ਧੰਦਾ ਵੀ ਕਰਦੀ ਸੀ, ਵੱਲੋਂ ਆਪਣੀ ਹੀ ਇਕ ਰਿਸ਼ਤੇਦਾਰ ਮਾਸੂਮ ਲੜਕੀ ਵਿੱਚੋਂ ਅਖੌਤੀ ਭੂਤ ਪ੍ਰੇਤ ਕੱਢਣ ਦੇ ਬਹਾਨੇ ਚਿਮਟਿਆਂ ਨਾਲ ਕੁੱਟ ਕੁੱਟ ਕੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ ਸੰਨ 2017 ਵਿੱਚ ਪਿੰਡ ਕੋਟ ਫੱਤਾ (ਬਠਿੰਡਾ) ਵਿਖੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀ ਦਿਲ ਕੰਬਾਊ ਅਪਰਾਧਿਕ ਘਟਨਾ ਨੂੰ ਅੰਜਾਮ ਦਿੱਤਾ ਗਿਆ ਪਰ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਅਜਿਹੇ ਅਣਮਨੁੱਖੀ ਅਤੇ ਗੈਰ ਕਾਨੂੰਨੀ ਧੰਦੇ ਨੂੰ ਬੰਦ ਕਰਵਾਉਣ ਲਈ ਕੋਈ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਨਿਭਾਈ। ਇੱਥੇ ਸਭ ਤੋਂ ਵੱਧ ਚਿੰਤਾਜਨਕ ਸਵਾਲ ਇਹ ਵੀ ਹੈ ਕਿ ਮੌਜੂਦਾ ਭ੍ਰਿਸ਼ਟ ਢਾਂਚੇ ਹੇਠ ਕਈ ਸਾਲਾਂ ਦੀ ਨੁਕਸਦਾਰ ਨਿਆਂਇਕ ਪ੍ਰਕਿਰਿਆ ਤੋਂ ਬਾਅਦ ਜੇਕਰ ਅਜਿਹੀ ਬੇਰਹਿਮ ਹੱਤਿਆ ਦੇ ਮੁਲਜ਼ਮਾਂ ਨੂੰ ਕੋਈ ਸਜ਼ਾ ਮਿਲ ਵੀ ਗਈ ਤਾਂ ਕੀ ਮਾਪਿਆਂ ਨੂੰ ਉਨਾਂ ਦੇ ਮਾਸੂਮ ਬੱਚੇ ਜਿੰਦਾ ਵਾਪਸ ਦਿਵਾਏ ਜਾ ਸਕਦੇ ਹਨ? ਇਸ ਲਈ ਮੌਜੂਦਾ ਹੁਕਮਰਾਨਾਂ ਅਤੇ ਉੱਚ ਪੁਲੀਸ ਤੇ ਸਿਵਲ ਅਧਿਕਾਰੀਆਂ ਨੂੰ ਅਜਿਹੀਆਂ ਅਣਮਨੁੱਖੀ ਘਟਨਾਵਾਂ ਵਾਪਰਨ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਪੜਤਾਲ ਕਰਕੇ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਨੇਕ ਨੀਅਤੀ ਵਿਖਾਉਣੀ ਚਾਹੀਦੀ ਹੈ ਤਾਂ ਕਿ ਅਜਿਹੇ ਅਣਮਨੁੱਖੀ ਅਪਰਾਧਾਂ ਦੇ ਦੋਸ਼ੀਆਂ ਨੂੰ ਸਖਤ ਸਜਾ ਦਿਵਾਈ ਜਾ ਸਕੇ ਅਤੇ ਭਵਿੱਖ ਵਿਚ ਇਨ੍ਹਾਂ ਘਟਨਾਵਾਂ ਦੇ ਵਾਪਰਨ ਉੱਤੇ ਸਦੀਵੀਂ ਰੋਕ ਲਗ ਸਕੇ।

ਪੰਜਾਬ ਸਰਕਾਰ ਅਤੇ ਪੁਲੀਸ ਨੂੰ ਇਹ ਤੱਥ ਭਲੀ ਭਾਂਤ ਪਤਾ ਹੈ ਕਿ ਅਜਿਹੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਅਪਰਾਧਿਕ ਗਤੀਵਿਧੀਆਂ ਅਤੇ ਝੂਠੀ ਤੇ ਗੈਰ ਕਾਨੂੰਨੀ ਇਸ਼ਤਿਹਾਰਬਾਜੀ, ਡਰੱਗਜ ਤੇ ਮੈਜਿਕ ਰੈਮਡੀਜ ਇਤਰਾਜਯੋਗ ਇਸ਼ਤਿਹਾਰਬਾਜੀ ਐਕਟ 1954, ਕੇਬਲ ਟੈਲੀਵਿਜਨ ਰੈਗੂਲੇਸ਼ਨ ਐਕਟ 1994 ਅਤੇ ਖਾਸ ਕਰਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਇਸਦੇ ਬਾਵਜੂਦ ਇਨ੍ਹਾਂ ਪਾਖੰਡੀਆਂ ਅਤੇ ਮੀਡੀਏ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਇਹ ਬੇਹੱਦ ਚਿੰਤਾ ਦਾ ਵਿਸ਼ਾ ਹੈ ਕਿ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਦੀ ਅਣਹੋਂਦ ਕਾਰਨ ਧਾਰਮਿਕ ਆਸਥਾ ਹੇਠ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਅਣਮਨੁੱਖੀ ਅਤੇ ਅੰਧ ਵਿਸ਼ਵਾਸੀ ਘਟਨਾਵਾਂ ਦਿਨੋਂ ਦਿਨ ਵਧਦੀਆਂ ਜਾ ਰਹੀਆਂ ਹਨ। ਭੋਲੇ ਭਾਲੇ ਲਾਈਲੱਗ ਲੋਕਾਂ ਨੂੰ ਅੰਧ ਵਿਸ਼ਵਾਸਾਂ ਰਾਹੀਂ ਗੁੰਮਰਾਹ ਕਰਕੇ ਲੁੱਟਣ, ਔਰਤਾਂ ਦੀ ਬੇਪਤੀ ਕਰਨ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਲਈ ਉਕਸਾਉਣ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਪੁੱਛਾਂ ਦੇਣ ਵਾਲਿਆਂ ਦੀਆਂ ਗੈਰ ਕਾਨੂੰਨੀ ਦੁਕਾਨਾਂ ਸ਼ਰੇਆਮ ਖੁੱਲੀਆਂ ਹਨ। ਜਾਹਿਰ ਹੈ ਕਿ ਕਰੋੜਾਂ ਰੁਪਏ ਦੇ ਇਸ ਗੋਰਖ ਧੰਦੇ ਦੇ ਵਧਣ ਫੁਲਣ ਪਿੱਛੇ ਸਰਕਾਰੀ ਤੰਤਰ, ਉੱਚ ਪੁਲੀਸ ਅਧਿਕਾਰੀਆਂ ਅਤੇ ਭ੍ਰਿਸ਼ਟ ਸਿਆਸਤਦਾਨਾਂ ਦੀ ਮਿਲੀਭੁਗਤ ਸ਼ਾਮਿਲ ਹੈ ਜਿਸਦਾ ਆਮ ਲੋਕਾਂ ਅਤੇ ਜਮਹੂਰੀ ਤਾਕਤਾਂ ਵੱਲੋਂ ਜਥੇਬੰਦਕ ਪੱਧਰ 'ਤੇ

ਡਟਵਾਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਇਹ ਆਮ ਲੋਕਾਂ ਵਿੱਚ ਵਿਗਿਆਨਕ ਚੇਤਨਾ ਦੀ ਘਾਟ ਦਾ ਨਤੀਜਾ ਹੈ ਕਿ ਰਵਾਇਤੀ ਮਾਨਸਿਕਤਾ ਦੇ ਧਾਰਨੀ ਲੋਕ ਧਾਰਮਿਕ ਬੇਅਦਬੀ ਦੇ ਮੁੱਦਿਆਂ ਉੱਤੇ ਤਾਂ ਬਿਨ੍ਹਾਂ ਸੋਚ ਵਿਚਾਰ ਤੋਂ ਨਿਰਦੋਸ਼ਾਂ ਨੂੰ ਜਾਨੋ ਮਾਰਨ ਉੱਤੇ ਉਤਾਰੂ ਹੋ ਜਾਂਦੇ ਹਨ (ਜੋ ਕਿ ਸਰਾਸਰ ਗੈਰ ਕਾਨੂੰਨੀ ਅਤੇ ਅਣਮਨੁੱਖੀ ਹੈ ਅਤੇ ਅਜਿਹਾ ਨਹੀਂ ਹੋਣਾ ਚਾਹੀਦਾ) ਪਰ ਜਦੋਂ ਸਮਾਜ ਵਿੱਚ ਧਾਰਮਿਕ ਆਸਥਾ ਹੇਠ ਕਿਸੇ ਮਾਸੂਮ ਦੀ ਬਲੀ ਦੇਣ ਦੀ ਵਹਿਸ਼ੀ ਘਟਨਾ ਵਾਪਰਦੀ ਹੈ ਤਾਂ ਅਜਿਹੇ ਲੋਕਾਂ ਦਾ ਲੋਕ ਵਿਰੋਧੀ ਸਰਕਾਰਾਂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਦੇ ਖਿਲਾਫ਼ ਗੁੱਸਾ ਕਿਉਂ ਨਹੀਂ ਫੁੱਟਦਾ ? ਉਹ ਅਜਿਹੇ ਵਹਿਸ਼ੀ ਵਰਤਾਰਿਆਂ ਦੇ ਖਿਲਾਫ਼ ਕੋਈ ਸਖਤ ਕਾਨੂੰਨ ਬਨਾਉਣ ਦੀ ਮੰਗ ਨੂੰ ਲੈ ਕੇ ਸੜਕਾਂ ਉੱਤੇ ਨਿਕਲ ਕੇ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਫੈਸਲਾਕੁੰਨ ਸੰਘਰਸ਼ ਕਿਉਂ ਨਹੀਂ ਕਰਦੇ ? ਅਜਿਹੀਆਂ ਘਟਨਾਵਾਂ ਸਮੇਂ ਉਨ੍ਹਾਂ ਦਾ ਚੁੱਪ ਰਹਿਣਾ ਜਾਂ ਕਿਸੇ ਅਖੌਤੀ ਪ੍ਰਮਾਤਮਾ ਦਾ ਭਾਣਾ ਮੰਨ ਕੇ ਬੈਠ ਜਾਣਾ ਦਰਅਸਲ ਭ੍ਰਿਸ਼ਟ ਹਕੂਮਤਾਂ ਅਤੇ ਸਿਆਸਤਦਾਨਾਂ ਲਈ ਲਾਹੇਵੰਦ ਹੋ ਨਿਬੜਦਾ ਹੈ ਜਿਸਤੋਂ ਉਨ੍ਹਾਂ ਨੂੰ ਸੁਚੇਤ ਕਰਨ ਦੀ ਲੋੜ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਅਕਾਲੀ-ਭਾਜਪਾ ਅਤੇ ਕਾਂਗਰਸੀ ਸਰਕਾਰਾਂ ਨੂੰ ਦਿੱਤੇ ਮੰਗ ਪੱਤਰਾਂ ਤੋਂ ਇਲਾਵਾ ਇਸ ਸਾਲ ਫਰਵਰੀ ਦੇ ਮਹੀਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤੇ ਗਏ ਸਨ ਪਰ ਮੌਜੂਦਾ ਪੰਜਾਬ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਇਸ ਲੋਕ ਪੱਖੀ ਕਾਨੂੰਨ ਬਣਾਉਣ ਤੋਂ ਜਾਣ ਬੁੱਝ ਕੇ ਟਾਲਾ ਵੱਟਿਆ ਜਾ ਰਿਹਾ ਹੈ। ਜੇਕਰ ਪੰਜਾਬ ਸਰਕਾਰ ਲੋਕ ਪੱਖੀ ਹੋਣ ਦਾ ਦਾਅਵਾ ਕਰਦੀ ਹੈ ਤਾਂ ਉਸਨੂੰ ਭੋਲੇ ਭਾਲੇ ਲੋਕਾਂ ਨੂੰ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਵਿੱਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ, ਕਤਲ ਅਤੇ ਮਨੁੱਖੀ ਬਲੀ ਦੇਣ ਵਰਗੇ ਵਹਿਸ਼ੀ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਉੱਤੇ ਰੋਕ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ। ਇਸ ਸਬੰਧੀ ਲੋਕ ਪੱਖੀ ਤੇ ਅਗਾਂਹਵਧੂ ਜਮਹੂਰੀ ਅਤੇ ਤਰਕਸ਼ੀਲ ਸੰਸਥਾਵਾਂ ਨੂੰ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਚੇਤਨ ਕਰਕੇ ਇੱਕ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨ ਅਤੇ ਫੈਸਲਾਕੁੰਨ ਜਨਤਕ ਸੰਘਰਸ਼ ਕਰਨ ਲਈ ਅੱਗੇ ਆਉਣਾ ਪਵੇਗਾ।

**ਸੂਬਾਈ ਮੀਡੀਆ ਮੁਖੀ 76960 30173**

***

## ਨਸ਼ਿਆਂ ਦੀ ਗੰਭੀਰ ਸਮੱਸਿਆ ਸਬੰਧੀ ਮਨ-ਕੰਬਾਊ ਅੰਕੜੇ

ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਵਿੱਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ ਹਨ। ਮਾਰਚ ਵਿੱਚ ਪੰਜਾਬ ਦੇ ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਦੱਸਿਆ ਸੀ ਕਿ ਸੂਬੇ ਵਿੱਚ 2.62 ਲੱਖ ਨਸ਼ਿਆਂ ਦੇ ਆਦੀ ਸਰਕਾਰ ਦੇ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਾ ਰਹੇ ਸਨ ਅਤੇ 6.12 ਲੱਖ ਨਸ਼ਾ ਕਰਨ ਵਾਲੇ ਨਿੱਜੀ ਖੇਤਰ ਦੇ ਨਸ਼ਾ ਛੁਡਾਊ ਕੇਂਦਰਾਂ ਤੋਂ। ਨਸ਼ਾ ਕਰਨ ਵਾਲਿਆਂ ਦੀ ਗਿਣਤੀ ਇਸ ਤੋਂ ਕਾਫੀ ਵੱਧ ਹੈ ਕਿਉਂਕਿ ਬਹੁਤ ਸਾਰੇ ਨਸ਼ਈ ਜਿਨ੍ਹਾਂ ਵਿੱਚ ਰਗਾਂ ਵਿੱਚ ਸਿੱਧਾ ਟੀਕਾ (intravenous) ਲਾ ਕੇ ਨਸ਼ਾ ਕਰਨ ਵਾਲੇ ਸ਼ਾਮਲ ਹਨ, ਬਦਨਾਮੀ ਦੇ ਡਰ ਤੋਂ ਇਲਾਜ ਕਰਾਉਣ ਲਈ ਸਾਹਮਣੇ ਨਹੀਂ ਆਉਂਦੇ। ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਪੁਲੀਸ ਨੇ ਇੱਕ ਸਾਲ ਵਿੱਚ ਐੱਨ ਡੀ ਪੀ ਐੱਸ (NDPS) ਐਕਟ ਤਹਿਤ 12,218 ਕੇਸ ਦਰਜ ਕੀਤੇ ਹਨ। ਲੋਕ ਸਭਾ ਵਿਚ ਦਿੱਤੀ ਜਾਣਕਾਰੀ ਅਨੁਸਾਰ ਸੂਬੇ ਵਿਚ 10 ਤੋਂ 17 ਉਮਰ ਸਾਲ ਦੇ 6.97 ਲੱਖ ਬੱਚੇ ਨਸ਼ਿਆਂ ਦੇ ਆਦੀ ਹਨ।

ਜੇ ਅੰਕੜਿਆਂ ਨੂੰ ਇੱਕ ਪਾਸੇ ਰੱਖ ਦਿੱਤਾ ਜਾਵੇ ਤਾਂ ਵੀ ਜਮੀਨੀ ਪੱਧਰ ਤੋਂ ਆ ਰਹੀਆਂ ਰਿਪੋਰਟਾਂ ਵੱਧ ਚਿੰਤਾਜਨਕ ਹਨ। ਹਰ ਪਰਿਵਾਰ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਉਨ੍ਹਾਂ ਦਾ ਬੱਚਾ ਨਸ਼ਿਆਂ ਦਾ ਸ਼ਿਕਾਰ ਨਾ ਹੋ ਜਾਵੇ। ਪੁਲੀਸ ਦੀਆਂ ਕਾਰਵਾਈਆਂ ਹੇਠਲੇ ਪੱਧਰ 'ਤੇ ਨਸ਼ੇ ਵੇਚਣ ਤੇ ਉਨ੍ਹਾਂ ਦਾ ਸੇਵਨ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਤੱਕ ਸੀਮਤ ਹਨ। ਜਰੂਰਤ ਹੈ ਕਿ ਨਸ਼ਾ ਸਪਲਾਈ ਕਰਨ ਵਾਲੇ ਗਰੋਹਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਹੱਥ ਪਾਇਆ ਜਾਵੇ। ਨਸ਼ਿਆਂ ਦੀ ਏਨੀ ਵੱਡੀ ਪੱਧਰ 'ਤੇ ਸਪਲਾਈ ਨਸ਼ਾ ਤਸਕਰਾਂ, ਪੁਲੀਸ ਕਰਮਚਾਰੀਆਂ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ। ਇਸ ਸਮੇਂ ਬਹਿਸ ਅੰਕੜਿਆਂ 'ਤੇ ਨਹੀਂ ਸਗੋਂ ਸਮੱਸਿਆ ਨੂੰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੁਲਝਾਉਣ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ। ਜਿੱਥੇ ਸਰਕਾਰ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸੇ ਬੱਚਿਆਂ ਤੇ ਨੌਜਵਾਨਾਂ ਤੋਂ ਨਸ਼ੇ ਛੁਡਾਉਣ ਲਈ ਅਰਥ ਭਰਪੂਰ ਰਣਨੀਤੀ ਬਣਾਉਣੀ ਚਾਹੀਦੀ ਹੈ, ਉੱਥੇ ਤਸਕਰਾਂ ਵਿਰੁੱਧ ਨਿਰੰਤਰ ਕਾਰਵਾਈ ਰਾਹੀਂ ਇਹ ਨਿਸ਼ਚਿਤ ਕਰਨ ਦੀ ਜਰੂਰਤ ਹੈ ਕਿ ਬੇਰੋਕ ਨਸ਼ੇ ਮੁਹੱਈਆ ਕਰਵਾਉਣ ਵਾਲੇ ਚੱਕਰ (Supply Chains) ਨੂੰ ਤੋੜਿਆ ਜਾਵੇ। ਪੰਜਾਬ ਦਾ ਭਵਿੱਖ ਇਸ ਸਮੱਸਿਆ ਨਾਲ ਸੁਹਿਰਦਤਾ ਨਾਲ ਨਜਿੱਠਣ ਨਾਲ ਜੁੜਿਆ ਹੋਇਆ ਹੈ। ਸ੍ਰੋਤ-ਪੰਜਾਬੀ ਟ੍ਰਿਬਿਊਨ (07-08-2023)

ਪੜ੍ਹਨਯੋਗ ਪੁਸਤਕਾਂ-13

# ਨਾਸਤਿਕ ਬਾਣੀ

## ਵਿਗਿਆਨਕ ਅਤੇ ਤਰਕਸ਼ੀਲ ਚਿੰਤਨ ਦਾ ਸੰਸਾਰ ਪੱਧਰੀ ਸੰਗ੍ਰਹਿ



**ਰਾਜਪਾਲ ਸਿੰਘ**

ਅਗਸਤ 2023 ਵਿੱਚ 'ਨਾਸਤਿਕ ਬਾਣੀ' ਪੁਸਤਕ ਦਾ ਤੀਸਰਾ ਐਡੀਸ਼ਨ ਪ੍ਰਕਾਸ਼ਿਤ ਹੋਇਆ ਹੈ। ਨਾਸਤਿਕ ਅਤੇ ਵਿਗਿਆਨਕ ਚਿੰਤਨ ਨਾਲ ਸਬੰਧਿਤ ਅਜਿਹੀ ਪੁਸਤਕ ਦਾ ਤੀਸਰਾ ਐਡੀਸ਼ਨ ਪ੍ਰਕਾਸ਼ਿਤ ਹੋਣਾ ਆਪਣੇ ਆਪ ਵਿੱਚ ਬਹੁਤ ਉਤਸ਼ਾਹ ਦੇਣ ਵਾਲੀ ਗੱਲ ਹੈ। ਇਸ ਐਡੀਸ਼ਨ ਵਿੱਚ ਪਹਿਲੇ ਐਡੀਸ਼ਨਾਂ ਨਾਲੋਂ ਬਹੁਤ ਵਾਧੇ ਕੀਤੇ ਗਏ ਹਨ, ਬਹੁਤ ਸਾਰੇ ਨਵੇਂ ਚਿੰਤਕਾਂ ਅਤੇ ਲੇਖਕਾਂ ਦੇ ਵਿਚਾਰ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਇਨ੍ਹਾਂ ਚਿੰਤਕਾਂ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਗਈ ਹੈ ਜੋ ਪਹਿਲੇ ਐਡੀਸ਼ਨਾਂ ਵਿੱਚ ਨਹੀਂ ਸੀ।




ਇਹ ਪੁਸਤਕ ਇੱਕ ਵਾਢਿਓਂ ਪੜ੍ਹੀ ਜਾਣ ਵਾਲੀ ਨਹੀਂ ਹੈ ਬਲਕਿ ਇਹ ਹਮੇਸ਼ਾ ਆਪਣੇ ਨੇੜੇ ਰੱਖਣ ਵਾਲੀ ਪੁਸਤਕ ਹੈ। ਇਸ ਨੂੰ ਕਿਸੇ ਵੀ ਪੰਨੇ ਤੋਂ ਖੋਲ੍ਹ ਕੇ ਕਿਸੇ ਦਾਰਸ਼ਨਿਕ ਦੀ ਕੁਟੇਸ਼ਨ ਪੜ੍ਹੋ ਅਤੇ ਫਿਰ ਉਸ ਦੇ ਅਰਥਾਂ 'ਤੇ ਵਿਚਾਰ ਕਰੋ। ਨਾ ਸਿਰਫ ਖ਼ੁਦ ਵਿਚਾਰ ਕਰੋ ਬਲਕਿ ਆਪਣੇ ਦੋਸਤਾਂ ਮਿੱਤਰਾਂ ਨਾਲ ਵਿਚਾਰੋ, ਉਸ ਵਿੱਚ ਛਿਪੇ ਭਾਵ-ਅਰਥਾਂ ਬਾਰੇ ਸਪਸ਼ਟ ਹੋਵੋ, ਉਨ੍ਹਾਂ ਨੂੰ ਆਪਣੀ ਸੋਚ ਦਾ ਅੰਗ ਬਣਾਓ। ਬਹੁਤ ਵਾਰ ਦਾਰਸ਼ਨਿਕਾਂ ਵੱਲੋਂ ਆਪਣੀ ਗੱਲ ਚਿੰਨ੍ਹਾਤਮਿਕ ਰੂਪ ਵਿੱਚ ਕਹੀ ਜਾਂਦੀ ਹੈ। ਉਦਾਹਰਣ ਵਜੋਂ ਆਰਥਰ ਸ਼ਾਪਨਹਾਉਰ ਦੀ ਟੂਕ ਹੈ 'ਧਰਮ ਟਟਹਿਣਿਆਂ ਵਾਂਗ ਹਨ। ਉਨ੍ਹਾਂ ਨੂੰ ਚਮਕਣ ਲਈ ਹਨੇਰੇ ਦੀ ਲੋੜ ਹੈ।' ਯਾਨੀ ਜਿਵੇਂ ਜੁਗਨੂੰ ਰਾਤ ਦੇ ਹਨੇਰੇ ਵਿੱਚ ਚਮਕਦੇ ਹਨ ਅਤੇ ਸਾਨੂੰ ਖਿੱਚ ਪਾਉਂਦੇ ਹਨ, ਉਵੇਂ ਧਰਮਾਂ ਦੀ ਚਮਕ ਦਮਕ ਵੀ ਅਗਿਆਨਤਾ ਦੇ ਹਨੇਰੇ ਵਿੱਚ ਹੀ ਲੋਕਾਂ ਨੂੰ ਖਿੱਚ ਪਾਉਂਦੀ ਹੈ। ਜਿਵੇਂ ਦਿਨ ਦੇ ਚਾਨਣ ਵਿੱਚ ਜੁਗਨੂੰ ਸਾਧਾਰਣ ਭੂੰਡੀ ਵਾਂਗ ਪਿਆ ਰਹਿੰਦਾ ਹੈ ਅਤੇ ਕਿਸੇ ਦਾ ਧਿਆਨ ਨਹੀਂ ਖਿੱਚਦਾ ਉਸੇ ਤਰ੍ਹਾਂ ਗਿਆਨ ਦਾ ਚਾਨਣ ਹੋਣ ਨਾਲ ਧਰਮਾਂ ਪ੍ਰਤੀ ਖਿੱਚ ਖਤਮ ਹੋ ਜਾਂਦੀ ਹੈ। ਇਸ ਸਾਧਾਰਣ ਜਾਪਦੀ ਸਤਰ ਵਿੱਚ ਵੱਡੀ ਸਚਾਈ ਬਿਆਨੀ ਗਈ ਹੈ। ਦੱਖਣੀ ਅਮਰੀਕਾ ਦੇ ਦੇਸ਼ ਟ੍ਰਿਨੀਦਾਦ ਅਤੇ ਟੋਬੈਗੋ ਦਾ ਪਹਿਲਾ ਪ੍ਰਧਾਨ ਮੰਤਰੀ ਐਰਿਕ ਵਿਲੀਅਮਜ਼ ਧਰਮ ਬਾਰੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ, "ਧਰਮ ਇਨਸਾਨਾਂ ਦੀ ਉਸੇ ਤਰ੍ਹਾਂ ਸੇਵਾ ਕਰਦਾ ਹੈ ਜਿੰਦਾਂ ਘੋੜੇ ਦੇ ਲੱਗੇ ਖੋਪੇ ਕਰਦੇ ਹਨ।" ਕਹਿਣ ਦਾ ਭਾਵ ਕਿ ਜਿਵੇਂ ਘੋੜੇ ਦੀਆਂ ਅੱਖਾਂ ਉੱਤੇ ਲੱਗੇ ਹੋਏ ਖੋਪੇ ਉਸ ਨੂੰ ਆਸੇ ਪਾਸੇ ਦੀ ਦੁਨੀਆਂ ਦੇਖਣ ਅਤੇ ਸਮਝਣ ਤੋਂ ਰੋਕੀ ਰੱਖਦੇ ਹਨ ਉਸੇ ਤਰ੍ਹਾਂ ਧਰਮ ਵੀ ਬੰਦੇ ਨੂੰ ਦੁਨੀਆਂ ਅਤੇ ਸਮਾਜ ਦੇ ਸਾਰੇ ਵਿਚਾਰਾਂ ਨੂੰ ਜਾਣਨ ਤੋਂ ਮਹਿਰੂਮ ਕਰ ਦਿੰਦੇ ਹਨ। ਹੋਰ ਵੀ ਅਨੇਕਾਂ ਅਜਿਹੀਆਂ ਟੂਕਾਂ ਹਨ ਜੋ ਪਹਿਲੀ ਨਜ਼ਰੇ ਸਾਧਾਰਣ ਵਾਕ ਜਾਪਦੀਆਂ ਹਨ ਪਰ ਜਦ ਉਨ੍ਹਾਂ 'ਤੇ ਵਿਚਾਰ ਕਰੋ ਤਾਂ ਉਨ੍ਹਾਂ ਵਿੱਚ ਡੂੰਘੇ ਅਰਥ ਸਮੋਏ ਹੁੰਦੇ ਹਨ।

ਇਹ ਪੁਸਤਕ ਪੜ੍ਹ ਕੇ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਸੰਸਾਰ ਦੇ ਰੋਸ਼ਨ ਦਿਮਾਗ ਲੋਕ ਤਾਂ ਰੱਬ ਅਤੇ ਧਰਮ ਆਦਿ ਬਾਰੇ ਬਹੁਤ ਠੀਕ ਤਰ੍ਹਾਂ ਹੀ ਸੋਚਦੇ ਹਨ ਪਰ ਉਨ੍ਹਾਂ ਦੇ ਵਿਚਾਰ ਅਧਿਆਤਮਵਾਦੀ ਸਾਹਿਤ ਦੇ ਬਹੁਤ ਵੱਡੇ ਅੰਬਾਰ ਹੇਠ ਦੱਬੇ ਰਹਿ ਜਾਂਦੇ ਹਨ। ਇਸ ਦੀ ਪੁਸ਼ਟੀ ਲਈ ਪੁਸਤਕ ਵਿਚੋਂ ਵੱਖ ਵੱਖ ਦੇਸ਼ਾਂ ਦੇ ਸੂਝਵਾਨ ਲੋਕਾਂ ਦੇ ਵਿਚਾਰ ਪੜ੍ਹੇ ਜਾ ਸਕਦੇ ਹਨ ਜਿਵੇਂ ਮਹਾਨ ਅੰਗਰੇਜ਼ ਦਾਰਸ਼ਨਿਕ ਬਰਟਰੰਡ ਰਸਲ ਕਹਿੰਦਾ ਹੈ– "ਧਰਮ ਸਾਡੀ ਸੂਝ ਦੇ ਬਚਪਨੇ ਦੀ ਰਹਿੰਦ ਖੂੰਹਦ ਹੈ, ਜਿਵੇਂ ਜਿਵੇਂ ਅਸੀਂ ਤਰਕ ਅਤੇ ਵਿਗਿਆਨ ਨੂੰ ਸੇਧ ਲਈ ਅਪਣਾਵਾਂਗੇ ਇਹ ਘਟਦਾ ਜਾਵੇਗਾ।"ਜਰਮਨ ਕਵੀ ਹਾਈਨਰਿਕ ਹਾਈਨ ਧਰਮ ਦੀ ਤੁਲਨਾ ਅੰਨ੍ਹੇ ਬੰਦੇ ਨਾਲ ਕਰਦਾ ਹੋਇਆ ਲਿਖਦਾ ਹੈ, "ਮੱਧ ਯੁੱਗ ਸਮੇਂ ਧਰਮ ਲੋਕਾਂ ਨੂੰ ਰਸਤਾ ਦਿਖਾ ਸਕਦਾ ਸੀ, ਜਿਵੇਂ ਘੁੱਪ ਹਨੇਰੀ ਰਾਤ ਵਿੱਚ ਇੱਕ ਅੰਨ੍ਹਾ ਬੰਦਾ ਚੰਗਾ ਪਥ-ਪ੍ਰਦਰਸ਼ਕ ਹੋ ਸਕਦਾ ਹੈ; ਉਹਨੂੰ ਰਾਹਾਂ ਅਤੇ ਥਾਵਾਂ ਦਾ ਸੁਜਾਖੇ ਨਾਲੋਂ ਜਿਆਦਾ ਪਤਾ ਹੁੰਦਾ ਹੈ। ਪਰ ਜਦੋਂ ਦਿਨ, ਚੜ੍ਹ ਜਾਵੇ ਫੇਰ ਅੰਨ੍ਹਿਆਂ ਤੋਂ ਰਸਤਾ ਪੁੱਛਣਾ ਮੂਰਖਤਾ ਹੈ।" ਮਸ਼ਹੂਰ ਅਮਰੀਕਨ ਤਾਰਾ ਵਿਗਿਆਨੀ ਕਾਰਲ ਸੇਗਨ

ਨਾਸਤਿਕਤਾ ਬਾਰੇ ਸਪਸ਼ਟ ਕਰਦਾ ਹੈ ਕਿ "ਨਾਸਤਿਕਤਾ ਸਿਰਫ ਏਨੇ ਗਿਆਨ ਨਾਲੋਂ ਵਾਧੂ ਹੈ ਕਿ ਰੱਬ ਨਹੀਂ ਹੈ ਅਤੇ ਧਰਮ ਤਾਂ ਗਲਤੀ ਹੈ ਜਾਂ ਧੋਖਾ। ਨਾਸਤਿਕਤਾ ਤਾਂ ਇੱਕ ਨਜ਼ਰੀਆ ਹੈ, ਤਕਾਜ਼ਾ ਹੈ, ਦੁਨੀਆਂ ਨੂੰ ਨਿਰਪੱਖ ਹੋ ਕੇ ਨਿਡਰਤਾ ਨਾਲ ਦੇਖਣ ਦਾ, ਸਾਰੀਆਂ ਚੀਜਾਂ ਨੂੰ ਕੁਦਰਤ ਦੇ ਹਿੱਸੇ ਵਜੋਂ ਸਮਝਣ ਦੀ ਕੋਸ਼ਿਸ਼।"

ਪੁਸਤਕ ਵਿੱਚ ਕੁਝ ਧਾਰਮਿਕ ਲੋਕਾਂ ਦੇ ਵਿਚਾਰ ਵੀ ਦਿੱਤੇ ਗਏ ਹਨ ਤਾਂ ਜੋ ਵਿਗਿਆਨਕ ਸੋਚ ਵਾਲੇ ਲੋਕਾਂ ਦੇ ਮੁਕਾਬਲੇ ਉਨ੍ਹਾਂ ਦੀ ਮਨੁੱਖਤਾ ਵਿਰੋਧੀ ਸੋਚ ਦੀ ਇੱਕ ਝਲਕ ਦੇਖੀ ਜਾ ਸਕੇ। ਜਿਵੇਂ ਪੋਪ ਪਈਅਸ ਗਿਆਰਵਾਂ ਇਟਲੀ ਦੇ ਜ਼ਾਲਮ ਡਿਕਟੇਟਰ ਮੁਸੋਲਿਨੀ ਬਾਰੇ ਕਹਿੰਦਾ ਹੈ 'ਮੁਸੋਲਿਨੀ ਬਹੁਤ ਹੀ ਵਧੀਆ ਬੰਦਾ ਹੈ। ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣਦੇ ਸਮਝਦੇ ਹੋ ? ਉਹ ਬਹੁਤ ਹੀ ਵਧੀਆ ਬੰਦਾ ਹੈ।' ਇਵੇਂ ਮਦਰ ਟੈਰਿਸਾ ਕਹਿੰਦੀ ਹੈ, 'ਗਰੀਬਾਂ ਵੱਲੋਂ ਆਪਣੀ ਸਥਿਤੀ ਨੂੰ ਮੰਨ ਲੈਣਾ ਕਿੰਨੀ ਸੁੰਦਰ ਗੱਲ ਹੈ। ਗਰੀਬਾਂ ਦੇ ਨਰਕ ਭੋਗਣ ਨਾਲ ਸਾਰੀ ਦੁਨੀਆਂ ਨੂੰ ਸੁੱਖ ਮਿਲਦਾ ਹੈ।'

ਪੁਸਤਕ ਵਿੱਚ 500 ਦੇ ਲਗਭਗ ਵਿਦਵਾਨਾਂ, ਚਿੰਤਕਾਂ, ਵਿਗਿਆਨੀਆਂ, ਸਿਆਸਤਦਾਨਾਂ ਅਤੇ ਹੋਰ ਮਹਾਨ ਵਿਅਕਤੀਆਂ ਦੇ ਰੱਬ, ਧਰਮ ਅਤੇ ਹੋਰ ਸਬੰਧਿਤ ਮਸਲਿਆਂ ਬਾਰੇ ਵਿਚਾਰ ਇਕੱਤਰ ਕੀਤੇ ਗਏ ਹਨ। ਇਹ ਵਿਚਾਰ ਇਤਿਹਾਸਕ ਕਾਲਕ੍ਰਮ ਵਿੱਚ ਦਿੱਤੇ ਗਏ ਹਨ ਯਾਨੀ ਢਾਈ ਹਜਾਰ ਸਾਲ ਪਹਿਲਾਂ ਹੋਏ ਚਾਰਵਾਕ, ਮਹਾਤਮਾ ਬੁੱਧ ਅਤੇ ਯੂਨਾਨੀ ਦਾਰਸ਼ਨਿਕਾਂ ਤੋਂ ਸ਼ੁਰੂ ਕਰ ਕੇ ਹੁਣ ਤੱਕ ਦੇ ਚਿੰਤਕਾਂ ਦੇ ਵਿਚਾਰ ਦਿੱਤੇ ਗਏ ਹਨ। ਸੰਗ੍ਰਹਿ ਵਿਚਲੀਆਂ ਕੁਝ ਟੂਕਾਂ ਸਾਧਾਰਣ ਵੀ ਹਨ ਜੋ ਤੁਹਾਨੂੰ ਬਹੁਤਾ ਨਹੀਂ ਟੁੰਬਦੀਆਂ ਪਰ ਏਨੇ ਵੱਡੇ ਸੰਗ੍ਰਹਿ ਵਿੱਚ ਕੁੱਝ ਅਜਿਹੀਆਂ ਟੂਕਾਂ ਦਾ ਸ਼ਾਮਲ ਹੋ ਜਾਣਾ ਸੁਭਾਵਿਕ ਹੀ ਹੈ।

ਪੁਸਤਕ ਦਾ ਕਰਤਾ ਸਾਧੂ ਬਿਨਿੰਗ 1967 ਤੋਂ ਕੈਨੇਡਾ ਵਿੱਚ ਰਹਿ ਰਿਹਾ ਅਗਾਂਹਵਧੂ ਪੰਜਾਬੀ ਬੁੱਧੀਜੀਵੀ ਲੇਖਕ/ਚਿੰਤਕ ਹੈ ਜਿਸ ਨੇ ਪਹਿਲਾਂ ਵੀ ਵਾਰਤਕ, ਖੋਜ, ਅਨੁਵਾਦ, ਕਵਿਤਾ ਅਤੇ ਨਾਟਕ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। ਜਿੱਥੇ ਉਨ੍ਹਾਂ ਨੇ ਇਸ ਪੁਸਤਕ ਲਈ ਐਨੀ ਖੋਜ, ਚੋਣ, ਅਨੁਵਾਦ ਅਤੇ ਸੰਗ੍ਰਹਿ ਕਰਨ ਦਾ ਵਡਮੁੱਲਾ ਕਾਰਜ ਕੀਤਾ ਹੈ ਉੱਥੇ ਉਨ੍ਹਾਂ ਵੱਲੋਂ ਇਸ ਪੁਸਤਕ ਦੀ ਭੂਮਿਕਾ ਵਜੋਂ ਲਿਖਿਆ ਗਿਆ ਆਰਟੀਕਲ "ਨੈਤਿਕਤਾ ਅਤੇ ਧਰਮ" ਵੀ ਬਹੁਤ ਮਹੱਤਵਪੂਰਨ ਨੁਕਤੇ ਉਠਾਉਂਦਾ ਹੈ। ਇਸ ਲੇਖ ਵਿੱਚ ਉਹ ਇਸ ਬਹੁਤ ਪ੍ਰਚਾਰੀ ਗਈ ਧਾਰਨਾ ਦੀ ਕਾਟ ਕਰਦੇ ਹਨ ਕਿ ਧਾਰਮਿਕ ਲੋਕ ਨੈਤਿਕ ਤੌਰ 'ਤੇ ਚੰਗੇ ਹੁੰਦੇ ਹਨ ਜਾਂ ਰੱਬ ਦੇ ਡਰ ਕਾਰਣ ਬੰਦੇ ਮਾੜੇ ਕੰਮ ਨਹੀਂ ਕਰਦੇ। ਉਹ ਉਦਾਹਰਣਾਂ ਸਹਿਤ ਇਹ ਸਪਸ਼ਟ ਕਰਦੇ ਹਨ ਕਿ ਧਾਰਮਿਕ ਲੋਕ ਜੰਗਾਂ ਲਾਉਣ, ਕਤਲ ਕਰਨ, ਗੁਲਾਮ ਬਣਾਉਣ, ਅਮੀਰੀ-ਗਰੀਬੀ ਅਤੇ ਸਮਾਜਿਕ ਊਚ-ਨੀਚ ਨੂੰ ਜਾਇਜ਼ ਸਿੱਧ ਕਰਨ, ਔਰਤਾਂ ਉੱਤੇ ਜ਼ੁਲਮ ਕਰਨ ਅਤੇ ਮਨੁੱਖਤਾ ਵਿਰੋਧੀ ਹੋਰ ਕੰਮਾਂ ਵਿੱਚ ਅੱਗੇ ਹੀ ਰਹੇ ਹਨ। ਧਾਰਮਿਕ ਲੋਕ ਜੋ ਸਹਾਇਤਾ ਜਾਂ ਸੇਵਾ ਵੀ ਕਰਦੇ ਹਨ, ਉਸਦਾ ਮਕਸਦ ਵੀ ਸਮਾਜ ਨੂੰ ਚੰਗਾ ਬਣਾਉਣਾ ਨਹੀਂ ਬਲਕਿ ਆਪਣਾ 'ਅੱਗਾ ਸੁਆਰਨਾ' ਹੁੰਦਾ ਹੈ। ਉਹ ਲਿਖਦੇ ਹਨ "ਭਾਰਤੀ ਸਮਾਜ ਵਿੱਚ ਖਾਸ ਕਰਕੇ, ਸੇਵਾ 'ਕੀਤੀ' ਨਹੀਂ ਜਾਂਦੀ, ਸੇਵਾ 'ਕਮਾਈ' ਜਾਂਦੀ ਹੈ ਤਾਂ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਬਣਿਆ ਜਾ ਸਕੇ।"

ਅਜਿਹੀ ਪੁਸਤਕ ਦੀ ਤਰਕਸ਼ੀਲ ਲਹਿਰ ਨੂੰ ਬਹੁਤ ਲੋੜ ਸੀ। ਤਰਕਸ਼ੀਲ ਵਿਚਾਰਾਂ ਦੇ ਸਮਰਥਕ ਬਹੁਤ ਸਾਰੇ ਵਿਅਕਤੀ ਵਹਿਮਾਂ-ਭਰਮਾਂ-ਪਾਖੰਡਾਂ ਨੂੰ ਤਾਂ ਸ਼ਿੱਦਤ ਨਾਲ ਰੱਦ ਕਰਦੇ ਹਨ ਪਰ ਤਰਕਸ਼ੀਲਤਾ ਦੇ ਮੰਤਕੀ ਸਿੱਟੇ ਯਾਨੀ ਨਾਸਤਿਕਤਾ 'ਤੇ ਪਹੁੰਚਣ ਤੋਂ ਉਰੇ ਹੀ ਖੜ੍ਹ ਜਾਂਦੇ ਹਨ। ਇਹ ਕਿਤਾਬ ਇਸ ਖੜੋਤ ਨੂੰ ਤੋੜਦੀ ਹੈ। ਇਹ ਪੁਸਤਕ ਹਰ ਤਰਕਸ਼ੀਲ ਵਿਅਕਤੀ ਦੀ ਲਾਇਬ੍ਰੇਰੀ ਵਿੱਚ ਹੋਣੀ ਜਰੂਰੀ ਹੈ।

**98767 10809**

ਵਿਗਿਆਨ ਵਿੱਚ ਇਹ ਗੱਲ ਕਦੀ ਵੀ ਨਹੀਂ ਕਹੀ ਜਾਂਦੀ ਕਿ ਇਹੋ ਗੱਲ ਸਦੀਵੀ ਸੱਚ ਹੈ। ਖੋਜ ਲਗਾਤਾਰ ਚਲਦੀ ਰਹਿੰਦੀ ਹੈ, ਥਿਊਰੀਆਂ ਬਦਲਦੀਆਂ ਰਹਿੰਦੀਆਂ ਹਨ ਪਰ ਇੱਕ ਗੱਲ ਹੈਰਾਨੀ ਜਨਕ ਹੈ ਕਿ ਸਾਰੇ ਧਰਮ ਵਿਗਿਆਨ ਦੀ ਨਿਖੇਧੀ ਵੀ ਕਰਦੇ ਹਨ, ਹਰ ਇੱਕ ਗੱਲ ਦੀ ਵਿਗਿਆਨ ਤੋਂ ਪ੍ਰਮਾਣਕਿਤਾ ਵੀ ਲੈਣੀ ਚਾਹੁੰਦੇ ਹਨ। (ਜਿਵੇ ਕਿ ਹਰ ਕਹਾਣੀ ਪਿੱਛੇ ਕਹਿਣਗੇ ਵਿਗਿਆਨ ਵੀ ਇਸ ਨੂੰ ਮੰਨਦਾ ਹੈ) ਵਿਗਿਆਨ ਦੀਆਂ ਬਣਾਈਆਂ ਚੀਜਾਂ ਤੋਂ ਬਿਨਾਂ ਸਾਰਦੇ ਵੀ ਨਹੀਂ। ਇੱਕ ਗੱਲ ਯਾਦ ਰੱਖੋ ਕਿ ਵਿਗਿਆਨ ਬਿਨਾਂ ਨਹੀਂ ਸਰਨਾ, ਧਰਮ ਬਿਨ੍ਹਾਂ ਸਰਦਾ ਵੀ ਹੈ ਤੇ ਰਹੇਗਾ ਵੀ। ਦੁਨੀਆਂ ਦੀ ਅੱਧੀ ਅਬਾਦੀ ਬਿਨ੍ਹਾਂ ਧਰਮ ਤੋਂ ਹੈ। ਸਾਰੇ ਧਰਮਾਂ ਦੀ ਥਿਊਰੀ ਵੀ ਆਪਸ ਵਿੱਚ ਨਹੀਂ ਮਿਲਦੀ। ਹਰ ਕਿਸੇ ਦਾ ਕਹਿਣਾ ਹੈ ਕਿ ਉਸ ਦੇ ਧਰਮ ਦੀ ਥਿਊਰੀ ਹੀ ਸਹੀ ਹੈ ਬਾਕੀ ਗਲਤ। ਜਦੋਂ ਕਿ ਦੁਨੀਆਂ ਵਿੱਚ ਵਿਗਿਆਨ ਦੀ ਥਿਊਰੀ ਫੇਰ ਵੀ ਇੱਕੋ ਰਹਿੰਦੀ ਹੈ ਜਦੋਂ ਤੱਕ ਪ੍ਰਮਾਣਾਂ ਸਮੇਤ ਪੁਰਾਣੀ ਥਿਊਰੀ ਗਲਤ ਤੇ ਨਵੀਂ ਸਹੀ ਸਾਬਤ ਨਾ ਹੋ ਜਾਵੇ।

***ਜੈ ਸਿੰਘ ਕੱਕੜਵਾਲ ਦੀ ਫੇਸਬੁੱਕ ਪੋਸਟ***

# ਡਾਢਿਆਂ ਦਾ ਡਰ



ਰਜਿੰਦਰ ਭਦੌੜ

ਗਰਮੀ ਦਾ ਮੌਸਮ ਸੀ ਤੇ ਐਤਵਾਰ ਦਾ ਦਿਨ। ਘਰ ਅੱਗੇ ਆ ਕੇ ਆਟੋ ਰੁਕਿਆ। ਉਸ ਵਿੱਚੋਂ ਪਰਿਵਾਰ ਦੇ ਪੰਜ ਛੇ ਮੈਂਬਰ ਉੱਤਰੇ। ਉਨ੍ਹਾਂ ਵਿੱਚੋਂ ਇੱਕ ਮੈਂਬਰ ਜਾਣਿਆ ਪਹਿਚਾਣਿਆ ਲੱਗਾ ਜਿਹੜਾ ਪਹਿਲਾਂ ਵੀ ਇੱਕ ਕੇਸ ਲੈ ਕੇ ਆਇਆ ਸੀ। ਆਉਣ ਵਾਲਿਆਂ ਵਿੱਚ ਇੱਕ 13-14 ਸਾਲ ਦੀ ਲੜਕੀ ਵੀ ਸੀ। ਜਿਸ ਦੇ ਵਾਲਾਂ ਨੂੰ ਇੱਕ 50 ਕੁ ਸਾਲ ਦੇ ਮਾਲਾ ਪਹਿਨੀ ਵਿਅਕਤੀ ਨੇ ਗੰਢਾਂ ਮਾਰ ਕੇ ਫੜਿਆ ਹੋਇਆ ਸੀ। ਇਹ ਹੈਰਾਨ ਕਰਨ ਵਾਲ਼ਾ ਦ੍ਰਿਸ਼ ਸੀ।

**ਮੁੱਢਲੀ ਪੁੱਛ ਪੜਤਾਲ**

ਕੇਸ ਦੀ ਮੁਕੰਮਲ ਜਾਣਕਾਰੀ ਲਈ ਕਿਸੇ ਇੱਕ ਵਿਅਕਤੀ ਨੂੰ ਬੁਲਾਇਆ। ਲੜਕੀ ਦੀ ਮਾਂ ਸਾਡੇ ਕੋਲ ਆ ਕੇ ਦੱਸਣ ਲੱਗੀ, ਸਾਡਾ ਪਰਿਵਾਰ ਮਿਹਨਤ ਮਜ਼ਦੂਰੀ ਕਰਨ ਵਾਲ਼ਾ ਹੈ। ਅਸੀਂ ਆਪਣੀ ਦੁੱਧ ਦੀ ਲੋੜ ਪੂਰੀ ਕਰਨ ਲਈ ਇੱਕ ਦੋ ਪਸ਼ੂ ਵੀ ਰੱਖੇ ਹੋਏ ਹਨ। ਘਰ ਦੇ ਸਾਰੇ ਮੈਂਬਰ ਮਰਦ ਤੇ ਔਰਤਾਂ ਮਜ਼ਦੂਰੀ ਕਰਨ ਜਾਂਦੇ ਹਾਂ। ਮਗਰੋਂ ਪਸ਼ੂਆਂ ਦੀ ਸਾਂਭ ਸੰਭਾਲ ਇੱਕ ਬਜ਼ੁਰਗ ਤੇ ਬੱਚੇ ਕਰਦੇ ਹਨ। ਸਾਡੀ ਇਸ ਲੜਕੀ ਜੱਸੀ ਨੂੰ ਦੋ ਕੁ ਮਹੀਨਿਆਂ ਤੋਂ ਤਕਲੀਫ਼ ਹੈ। ਪਹਿਲਾਂ ਚੰਗੀ ਭਲੀ ਸੀ। ਸਿਆਣੀ ਤੇ ਆਗਿਆਕਾਰ। ਭੱਜ ਭੱਜ ਕੇ ਕੰਮ ਕਰਦੀ। ਕਦੇ ਕਿਸੇ ਕੰਮ ਤੋਂ ਟਾਲਾ ਨਹੀਂ ਸੀ ਵੱਟਦੀ। ਘਰ ਦਾ ਸਾਰਾ ਕੰਮ ਸੰਭਾਲਦੀ ਸੀ। ਪਸ਼ੂਆਂ ਦੀ ਸਾਂਭ ਸੰਭਾਲ ਦਾ ਜਿੰਮਾ ਵੀ ਏਹਦੇ ਸਿਰ ਹੀ ਸੀ। ਸ਼ੁਰੂ ਵਿੱਚ ਕੁੱਝ ਦਿਨ ਇਹ ਚੁੱਪ ਰਹੀ। ਫਿਰ ਗੱਲ ਗੱਲ 'ਤੇ ਖਿੱਝਣ ਲੱਗ ਪਈ। ਖਾਣ ਪੀਣ ਜਾਂ ਕੰਮ ਕਰਨ ਨੂੰ ਕਹਿੰਦੇ ਤਾਂ ਝਗੜਾ ਕਰਦੀ। ਦਿਨੋਂ ਦਿਨ ਇਸਦਾ ਸਰੀਰ ਕਮਜ਼ੋਰ ਹੋਣ ਲੱਗਾ। ਇਸਦੇ ਇਲਾਜ ਲਈ ਅਸੀਂ ਆਂਢ ਗੁਆਂਢ ਦੀ ਸਲਾਹ ਨਾਲ ਇਸ ਨੂੰ ਬਾਬਿਆਂ ਕੋਲ ਲਿਜਾਣਾ ਸ਼ੁਰੂ ਕੀਤਾ। ਕਈ ਬਾਬਿਆਂ ਤੋਂ ਧਾਗੇ, ਤਵੀਤ ਲਏ। ਕਿਤੋਂ ਕੋਈ ਫਰਕ ਨਾ ਪਿਆ। ਇੱਕ ਬਾਬੇ ਨੇ ਦੱਸਿਆ ਕਿ ਇਸਦੇ ਮਗਰ ਕਚੀਲ਼ ਲੱਗੀ ਹੈ। ਜਿਸਦੀ ਜਾਪੇ ਦੌਰਾਨ ਮੌਤ ਹੋ ਗਈ ਸੀ ਪਰ ਗਤੀ ਨੀਂ ਹੋਈ। ਜਦ ਉਸਨੇ ਇਸਦੇ ਵਾਲ ਫੜਕੇ ਦੋ ਤਿੰਨ ਚਿਮਟੇ ਮਾਰੇ ਤਾਂ ਇਸ ਵਿਚਲੀ ਚੀਜ ਸਿਰ ਚੜ੍ਹਕੇ ਬੋਲੀ। "ਮੈਂ ਇਸਦੀ ਚਾਚੀ ਹਾਂ, ਇਸਨੂੰ ਨਾਲ ਲੈ ਕੇ ਜਾਵਾਂਗੀ।" ਬਥੇਰਾ ਇਲਾਜ ਕਰਵਾਇਆ ਪਰ ਕਚੀਲ ਕਿਸੇ ਦੇ ਵੀ ਵੱਸ ਵਿੱਚ ਨਹੀਂ ਆਈ। ਹੁਣ ਜਿਹੜਾ ਬਾਬਾ ਕੁੜੀ ਦੇ ਵਾਲ ਫੜ ਕੇ ਲਿਆਇਆ, ਇਸਤੋਂ ਹੀ ਇਲਾਜ ਚਲਦਾ ਸੀ। ਹੁਣ ਤਾਂ ਇਹ ਬਾਬਾ ਵੀ ਹੱਥ ਖੜ੍ਹੇ ਕਰ ਗਿਆ ਕਿ ਚੀਜ਼ ਬਾਹਲੀ ਤਾਕਤਵਰ ਐ। ਮੇਰੇ ਵੱਸੋਂ ਬਾਹਰ ਐ। ਤੁਹਾਡੀ ਦੱਸ ਤਾਂ ਗੁਰਮੀਤ ਸਿੰਘ ਨੇ ਪਾਈ ਹੈ। ਸਾਨੂੰ ਤੁਹਾਡੇ ਕੋਲ਼ ਲੈ ਕੇ ਆਇਆ ਹੈ। ਤੁਸੀਂ ਹੀ ਸਾਡੀ ਕੁੜੀ ਦਾ ਪੱਕਾ ਇਲਾਜ ਕਰ ਸਕਦੇ ਹੋ। ਅਸੀਂ ਤਾਂ ਬਹੁਤ ਦੁਖੀ ਹਾਂ। ਸਾਰੇ ਟੱਬਰ ਦਾ ਕੰਮ ਛੁੱਟਿਆ ਪਿਆ ਹੈ।

ਮੇਰੇ ਇਹ ਪੱਛਣ 'ਤੇ ਕਿ ਬਾਬੇ ਨੂੰ ਨਾਲ ਕਿਉਂ ਲਿਆਂਦਾ ਹੈ। ਜੱਸੀ ਦੀ ਮਾਂ ਦਾ ਜੁਆਬ ਸੀ, ਜਦ ਲੜਕੀ ਨੂੰ ਇਸ ਬਾਬੇ ਦੇ ਡੇਰੇ ਲਿਜਾਂਦੇ ਹਾਂ ਤਾਂ ਚੀਜ਼ ਰਾਹ ਵਿੱਚ ਉਤਰ ਜਾਂਦੀ ਹੈ। ਵਾਪਸ ਮੁੜਦੇ ਹਾਂ ਤਾਂ ਮੁੜ ਕੁੜੀ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਇਸੇ ਲਈ ਅੱਜ ਇਹ ਬਾਬਾ ਚਾਚੀ ਨੂੰ ਇਸਦੇ ਵਾਲਾਂ ਵਿੱਚ ਬੰਨ੍ਹ ਕੇ ਲਿਆਇਆ ਹੈ। ਮਤੇ ਚੀਜ ਅੱਜ ਫਿਰ ਰਸਤੇ ਵਿੱਚ ਉਤਰ ਨਾ ਜਾਵੇ।

**ਸਵੈ ਕਥਨ**

ਕੁੜੀ ਦੀ ਮਾਂ ਨੂੰ ਬਾਹਰ ਭੇਜ ਕੇ ਪੀੜਿਤ ਕੁੜੀ ਜੱਸੀ ਨੂੰ ਅੰਦਰ ਬੁਲਾਇਆ। ਸਭ ਤੋਂ ਪਹਿਲਾਂ ਉਸਦੇ ਵਾਲਾਂ ਨੂੰ ਮਾਰੀਆਂ ਗੰਢਾਂ ਨੂੰ ਖੋਲ੍ਹਿਆ। ਉਸ ਤੋਂ ਪਿਆਰ ਨਾਲ ਉਸ ਦੀ ਹੁਣ ਤੱਕ ਦੀ ਜ਼ਿੰਦਗੀ ਬਾਰੇ ਜਾਣਿਆ ਤਾਂ ਉਸ ਦੱਸਿਆ ਕਿ ਉਹ ਕਦੇ ਸਕੂਲ ਨਹੀਂ ਗਈ। ਉਮਰ ਦੇ ਵਧਣ ਨਾਲ ਹੀ ਘਰ ਦੇ ਕੰਮ ਦੀ ਜ਼ਿੰਮੇਵਾਰੀ ਵੀ ਵਧਦੀ ਗਈ। ਘਰ ਦੇ ਚੁੱਲ੍ਹੇ ਚੌਂਕੇ ਦਾ ਕੰਮ ਤੇ ਨਾਲ ਹੀ ਪਸ਼ੂਆਂ ਦੀ ਸਾਂਭ ਸੰਭਾਲ ਦਾ ਕੰਮ ਵੀ ਮੇਰੇ ਜ਼ਿੰਮੇ ਆਇਆ। ਘਰ ਦਾ ਸਾਰੇ ਮੈਂਬਰ ਮਜ਼ਦੂਰੀ ਕਰਨ ਜਾਂਦੇ ਹਨ। ਸਵੇਰੇ ਸੁਵੱਖਤੇ ਜਾਂਦੇ ਤੇ ਸ਼ਾਮ ਨੂੰ ਲੇਟ ਆਉਂਦੇ ਹਨ। ਪਸ਼ੂਆਂ ਦੇ ਪੱਠੇ ਦੱਥੇ ਦਾ ਕੰਮ ਵੀ ਮੈਨੂੰ ਕਰਨਾ ਪੈਂਦਾ। ਕੰਮ ਤਾਂ ਸਰ ਜੀ ਕਰਨਾ ਹੀ ਹੈ। ਇਸ ਤੋਂ ਬਿਨਾ ਸਰਦਾ ਨਹੀਂ।

**ਡਾਢਿਆਂ ਦਾ ਡਰ**

ਗੱਲ ਘਟਨਾ ਦੇ ਅਸਲ ਕਾਰਣ ਵੱਲ ਤੁਰ ਪਈ। ਮੈਂ ਹਮਦਰਦੀ ਨਾਲ ਉਸਨੂੰ ਸਮਝਾਇਆ ਕਿ ਤੈਨੂੰ ਭੂਤਾਂ ਨੇ ਪ੍ਰੇਸ਼ਾਨ ਨਹੀਂ ਕੀਤਾ। ਅਸਲ ਕਾਰਣ ਤਾਂ ਹੋਰ ਹੈ। ਉਹ ਤੇਰੇ ਕੰਮ ਦੇ ਬੋਝ ਵਿੱਚੋਂ ਹੀ ਹੈ। ਅਜਿਹਾ ਕਿਹੜਾ ਕੰਮ ਜਿਹੜਾ ਕਰਨ ਨੂੰ ਤੇਰਾ ਮਨ ਨਾ ਕਰਦਾ ਹੋਵੇ। ਮੈਂ ਜੱਸੀ ਤੋਂ ਜਾਣਨਾ ਚਾਹਿਆ ਕਿ ਆਖਰ ਉਹ ਕਿਹੜੀ ਚਿੰਤਾ ਬਾਕੀ ਪੰਨਾ 12 'ਤੇ ...

# ਮਨ ਦੀ ਮੁਰਾਦ



**ਸ਼ਮਸ਼ੇਰ ਚੋਰਮਾਰ**

ਕਾਲਾਂਵਾਲ਼ੀ ਇਕਾਈ ਕੋਲ ਅਜਬ ਦਿਲਚਸਪ ਕੇਸ ਆਇਆ। 13 ਕੁ ਸਾਲ ਦੇ ਲੜਕੇ ਨੂੰ ਸ਼ਾਮ ਦੇ ਸਮੇਂ ਕੋਈ ਅਗਵਾ ਕਰਕੇ ਲੈ ਗਿਆ। ਕਿਵੇਂ ਨਾ ਕਿਵੇਂ ਉਹ ਆਵਦੇ ਪਿੰਡ ਤੋਂ 50 ਕਿਲੋਮੀਟਰ ਦੂਰ ਕਿਸੇ ਸ਼ਹਿਰ ਵਿੱਚ ਰਾਤ ਦੇ 9 ਵਜੇ ਅਗਵਾਕਾਰਾਂ ਦੇ ਚੁੰਗਲ ਵਿੱਚੋਂ ਬਚ ਨਿਕਲਿਆ। ਇੱਕ ਹੋਟਲ 'ਤੇ ਪਹੁੰਚ ਆਪਣੇ ਘਰ ਫ਼ੋਨ ਕਰਵਾਇਆ। ਉਸਦੇ ਮਾਪੇ ਉਸਨੂੰ ਭਾਲਦੇ ਭਾਲਦੇ ਉਸ ਕੋਲ ਪਹੁੰਚ ਗਏ। ਲੜਕਾ ਰੋ ਰਿਹਾ ਸੀ, ਨਾਲ਼ੇ ਡਰ ਦਾ ਮਾਰਾ ਕੰਬ ਰਿਹਾ ਸੀ। ਥੋੜ੍ਹੀ ਬਹੁਤ ਪੁਲਿਸ ਕਾਰਵਾਈ ਉਪਰੰਤ ਪਰਿਵਾਰ ਦੇ ਮੈਂਬਰ ਲੜਕੇ ਨੂੰ ਲੈ ਕੇ ਉਸੇ ਸਮੇਂ ਘਰ ਪਰਤ ਆਏ। ਲੜਕਾ ਬਹੁਤ ਸਦਮੇ ਵਿੱਚ ਸੀ। ਉਹ ਗੁੰਮ ਸੁੰਮ ਰਹਿਣ ਲੱਗਾ। ਵਾਰ ਵਾਰ ਸਿਰ ਦਰਦ, ਲੱਤਾਂ ਬਾਹਾਂ ਚ ਦਰਦ ਹੋਣ ਦੀ ਗੱਲ ਕਰਦਾ। ਪਰਿਵਾਰ ਨੂੰ ਕਿਸੇ ਨੇ ਸਲਾਹ ਦਿੱਤੀ ਇਸਨੂੰ ਕੁੱਝ ਸੁੰਘਾਇਆ ਹੋਇਆ ਜਿਸਦਾ ਅਸਰ ਇਸਦੇ ਦਿਮਾਗ 'ਤੇ ਪੈ ਗਿਆ ਹੈ। ਤੁਸੀਂ ਕਿਸੇ ਚੰਗੇ ਡਾਕਟਰ ਨੂੰ ਵਿਖਾਓ। ਇਹ ਗੱਲ ਲੜਕਾ ਵੀ ਦਸਦਾ। ਜਦ ਉਨ੍ਹਾਂ ਮੈਨੂੰ ਬੇਹੋਸ਼ ਕੀਤਾ ਤਾਂ ਮੈਨੂੰ ਕੁੱਝ ਵੀ ਪਤਾ ਨਹੀਂ ਲੱਗ ਰਿਹਾ। ਕਾਫ਼ੀ ਸਮੇਂ ਬਾਅਦ ਸੁਰਤ ਆਉਣ 'ਤੇ ਮੈਂ ਆਪਣੇ ਸਿਰ 'ਤੇ ਸਫੈਦ ਕੱਪੜਾ ਵੇਖਿਆ।

ਪਹਿਲੇ ਡਾਕਟਰ ਨੇ ਥੋੜ੍ਹੀ ਦਵਾਈ ਦਿੱਤੀ। ਠੀਕ ਨਾਂ ਹੋਣ ਤੇ ਚਾਰ ਪੰਜ ਦਿਨ ਬਾਅਦ ਦੂਜੇ ਡਾਕਟਰ ਕੋਲ਼ ਗਏ। ਉਸਨੇ ਸਿਰ ਅਤੇ ਖ਼ੂਨ ਦੇ ਕਈ ਟੈਸਟ ਕਰਵਾਏ। ਰਿਪੋਰਟਾਂ ਨਾਰਮਲ ਆਈਆਂ। ਹਫ਼ਤੇ ਦੀ ਦਵਾਈ ਲਈ, ਫਿਰ ਵੀ ਲੜਕੇ ਨੂੰ ਦਵਾਈ ਨਾਲ ਕੋਈ ਫ਼ਰਕ ਨਾ ਪਿਆ। ਫਿਰ ਉਹ ਲੜਕੇ ਨੂੰ ਇਲਾਜ ਲਈ ਸ਼ਹਿਰ ਦੇ ਕਿਸੇ ਪ੍ਰਸਿੱਧ ਡਾਕਟਰ ਕੋਲ ਲੈ ਕੇ ਗਏ। ਉਸਨੇ ਸਿਟੀ ਸਕੈਨ ਤੋਂ ਲੈ ਸਰੀਰ ਦੇ ਲਗਭਗ ਸਾਰੇ ਟੈਸਟ ਕਰਵਾਏ ਜਿੰਨਾਂ ਦੀਆਂ ਰਿਪੋਰਟਾਂ ਵੀ ਨਾਰਮਲ ਆਈਆਂ। ਡਾਕਟਰ ਨੇ ਇੱਕ ਹਫ਼ਤੇ ਦੀ ਦਵਾਈ ਦਿੱਤੀ। ਨਾਲ਼ੇ ਕਿਹਾ ਕਿ ਇਹ ਜਲਦ ਠੀਕ ਹੋ ਜਾਵੇਗਾ ਬਿਮਾਰੀ ਜਾਂ ਕਿਸੇ ਨਸ਼ੇ ਕੈਮੀਕਲ ਦਾ ਇਸ 'ਤੇ ਕੋਈ ਅਸਰ ਨਹੀਂ ਹੈ।

ਖ਼ੈਰ ਹੁਣ ਪਿਛਲੇ ਪੰਜ ਦਿਨਾਂ ਤੋਂ ਉਸ ਡਾਕਟਰ ਦੀ ਦਵਾਈ ਚੱਲ ਰਹੀ ਸੀ। ਲੜਕਾ ਠੀਕ ਹੋਣ ਦੀ ਥਾਵੇਂ ਨਵੀਂ ਸਮੱਸਿਆ ਦਾ ਸ਼ਿਕਾਰ ਬਣ ਗਿਆ। ਉਸ ਨੂੰ ਚੱਲਣ ਫਿਰਨ ਵਿੱਚ ਮੁਸ਼ਕਲ ਹੋਣ ਲੱਗੀ। ਏਥੋਂ ਤੱਕ ਉਸ ਨੂੰ ਮੰਜੇ ਤੋਂ ਉਠਾਉਣ ਲਈ ਵੀ ਸਹਾਰਾ ਦੇਣਾ ਪੈਂਦਾ। ਲੱਤ ਵੀ ਹੱਥਾਂ ਨਾਲ਼ ਚੁੱਕ ਕੇ ਪਾਸੇ ਕਰਨੀ ਪੈਂਦੀ। ਉਸਦੀ ਆਵਾਜ਼ ਵੀ ਨਿਕਲਣੀ ਬੰਦ ਹੋਣ ਲੱਗ ਪਈ।

ਇਹ ਵੇਖ ਪਰਿਵਾਰ ਦੀ ਪ੍ਰੇਸ਼ਾਨੀ ਵਧਣ ਲੱਗੀ। ਉਨ੍ਹਾਂ ਨੂੰ ਕੁੱਝ ਸਮਝ ਨੀਂ ਸੀ ਆ ਰਿਹਾ। ਡਾਕਟਰੀ ਇਲਾਜ ਤੋਂ ਬਾਅਦ ਉਨ੍ਹਾਂ ਨੂੰ ਇਕੋ ਰਾਹ ਹੀ ਨਜ਼ਰ ਆਇਆ। ਉਹ ਚੇਲਿਆਂ, ਅਖੌਤੀ ਬਾਬਿਆਂ ਤੇ ਤੰਤਰ ਮੰਤਰ ਕਰਨ ਵਾਲਿਆਂ ਕੋਲ਼ ਜਾਣ ਲੱਗੇ। ਇੱਕ ਦੋ ਬਾਬਿਆਂ ਨੇ ਉਨ੍ਹਾਂ ਤੋਂ ਚੰਗੇ ਪੈਸੇ ਵੀ ਝਾੜੇ। ਉਹ ਕਹਿੰਦੇ ਇੱਕ ਬਾਬਾ ਫੂਕਾਂ ਮਾਰਕੇ ਠੀਕ ਕਰਦਾ। ਉਸਨੇ ਬਹੁਤ ਫੂਕਾਂ ਮਾਰੀਆਂ ਪਰ ਲੜਕਾ ਠੀਕ ਨਾ ਹੋਇਆ।

ਡਾਕਟਰੀ ਇਲਾਜ ਤੇ ਚੇਲਿਆਂ, ਬਾਬਿਆਂ ਦਾ ਸਤਾਇਆ ਪਰਿਵਾਰ ਢੇਰੀ ਢਾਹ ਕੇ ਬੈਠ ਗਿਆ। ਹੁਣ ਹੋਰ ਕੋਈ ਰਾਹ ਵੀ ਨਹੀਂ ਬਚਿਆ, ਕਿੱਧਰ ਜਾਂਦੇ! ਪਰਿਵਾਰ ਦੀ ਬੇਚੈਨੀ ਵਧਣ ਲੱਗੀ। ਲੜਕੇ ਦੀ ਹਾਲਤ ਵਿੱਚ ਵੀ ਹੋਰ ਨਿਘਾਰ ਆਉਣ ਲੱਗਾ। ਕਿਸੇ ਸੱਜਣ ਨੇ ਔਖੀ ਘੜੀ ਵਿੱਚ ਉਨ੍ਹਾਂ ਨੂੰ ਕਾਲਾਂਵਾਲ਼ੀ ਦੇ ਤਰਕਸ਼ੀਲਾਂ ਦੀ ਦੱਸ ਪਾਈ। ਇਹ ਜਾਣ ਕੇ ਪਰਿਵਾਰ ਨੂੰ ਆਸ ਦੀ ਕਿਰਨ ਵਿਖਾਈ ਦਿੱਤੀ। ਉਹ ਮੇਰੇ ਰਿਸ਼ਤੇਦਾਰ ਨੂੰ ਲੈ ਕੇ ਕਾਲਾਂਵਾਲੀ ਮਾਨਸਿਕ ਮਸ਼ਵਰਾ ਕੇਂਦਰ ਪਹੁੰਚ ਗਏ। ਲੜਕੇ ਨੂੰ ਦੋ ਜਣਿਆਂ ਨੇ ਚੁੱਕ ਕੇ ਮੰਜੇ 'ਤੇ ਆ ਲਿਟਾਇਆ। ਲੜਕਾ ਜ਼ਿਆਦਾ ਗੱਲ ਕਰਨ ਦੀ ਹਾਲਤ ਵਿੱਚ ਨਹੀਂ ਸੀ। ਇਸਦੇ ਬਾਵਜੂਦ ਅਸੀਂ ਲਗਾਤਾਰ ਢਾਈ ਤਿੰਨ ਘੰਟਿਆਂ ਤੱਕ ਸਿੱਧੇ ਅਸਿੱਧੇ ਢੰਗ ਨਾਲ਼ ਉਸਦੀ ਕੌਂਸਲਿੰਗ ਕੀਤੀ। ਇੱਕ ਜਾਦੂ ਦੀ ਟ੍ਰਿਕ ਕਰਕੇ ਉਸਦਾ ਹੌਂਸਲਾ ਵਧਾਉਣ ਦੀ ਕੋਸ਼ਿਸ਼ ਕੀਤੀ। ਉਸ ਤੋਂ ਅਗਵਾ ਦੀ ਘਟਨਾ ਬਾਰੇ ਕੋਈ ਸੁਆਲ ਨਹੀਂ ਕੀਤੇ ਗਏ, ਸਗੋਂ ਉਸਦੇ ਸਾਹਮਣੇ ਉਹਦੇ ਘਰਦਿਆਂ ਨੂੰ ਇਹ ਕਿਹਾ ਕਿ ਇਸ ਵਿਸ਼ੇ 'ਤੇ ਅੱਗੇ ਕੋਈ ਗੱਲ ਨਹੀਂ ਕਰਨੀ। ਲੜਕੇ ਦੀਆਂ ਇੱਛਾਵਾਂ, ਰੁਚੀਆਂ ਨੂੰ ਧਿਆਨ ਵਿੱਚ ਰਖਦਿਆਂ ਇਸਨੂੰ ਰਚਨਾਤਮਕ ਕੰਮਾਂ ਵੱਲ ਮੋੜਨ ਦੇ ਸੁਝਾਅ ਦਿੱਤੇ। ਲੜਕੇ ਦੀ ਪੱਕ ਚੁੱਕੀ ਅਰਧ ਚੇਤਨਤਾ ਨੂੰ ਤੋੜਨ ਲਈ ਕੁੱਝ ਗਤੀਵਿਧੀਆਂ ਕਰਨ ਲਈ ਡਿਊਟੀ ਲਾਈ। ਉਸਨੂੰ ਡਰ, ਸਦਮੇ ਵਿੱਚੋਂ ਬਾਹਰ ਕੱਢਣ ਲਈ ਉਸ ਨਾਲ ਕੁੱਝ ਕੇਸ ਰਿਪੋਰਟਾਂ ਸਾਂਝੀਆਂ ਕੀਤੀਆਂ। ਪਰਿਵਾਰਕ ਮੈਂਬਰਾਂ ਨੂੰ ਹੌਂਸਲਾ ਦਿੱਤਾ। ਨਕਰਾਤਮਕ ਦੀ ਥਾਂ

ਹਾਂ ਪੱਖੀ ਨਜ਼ਰੀਆ ਅਪਣਾਉਣ ਲਈ ਪ੍ਰੇਰਿਆ। ਸੰਮੋਹਨ ਕਰਨ ਦੀ ਵਿਉਂਤ ਸਿਰੇ ਨਾ ਚੜ੍ਹੀ ਕਿਉਂਕਿ ਉਹ ਜਿਆਦਾ ਸਹਿਯੋਗ ਨਹੀਂ ਸੀ ਕਰ ਰਿਹਾ। ਪਰਿਵਾਰ ਨੂੰ ਕੁੱਝ ਦਿਨਾਂ ਬਾਅਦ ਲੜਕੇ ਨਾਲ ਮਸ਼ਵਰਾ ਕੇਂਦਰ ਆਉਣ ਦੀ ਹਦਾਇਤ ਕੀਤੀ ਗਈ।

ਕਾਲਾਂਵਾਲੀ ਤੋਂ ਵਾਪਸ ਜਾਂਦਿਆਂ ਮੈਂ ਉਨ੍ਹਾਂ ਨੂੰ ਆਪਣੇ ਨਾਲ ਘਰ ਲੈ ਗਿਆ। ਲੜਕਾ ਮੇਰੇ ਨਾਲ ਘੁਲਣ ਮਿਲਣ ਲੱਗ ਪਿਆ। ਚਾਹ ਪਾਣੀ ਪੀਂਦਿਆਂ ਦੌਰਾਨ ਮੈਂ ਲੜਕੇ ਨੂੰ ਕਿਹਾ, "ਤੂੰ ਆਪਣੇ ਆਪ ਉੱਠਣ ਬਹਿਣ ਤੇ ਤੁਰਨ ਫਿਰਨ ਲੱਗ ਪੈ, ਤੈਨੂੰ ਘਰ ਦਿਆਂ ਤੋਂ ਮੋਬਾਇਲ ਦਿਵਾ ਦੇਵਾਂਗਾ।" ਬੱਸ ਏਨੀਂ ਗੱਲ ਕਰਨ 'ਤੇ ਮੁੰਡਾ ਹੁਣ ਖਹਿੜੇ ਪੈ ਗਿਆ। ਅਖੇ ਮੈਨੂੰ ਮੋਬਾਇਲ ਜਲਦੀ ਦਿਵਾਓ। ਰਸਤੇ ਵਿੱਚ ਜਾਂਦਿਆਂ ਹੀ ਉਸਨੂੰ ਨਵਾਂ ਮੋਬਾਈਲ ਫ਼ੋਨ ਦਿਵਾ ਦਿੱਤਾ। ਘੰਟੇ ਦੋ ਘੰਟਿਆਂ ਬਾਅਦ ਉਹ ਆਪਣੇ ਘਰ ਪਹੁੰਚ ਕੇ ਮੈਨੂੰ ਵੀਡੀਓ ਕਾਲ ਕਰਕੇ ਆਪਣੇ ਆਪ ਚੱਲਣ ਦੀ ਵੀਡੀਓ ਭੇਜਦਿਆਂ ਕਹਿਣ ਲੱਗਾ, ਸਰ ਮੈਂ ਠੀਕ ਹੋ ਗਿਆ ਹਾਂ। ਹੁਣ ਮੈਂ ਬਿਨਾਂ ਕਿਸੇ ਸਹਾਰੇ ਤੋਂ ਚੱਲ ਸਕਦਾ ਹਾਂ। ਮੇਰੀ ਅਵਾਜ਼ ਵੀ ਠੀਕ ਹੋ ਗਈ ਏ। ਮੈਂ ਜਲਦੀ ਸਕੂਲ ਵੀ ਜਾਵਾਂਗਾ। ਜੇਕਰ ਕੋਈ ਸਮੱਸਿਆ ਹੋਈ ਮੈਂ ਤੁਹਾਨੂੰ ਫ਼ੋਨ ਕਰ ਲਿਆ ਕਰੂੰ। ਇਸਤੋਂ ਬਾਅਦ ਉਸਦੀ ਮਾਂ ਅਤੇ ਪਰਿਵਾਰਕ ਮੈਂਬਰਾਂ ਨੇ ਫ਼ੋਨ 'ਤੇ ਹੀ ਮੇਰੇ ਨਾਲ ਗੱਲਬਾਤ ਕੀਤੀ ਤੇ ਲੜਕੇ ਦੇ ਠੀਕ ਹੋਣ ਦੀ ਖੁਸ਼ ਖ਼ਬਰ ਸੁਣਾਈ। ਨਾਲ ਹੀ ਉਨ੍ਹਾਂ ਲੜਕੇ ਨੂੰ ਠੀਕ ਕਰਨ ਲਈ ਸਮੁੱਚੀ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ। ਪੂਰੀ ਹੋਈ ਲੜਕੇ ਦੇ ਮਨ ਦੀ ਚਾਹਤ ਨਾਲ ਪਰਿਵਾਰ ਦੀ ਜ਼ਿੰਦਗੀ ਮੁੜ ਲੀਹ ਪੈ ਗਈ।

: 94167 09342

### ਕੀ ਕਰਨਾ ਲੋੜੀਏ !

ਭਗਤ ਸਿੰਘ ਦੀਆਂ ਲਿਖਤਾਂ ਸਾਨੂੰ ਇਹ ਸਿਖਾਉਂਦੀਆਂ ਹਨ ਕਿ ਸਾਨੂੰ ਕਿੰਨੀ ਲਗਨ, ਮਿਹਨਤ, ਸਿਦਕ, ਸਿਰੜ ਤੇ ਸ਼ਿੱਦਤ ਨਾਲ ਵੱਖ ਵੱਖ ਸੋਮਿਆਂ ਤੋਂ ਪੈਦਾ ਹੁੰਦੇ ਗਿਆਨ ਨੂੰ ਗ੍ਰਹਿਣ ਕਰਨ ਦੀ ਜ਼ਰੂਰਤ ਹੈ। ਇਸ ਸਮੇਂ ਭਗਤ ਸਿੰਘ ਦੇ ਇਨ੍ਹਾਂ ਸ਼ਬਦਾਂ ਨੂੰ ਵੀ ਯਾਦ ਕਰਨ ਦੀ ਲੋੜ ਹੈ, "ਮਜ਼ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿੱਚ ਰੁਕਾਵਟ ਹਨ। ਇਨ੍ਹਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਸਾਡਾ ਅਸਲੀ ਸੰਘਰਸ਼ ਆਪਣੀਆਂ ਕਮਜ਼ੋਰੀਆਂ ਵਿਰੁੱਧ ਹੈ।"

**ਸਵਰਾਜਬੀਰ**

**ਪੰਨਾ 10 ਦਾ ਬਾਕੀ...** ਹੈ, ਜਿਸ ਜਿਹੜੀ ਤੈਨੂੰ ਸਤਾਉਂਦੀ ਤੇ ਪ੍ਰੇਸ਼ਾਨ ਕਰਦੀ ਹੈ। ਜਿਸ ਸਦਕਾ ਤੇਰੇ ਸਮੇਤ ਸਾਰਾ ਪਰਿਵਾਰ ਉਲਝਣ ਵਿੱਚ ਫਸ ਗਿਆ ਹੈ। ਇਸੇ ਨਾਲ ਹੀ ਤੇਰੇ ਸੁਭਾਅ ਵਿੱਚ ਤਬਦੀਲੀ ਆਈ ਹੈ। ਕਾਫ਼ੀ ਲੰਬੀ ਗੱਲਬਾਤ ਕਰਨ ਤੇ ਸਮਝਾਉਣ ਤੋਂ ਬਾਅਦ ਉਸ ਨੇ ਮਨ ਦਾ ਭੇਦ ਖੋਲ੍ਹਿਆ। "ਕੰਮ ਕਰਨ ਦੀ ਮੈਨੂੰ ਕੋਈ ਤਕਲੀਫ਼ ਨਹੀਂ ਹੈ ਸਰ ਜੀ। ਕੰਮ ਤਾਂ ਮੈਨੂੰ ਭਾਵੇਂ ਘਰ ਦੇ ਏਨਾ ਹੋਰ ਦੇ ਦੇਣ। ਮੈਂ ਕਰ ਦਿਆ ਕਰੂੰ। ਸਰ ਜੀ ਜਦੋਂ ਖੇਤਾਂ ਵਿੱਚ ਪਸ਼ੂਆਂ ਲਈ ਘਾਹ ਖੋਤਣ ਜਾਈਦਾ ਤਾਂ ਖ਼ੇਤਾਂ ਦੇ ਮਾਲਕਾਂ ਦੀਆਂ ਨਜ਼ਰਾਂ ਖਾਣ ਨੂੰ ਆਉਂਦੀਆਂ ਨੇ। ਕੱਲ੍ਹ ਨੂੰ ਕਿਸੇ ਨੇ....।" ਕਹਿੰਦੀ ਕਹਿੰਦੀ ਉਹ ਰੋਣ ਲੱਗ ਪਈ। ਸਾਰੀ ਸਥਿਤੀ ਸਾਫ਼ ਹੋ ਗਈ ਸੀ। ਜੱਸੀ ਦੇ ਮਨ ਵਿੱਚ ਵਸਿਆ ਡਾਢਿਆਂ ਦਾ ਡਰ ਸਮਾਜ ਦੇ ਕੁਹਜ ਨੂੰ ਨੰਗਾ ਕਰ ਗਿਆ।

**ਚਾਚੀ ਦਾ ਭੂਤ**

ਫ਼ਿਰ ਮੈਂ ਉਸਨੂੰ ਪੁੱਛਿਆ ਕਿ ਤੇਰੇ ਵਿੱਚ ਚਾਚੀ ਦਾ ਭੂਤ ਕਿਧਰੋਂ ਆਇਆ। ਉਹ ਦੱਸਣ ਲੱਗੀ, ਭੂਤ ਕੱਢਣ ਵਾਲੇ ਬਾਬੇ ਵੀ ਤੇ ਮੇਰੇ ਘਰ ਦੇ ਵੀ ਮੇਰੇ ਵਾਲਾਂ ਨੂੰ ਮਰੋੜ ਮਰੋੜ ਪੁੱਛਦੇ ਸੀ ਕਿ ਦੱਸ ਤੂੰ ਕੌਣ ਹੈਂ ? ਪਹਿਲਾਂ ਪਹਿਲ ਤਾਂ ਮੈਂ ਆਖ ਦਿਆ ਕਰਦੀ ਸੀ ਕਿ ਮੈਂ ਜੱਸੀ ਹੀ ਹਾਂ। ਫਿਰ ਜਦੋਂ ਉਹ ਮੇਰੇ ਵਾਲ ਜਿਆਦਾ ਹੀ ਪੁੱਟਣ ਲੱਗੇ ਤਾਂ ਮੈਂ ਸਾਡੇ ਘਰਾਂ ਵਿੱਚੋਂ ਮਰੀ ਹੋਈ ਚਾਚੀ ਦਾ ਨਾਂ ਲੈਣਾ ਸ਼ੁਰੂ ਕਰ ਦਿੱਤਾ। ਕਿਉਂਕਿ ਸਾਡੇ ਘਰਾਂ ਵਿੱਚ ਕਈਆਂ ਨੂੰ ਪਹਿਲਾਂ ਵੀ ਚਾਚੀ ਦੀ ਕਸਰ ਹੁੰਦੀ ਸੀ।

**ਡਾਹਰ**

ਜੱਸੀ ਨਾਲ ਆਏ ਪਰਿਵਾਰ ਦੇ ਮੈਂਬਰਾਂ ਨੂੰ ਅੰਦਰ ਬੁਲਾਇਆ। ਸਾਰਿਆਂ ਨੂੰ ਦੱਸਿਆ ਕਿ ਜੱਸੀ ਹੁਣ ਬਿਲਕੁਲ ਠੀਕ ਹੈ। ਅੱਜ ਤੋਂ ਬਾਅਦ ਇਸ ਨੂੰ ਇੱਕਲਿਆਂ ਕਦੇ ਵੀ ਘਾਹ ਖੋਤਣ ਲਈ ਖੇਤਾਂ ਵਿੱਚ ਨਹੀਂ ਭੇਜਣਾ।

ਕੋਸ਼ਿਸ਼ ਕਰਨੀ ਹੈ ਕਿ ਇਸ ਨੂੰ ਘਰ ਵਿੱਚ ਕਰਨ ਲਈ ਹੀ ਕੰਮ ਸੌਂਪਿਆ ਜਾਵੇ। ਜੇਕਰ ਘਰ ਦਾ ਕੰਮ ਵੰਡ ਕੇ ਕਰਿਆ ਜਾਵੇ ਤਾਂ ਹੋਰ ਵੀ ਬੇਹਤਰ ਹੋਵੇਗਾ। ਉਨ੍ਹਾਂ ਨੂੰ ਇਹ ਆਖ ਕੇ ਵਾਪਸ ਭੇਜਿਆ ਗਿਆ ਕਿ ਅੱਜ ਤੋਂ ਬਾਅਦ ਕਦੇ ਕੋਈ ਤਕਲੀਫ਼ ਹੋਵੇ ਤਾਂ ਫ਼ੋਨ 'ਤੇ ਗੱਲ ਕਰ ਲੈਣਾ। ਤਿੰਨ ਚਾਰ ਦਿਨਾਂ ਬਾਅਦ ਹੀ ਉਨ੍ਹਾਂ ਦਾ ਫ਼ੋਨ ਆ ਗਿਆ ਕਿ ਜੱਸੀ ਹੁਣ ਬਿਲਕੁਲ ਠੀਕ ਹੈ। ਅਗਿਆਨਤਾ ਵੱਸ ਅੰਧਵਿਸ਼ਵਾਸਾਂ ਦੇ ਚੱਕਰਵਿਊ ਵਿੱਚ ਫਸਿਆ ਕਿਰਤੀ ਪਰਿਵਾਰ ਤਰਕਸ਼ੀਲ ਪਹੁੰਚ ਨਾਲ ਜ਼ਿੰਦਗੀ ਦੇ ਰਾਹ ਪੈ ਗਿਆ।

: 98728 74620

# "ਗ਼ਦਰ" ਲਹਿਰ ਦੀ ਮਹਾਨ ਵਿਰਾਸਤ

ਬਲਬੀਰ ਲੌਂਗੋਵਾਲ

ਗ਼ਦਰ ਲਹਿਰ ਦਾ ਬਰਤਾਨਵੀ ਹਕੂਮਤ ਖਿਲਾਫ਼ ਜੱਦੋਜਹਿਦ ਦਾ ਸ਼ਾਨਾਮੱਤਾ ਇਤਿਹਾਸ ਹੈ। ਗ਼ਦਰ ਪਾਰਟੀ ਪਹਿਲੀ ਉਹ ਵਿਸ਼ਵ ਨਜ਼ਰੀਏ ਵਾਲੀ ਰਾਜਨੀਤਕ ਪਾਰਟੀ ਸੀ ਜਿਸ ਨੇ ਸਭ ਤੋਂ ਪਹਿਲਾਂ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਹਥਿਆਰਬੰਦ ਬਗ਼ਾਵਤ ਰਾਹੀਂ ਦੇਸ਼ ਨੂੰ ਮੁਕੰਮਲ ਤੌਰ 'ਤੇ ਆਜ਼ਾਦ ਕਰਵਾ ਕੇ ਗ਼ੈਰ-ਫਿਰਕੂ ਜਮਹੂਰੀ ਰਾਜ ਕਾਇਮ ਕਰਨ ਦੇ ਅਮਲੀ ਸੰਘਰਸ਼ ਦਾ ਆਗਾਜ਼ ਕੀਤਾ। ਉਦੋਂ ਤੱਕ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਕਾਂਗਰਸ ਦੇ ਏਜੰਡੇ 'ਤੇ "ਮੁਕੰਮਲ ਆਜ਼ਾਦੀ" ਦਾ ਕਿਧਰੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਕਾਂਗਰਸ ਦੇ ਆਗੂ ਅੰਗਰੇਜ਼ਾਂ ਦੀ ਛਤਰ ਛਾਇਆ ਹੇਠ ਅਜੇ ਕੁੱਝ ਰਿਆਇਤਾਂ ਪ੍ਰਾਪਤ ਕਰਨ ਦੀ 'ਭੀਖ' ਹੀ ਮੰਗ ਰਹੇ ਸੀ। ਇਹ ਉਹ ਦੌਰ ਸੀ ਜਦੋਂ ਇੱਕ ਪਾਸੇ ਤਾਂ ਦੇਸ਼ ਦੀ ਜਨਤਾ ਗ਼ਰੀਬੀ, ਭੁੱਖ, ਕੰਗਾਲੀ, ਬਿਮਾਰੀਆਂ ਦੀ ਭਿਆਨਕ ਮਾਰ ਹੇਠ ਸੀ, ਦੂਜੇ ਪਾਸੇ ਮੁਲਕ ਦੇ ਅਮੀਰ ਜਾਗੀਰਦਾਰ ਅੰਗਰੇਜ਼ਾਂ ਕੋਲੋਂ, ਆਪਣੇ ਵੱਲੋਂ ਉਹਨਾਂ ਦੀ ਕੀਤੀ ਜਾਂਦੀ ਸੇਵਾ ਬਦਲੇ ਰਾਇ-ਬਹਾਦਰੀਆਂ, ਸਰਦਾਰ-ਬਹਾਦਰੀਆਂ, ਖ਼ਾਨ-ਬਹਾਦਰੀਆਂ ਆਦਿ ਖ਼ਿਤਾਬ ਲੈ ਕੇ 'ਅੰਗਰੇਜ਼ ਰਾਜ ਦੀਆਂ ਬਰਕਤਾਂ' ਦੀ ਵਜਾਈ ਜਾਂਦੀ ਬੀਨ 'ਤੇ ਨਾਚ ਨੱਚਦੇ ਹੋਏ 'ਅੰਗਰੇਜ਼ ਮਾਈ ਬਾਪ' ਦੇ ਸ਼ੋਹਲੇ ਗਾ ਰਹੇ ਸੀ। ਦੁਖੀ-ਭੁੱਖੀ ਜਨਤਾ ਆਪਣੀਆਂ ਥੋੜ੍ਹੀਆਂ-ਮੋਟੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਰੁਜਗਾਰ ਦੀ ਭਾਲ ਵਿੱਚ ਵਿਦੇਸ਼ਾਂ, ਵਿਸ਼ੇਸ਼ ਕਰਕੇ ਅਮਰੀਕਾ, ਕਨੇਡਾ, ਮਨੀਲਾ, ਫਿਲਪਾਇਨ ਆਦਿ ਵੱਲ ਅੱਜ ਵਾਂਗ ਹੀ ਪਰਵਾਸ ਕਰ ਰਹੀ ਸੀ। ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਵਿਦੇਸ਼ੀ ਧਰਤੀ ਤੋਂ ਬਰਤਾਨਵੀ ਰਾਜ ਖ਼ਿਲਾਫ਼ ਭਾਰਤੀਆਂ ਦੀ ਉੱਠੀ ਇਸ "ਆਜ਼ਾਦੀ ਲਹਿਰ" ਨੇ ਭਾਰਤ ਵਿੱਚ ਤਰਥੱਲੀਆਂ ਦਾ ਦੌਰ ਸ਼ੁਰੂ ਕੀਤਾ ਅਤੇ ਅੰਗਰੇਜ਼ਾਂ ਨੂੰ ਤਰੇਲੀਆਂ ਲਿਆ ਦਿੱਤੀਆਂ। ਇਕ ਨਿੱਕੀ ਜਿਹੀ ਤੁਕ ਗ਼ਦਰ ਪਾਰਟੀ ਦੇ ਸੰਸਾਰ-ਪੱਧਰੇ ਨਜ਼ਰੀਏ ਦੀ ਸਬੂਤ ਹੈ :

"ਸਾਡਾ ਗ਼ਦਰੀ ਤਾਂ ਉਹੀ ਹੋਵੇਗਾ ਜਿਹੜਾ ਦੁਨੀਆਂ ਦੇ ਜਿਸ ਕੋਨੇ ਅੰਦਰ ਵੀ ਰਹਿੰਦਾ ਹੈ, ਉੱਥੇ ਹੀ ਸਾਮਰਾਜ ਖ਼ਿਲਾਫ਼ ਚੱਲ ਰਹੀਆਂ ਲਹਿਰਾਂ ਵਿੱਚ ਯੋਗਦਾਨ ਪਾਵੇ।"

**ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ (ਗ਼ਦਰ ਪਾਰਟੀ)**

ਬਾਬਾ ਜਵਾਲਾ ਸਿੰਘ ਦਾ ਫ਼ਾਰਮ ਹੋਲਟ ਫਾਰਮ (ਸੇਂਟ ਜੌਹਨ) (ਕਨੇਡਾ) ਇੱਕ ਅਜਿਹਾ ਅੱਡਾ ਸੀ, ਜਿੱਥੇ ਪੰਡਿਤ ਕਾਸ਼ੀ ਰਾਮ ਮੜੌਲੀ ਅਤੇ ਬਾਬਾ ਸੋਹਨ ਸਿੰਘ ਭਕਨਾ ਆਰਾ ਮਿੱਲ ਵਿੱਚ ਕੰਮ ਕਰਦੇ ਸਨ। ਬਾਬਾ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਵੀ ਏਥੇ ਹੀ ਰਹਿੰਦੇ ਸਨ, ਅਤੇ ਹੋਰ ਬਹੁਤ ਸਾਰੇ ਭਾਰਤੀ ਕੰਮ ਕਰਦੇ ਸਨ। ਬਾਬਾ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ, ਰਾਮ ਰੱਖਾ ਸੜੋਆ, ਈਸ਼ਰ ਸਿੰਘ ਮਰਹਾਣਾ ਅਤੇ ਹੋਰ ਕਈ ਜਣੇ ਛੁੱਟੀ ਵਾਲੇ ਦਿਨ ਇੱਥੇ ਇਕੱਠੇ ਹੁੰਦੇ ਰਹਿੰਦੇ ਸਨ ਅਤੇ ਗੁਲਾਮੀ ਦੀ ਹੀਣਤਾ ਅਤੇ ਨਮੋਸ਼ੀ ਤੋਂ ਮੁਕਤ ਹੋਣ ਲਈ ਰਾਹ ਦੀ ਭਾਲ ਵਿੱਚ ਸਨ। ਇਸ ਅੱਡੇ 'ਤੇ ਸਾਂਝਾ ਲੰਗਰ ਚੱਲਦਾ ਸੀ ਅਤੇ ਭਾਰਤ ਤੋਂ ਹੋਰ ਆਉਣ ਵਾਲੇ ਬੇਰੁਜ਼ਗਾਰਾਂ ਦੀ ਵੀ ਇਹ ਫਾਰਮ ਇੱਕ ਠਹਿਰ ਸੀ।

ਇਸੇ ਤਰ੍ਹਾਂ ਬਰਕਲੇ ਯੂਨੀਵਰਸਿਟੀ, ਜਿੱਥੇ ਲਾਲਾ ਹਰਦਿਆਲ ਪ੍ਰੋਫ਼ੈਸਰ ਸਨ, ਭਾਰਤੀਆਂ ਦੇ ਮਿਲ ਬੈਠਣ ਅਤੇ ਵਿਚਾਰ ਚਰਚਾ ਦਾ ਕੇਂਦਰ ਸੀ। ਭਾਈ ਪਰਮਾਨੰਦ ਵੀ ਏਥੇ ਸੀ। ਇੱਥੇ ਪੜ੍ਹਦੇ 30 ਦੇ ਕਰੀਬ ਭਾਰਤੀ ਵਿਦਿਆਰਥੀਆਂ ਵਿੱਚ ਇਹਨਾਂ ਦੇ ਲੈਕਚਰਾਂ ਨੇ ਰਾਜਸੀ ਜਾਗ੍ਰਿਤੀ ਪੈਦਾ ਕੀਤੀ ਸੀ। ਸਿਆਟਲ ਵੀ ਇਹਨਾਂ ਕੇਂਦਰਾਂ ਵਿੱਚੋਂ ਇੱਕ ਸੀ। ਸੁਰੇਂਦਰ ਮੋਹਨ ਬੋਸ ਦੀ ਸੰਪਾਦਨਾ ਹੇਠ 'ਫਰੀ ਹਿੰਦੁਸਤਾਨ' ਮਾਸਿਕ ਪਰਚਾ ਇੱਥੋਂ ਹੀ ਨਿਕਲਣ ਲੱਗਿਆ। ਇਸ ਦੇ ਪ੍ਰਭਾਵ ਅਧੀਨ ਕੁੱਝ ਬੰਗਾਲੀ ਵਿਦਿਆਰਥੀ ਸਿਆਟਲ ਦੇ ਕਾਲਜ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਕਰਨ ਲਈ ਆ ਕੇ ਦਾਖ਼ਲ ਹੋ ਗਏ ਸਨ। ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਦੇ ਰਹਿਣ ਲਈ "ਇੰਡੀਆ ਹਾਊਸ" ਵੀ ਬਣਾਇਆ ਗਿਆ। 1911 ਵਿੱਚ ਬੋਸ ਨਾਲ ਮਿਲ ਕੇ ਤਾਰਕ ਨਾਥ ਦਾਸ ਨੇ 'ਈਸਟ ਇੰਡੀਆ ਐਸੋਸੀਏਸ਼ਨ' ਬਣਾਈ। ਸੇਂਟ ਜੌਨ, ਬਰਕਲੇ, ਸਿਆਟਲ ਵਰਗੇ ਹੋਰ ਵੀ ਕਈ ਛੋਟੇ-ਛੋਟੇ ਕੇਂਦਰ ਸਨ।

ਇਹਨਾਂ ਕੇਂਦਰਾਂ ਵਿੱਚ ਮਿਲ ਬੈਠਣ ਅਤੇ ਲੰਬੀ ਸੋਚ ਵਿਚਾਰ ਉਪਰੰਤ ਇਹ ਸੁਚੇਤ ਭਾਰਤੀ ਇਸ ਸਿੱਟੇ 'ਤੇ ਪੁੱਜੇ ਕਿ ਜਿੰਨਾ ਚਿਰ ਅਸੀਂ ਆਪਣਾ ਦੇਸ਼ ਆਜ਼ਾਦ ਨਹੀਂ ਕਰਵਾ ਲੈਂਦੇ, ਓਨਾ ਚਿਰ ਸਾਡੇ ਦੁੱਖਾਂ ਦਾ ਕੋਈ ਇਲਾਜ ਨਹੀਂ ਹੋ ਸਕਦਾ। ਵੱਖ-ਵੱਖ ਥਾਵਾਂ 'ਤੇ ਲਾਲਾ ਹਰਦਿਆਲ ਨੂੰ ਸੱਦ ਕੇ ਇਕੱਠ ਕੀਤੇ ਗਏ। ਇੰਝ ਕਈ ਥਾਵਾਂ 'ਤੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਹੋਸਟ' ਨਾਮ ਦੀਆਂ ਜਥੇਬੰਦੀਆਂ ਹੋਂਦ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ।

ਬਾਬਾ ਸੋਹਨ ਸਿੰਘ ਭਕਨਾ ਅਤੇ ਹੋਰ ਕਈ ਆਗੂ ਥਾਂ-ਥਾਂ ਜਾ ਕੇ ਪ੍ਰਚਾਰ ਕਰਕੇ ਜਥੇਬੰਦੀ ਉਸਾਰਣ ਦੀ ਪ੍ਰੇਰਣਾ ਦਿੰਦੇ।

ਇਸ ਉਪਰੰਤ ਆਗੂਆਂ ਨੂੰ ਇਹ ਮਹਿਸੂਸ ਹੋਣ ਲੱਗਿਆ ਕਿ ਇਹਨਾਂ ਸਭ ਕੇਂਦਰਾਂ, ਜਥੇਬੰਦੀਆਂ ਨੂੰ ਇੱਕ ਲੜੀ ਵਿੱਚ ਪਰੋਏ ਬਿਨਾਂ ਹਥਿਆਰਬੰਦ ਇਨਕਲਾਬ ਲਈ ਇੱਕ ਕੇਂਦਰੀ ਜਥੇਬੰਦੀ ਨਹੀਂ ਉਸਰ ਸਕਦੀ। 21 ਅਪਰੈਲ 1913 ਨੂੰ ਸਾਰੀਆਂ ਖਿੱਲਰੀਆਂ ਜਥੇਬੰਦੀਆਂ ਦੇ ਨੁੰਮਾਇਦਿਆਂ ਨੂੰ ਆਸਟੋਰੀਆ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ, ਤਾਂ ਜੋ ਇੱਕ ਪ੍ਰਤੀਨਿੱਧ ਕੇਂਦਰੀ ਜਥੇਬੰਦੀ ਕਾਇਮ ਕੀਤੀ ਜਾ ਸਕੇ।

**ਕੇਂਦਰੀ ਜਥੇਬੰਦੀ ਦੀ ਸਥਾਪਨਾ**

21 ਅਪਰੈਲ 1913 ਨੂੰ ਅਸਟੋਰੀਆ ਦੀ ਇੱਕ ਆਰਾ ਮਿੱਲ ਵਿੱਚ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ ਇਕੱਠ ਹੋਇਆ। ਉਪਰੋਕਤ ਕੇਂਦਰਾਂ ਤੋਂ ਇਲਾਵਾ ਬਰਾਈਡਵਿਲ, ਪੋਰਟਲੈਂਡ, ਵਾਨਾ ਅਤੇ ਲਿਨਟਨ ਆਦਿ ਦੇ ਨੁੰਮਾਇਦੇ ਵੀ ਇਸ ਵਿੱਚ ਸ਼ਾਮਲ ਹੋਏ। ਲੰਮੀ ਵਿਚਾਰ ਚਰਚਾ ਤੋਂ ਬਾਅਦ ਨਿਸ਼ਾਨੇ ਮਿੱਥ ਕੇ ਜਥੇਬੰਦੀ ਕਾਇਮ ਕਰਨ ਦਾ ਫ਼ੈਸਲਾ ਲਿਆ ਗਿਆ। ਜਥੇਬੰਦੀ ਦਾ ਨਾਮ "ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ" ਹੀ ਰੱਖਿਆ ਗਿਆ। ਬਾਅਦ ਵਿੱਚ ਇਸ ਜਥੇਬੰਦੀ ਵੱਲੋਂ ਕੱਢੇ ਗਏ ਪਰਚੇ "ਗ਼ਦਰ" ਦੀ ਹਰਮਨ-ਪਿਆਰਤਾ ਕਾਰਣ ਇਹ ਲੋਕਾਂ ਦੇ ਮੂੰਹ ਚੜ੍ਹਨ ਕਰਕੇ "ਹਿੰਦੁਸਤਾਨ ਗ਼ਦਰ ਪਾਰਟੀ" ਦੇ ਨਾਮ ਨਾਲ ਪ੍ਰਸਿੱਧ ਹੋਈ। ਉਸ ਸਮੇਂ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਦੇ ਰੁਲੀਆ ਸਿੰਘ ਕੋਲ ਇੱਥੇ ਛੁੱਟੀਆਂ ਵਿੱਚ ਮਜ਼ਦੂਰੀ ਕਰਨ ਆਏ ਹੋਏ ਸਨ।

**ਪਾਸ ਕੀਤੇ 11 ਮਤਿਆਂ ਵਿੱਚੋਂ ਕੁੱਝ ਮਤੇ**

– ਜਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗੁਲਾਮੀ ਤੋਂ ਹਿੰਦੁਸਤਾਨ ਨੂੰ ਛੁਡਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉੱਤੇ ਕੌਮੀ ਜਮਹੂਰੀਅਤ ਕਾਇਮ ਕਰਨੀ।

– ਜਥੇਬੰਦੀ ਦਾ ਹੈੱਡ ਕਵਾਰਟਰ ਕੈਲੇਫੋਰਨੀਆ ਦੇ ਸਾਨਫਰਾਂਸਿਸਕੋ ਸ਼ਹਿਰ ਵਿੱਚ ਰਹੇਗਾ, ਜੋ ਸਮੁੰਦਰੀ ਘਾਟ ਵੀ ਹੈ ਤੇ ਦੁਨੀਆਂ ਦੇ ਇਨਕਲਾਬੀਆਂ ਦਾ ਕੇਂਦਰ ਵੀ।

– ਜਥੇਬੰਦੀ ਦਾ ਹਫ਼ਤਾਵਾਰ ਅਖ਼ਬਾਰ ਨਿਕਲੇਗਾ ਜਿਸ ਦਾ ਨਾਂ "ਗ਼ਦਰ" ਹੋਵੇਗਾ ਅਤੇ ਹਿੰਦੁਸਤਾਨ ਦੀਆਂ ਉਰਦੂ, ਪੰਜਾਬੀ, ਹਿੰਦੀ ਅਤੇ ਹੋਰਨਾਂ ਜ਼ੁਬਾਨਾਂ ਵਿੱਚ ਛਪਿਆ ਕਰੇਗਾ। ("ਗ਼ਦਰ" ਨਾਮ "1857 ਦੇ ਗ਼ਦਰ" ਦੀ ਯਾਦ ਵਿੱਚ ਰੱਖਿਆ ਗਿਆ। -ਸੰਪਾਦਕ)

– ਜਥੇਬੰਦੀ ਦੀ ਹਰ ਸਾਲ ਚੋਣ ਹੋਇਆ ਕਰੇਗੀ।

– ਜਥੇਬੰਦੀ ਵਿੱਚ ਮਜਹਬੀ ਬਹਿਸਾਂ ਦੀ ਕੋਈ ਥਾਂ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਕੰਮ ਹੋਵੇਗਾ।

**ਪਹਿਲੀ ਚੋਣ-**

ਪ੍ਰਧਾਨ : ਭਾਈ ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ : ਭਾਈ ਕੇਸਰ ਸਿੰਘ ਠੱਠਗੜ੍ਹ
ਜਨਰਲ ਸਕੱਤਰ : ਲਾਲਾ ਹਰਦਿਆਲ
ਜੁਆਇੰਟ ਸਕੱਤਰ : ਲਾਲਾ ਠਾਕਰ ਦਾਸ ਧੂਰੀ
ਖ਼ਜ਼ਾਨਚੀ : ਪੰਡਤ ਕਾਸ਼ੀ ਰਾਮ ਮੜੌਲੀ
ਕਰੀਮ ਬਖ਼ਸ਼ ਅਤੇ ਮੁਨਸ਼ੀ ਰਾਮ (ਪ੍ਰਬੰਧਕੀ ਸਕੱਤਰ)

ਪਾਰਟੀ ਦੇ ਗੁਪਤ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਸੋਹਣ ਸਿੰਘ ਭਕਨਾ, ਹਰਦਿਆਲ ਅਤੇ ਕਾਸ਼ੀ ਰਾਮ ਨੂੰ ਕਮਿਸ਼ਨ ਦੇ ਮੈਂਬਰ ਚੁਣਿਆ ਗਿਆ। ਫੰਡ ਇਕੱਠੇ ਕਰਨ ਦੀ ਅਪੀਲ 'ਤੇ 10000 ਡਾਲਰ ਮੌਕੇ 'ਤੇ ਇਕੱਠੇ ਹੋ ਗਏ ਸਨ। ਚੋਣ ਸਰਵ-ਸੰਮਤੀ ਨਾਲ ਹੋਈ।

**"ਗ਼ਦਰ" ਦਾ ਪ੍ਰਕਾਸ਼ਨ**

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਇਹ ਇੱਕ ਵੱਡੀ ਘਟਨਾ ਸੀ। ਇਹ ਇਨਕਲਾਬ ਦਾ ਬੁਲੰਦ ਹੋਕਾ ਸੀ।

"ਗ਼ਦਰ" ਦੇ ਪਹਿਲੇ ਅੰਕ ਦੀ ਸੰਪਾਦਕੀ ਵਿੱਚ ਹੀ ਲਿਖਿਆ ਗਿਆ ਸੀ :

"ਅੱਜ ਦਾ ਦਿਨ 1 ਨਵੰਬਰ 1913, ਭਾਰਤ ਦੇ ਇਤਿਹਾਸ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕਿ ਅੱਜ ਭਾਵੇਂ ਵਿਦੇਸ਼ੀ ਜ਼ਮੀਨ 'ਤੇ ਪਰੰਤੂ ਆਪਣੀ ਜ਼ੁਬਾਨ ਵਿੱਚ ਬਰਤਾਨਵੀ ਰਾਜ ਵਿਰੁੱਧ ਜੰਗ ਆਰੰਭ ਹੁੰਦੀ ਹੈ।

ਸਾਡਾ ਨਾਂ ਕੀ ਹੈ ? .... ਗ਼ਦਰ
ਸਾਡਾ ਕੰਮ ਕੀ ਹੈ ? ... ਇੱਕ ਬਗ਼ਾਵਤ ਕਰਨੀ
ਇਹ ਬਗ਼ਾਵਤ ਕਿੱਥੇ ਹੋਏਗੀ ? .... ਭਾਰਤ ਵਿੱਚ
ਇਹ ਫੈਲੇਗੀ ਕਦ ? ..... ਕੁੱਝ ਸਾਲਾਂ ਵਿੱਚ

ਕਿਉਂ ? ...... ਲੋਕ ਬਰਤਾਨਵੀ ਹਕੂਮਤ ਹੇਠ ਹੋ ਰਹੇ ਜਬਰ ਤੇ ਜ਼ੁਲਮ ਨੂੰ ਹੁਣ ਹੋਰ ਨਹੀਂ ਸਹਿ ਸਕਦੇ ਤੇ ਉਹ ਆਜ਼ਾਦੀ ਲਈ ਮਰ ਮਿਟਣ ਵਾਸਤੇ ਤਿਆਰ ਹਨ। ਹਰ ਹਿੰਦੁਸਤਾਨੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਸ ਗ਼ਦਰ ਲਈ ਤਿਆਰੀ ਕਰੇ।

ਛੇਤੀ ਹੀ ਉਹ ਸਮਾਂ ਆਵੇਗਾ, ਜਦੋਂ ਬੰਦੂਕਾਂ ਤੇ ਖ਼ੂਨ, ਕਲਮਾਂ ਤੇ ਸਿਆਹੀ ਦੀ ਥਾਂ ਲੈਣਗੇ।"

ਇਹ ਉਹ ਇਨਕਲਾਬੀ ਵਿਚਾਰਧਾਰਾ ਸੀ, ਜਿਸ ਨੂੰ

"ਗ਼ਦਰ" ਹਰ ਹਫ਼ਤੇ ਪ੍ਰਚਾਰਦਾ ਸੀ।

**"ਗ਼ਦਰ" ਵਿੱਚ ਪ੍ਰਕਾਸ਼ਿਤ ਕੁੱਝ ਰਚਨਾਵਾਂ** (ਜਿਹਨਾਂ ਦਾ ਬਾਅਦ ਵਿੱਚ ਗ਼ਦਰ ਪਾਰਟੀ ਵੱਲੋਂ ਵੱਖਰਾ ਸੰਗ੍ਰਹਿ "ਗ਼ਦਰ ਦੀ ਗੂੰਜ" ਨਾਮ ਹੇਠ ਵੀ ਛਾਪਿਆ ਗਿਆ)

* ਸਾਨੂੰ ਲੋੜ ਨਾ ਪੰਡਤਾਂ ਕਾਜੀਆਂ ਦੀ,
ਨਹੀਂ ਸ਼ੌਂਕ ਹੈ ਬੇੜਾ ਡੁਬਾਵਨੇ ਦਾ।
ਜਪ ਜਾਪ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਨੇ ਦਾ।

* ਤੁਸੀਂ ਦੀਨ ਈਮਾਨ ਦੇ ਪਏ ਪਿੱਛੇ,
ਫ਼ਿਕਰ ਤੁਸਾਂ ਨੂੰ ਗਿਆਨ ਧਿਆਨ ਵਾਲੇ।
ਆਪਸ ਵਿਚ ਲੜਨਾ ਮੰਦਾ ਕੰਮ ਫੜਿਆ,
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਖਾਕ ਰੋਲ ਦਿੱਤਾ,
ਰੌਲੇ ਘੱਤ ਕੇ ਵੇਦ ਕੁਰਾਨ ਵਾਲੇ।

* ਹਿੰਦੂ ਤੇ ਮੁਸਲਮਾਨ, ਸਿੱਖ ਤੇ ਬੰਗਾਲੀ ਸਾਰੇ,
ਭਾਰਤ ਦੇ ਪੁੱਤ ਅਸੀਂ ਸਾਰੇ ਹੀ ਕਹਾਂਮਦੇ।
ਸ਼ਰ੍ਹਾ ਤੇ ਮਜ਼੍ਹਬ ਸਾਰੇ ਰੱਖ ਲੌ ਕਿਨਾਰਿਆਂ 'ਤੇ,
ਦੇਖੀ ਜਾਊ ਪਿੱਛੋਂ ਕੰਮ ਪੈਹਲਾਂ ਕਤਲਾਮ ਦੇ।

* ਪੈਦਾ ਹੋਇ ਕੇ ਇਕ ਹੀ ਦੇਸ਼ ਅੰਦਰ,
ਭੈੜਾ ਕੰਮ ਫੜਿਆ ਧੜੇਬੰਦੀਆਂ ਦਾ।
ਛੂਤ-ਛਾਤ ਅੰਦਰ ਊਚ-ਨੀਚ ਬਣ ਕੇ,
ਉਲਟਾ ਕੰਮ ਕੀਤਾ ਫਿਰਕੇ ਬੰਦੀਆਂ ਦਾ।

* ਮਜ਼ਹਬੀ ਝਗੜਿਆਂ ਤੇ ਤੁਸੀਂ ਜ਼ੋਰ ਪਾਇਆ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਤੁਸਾਂ ਭੋਲਿਓ, ਮੂਲ ਨਾ ਖ਼ਬਰ ਲੱਗੀ,
ਝਗੜਾ ਘੱਤਿਆ ਵੇਦ ਕੁਰਾਨ ਵੀਰੋ!
ਦੇਸ਼ ਪੱਟਿਆ ਤੁਸਾਂ ਦੇ ਝਗੜਿਆਂ ਨੇ,
ਤੁਸੀਂ ਸਮਝਦੇ ਨਹੀਂ ਨਾਦਾਨ ਵੀਰੋ!

* ਗ਼ਦਰ ਪਾਰਟੀ ਬੀੜਾ ਚੁੱਕਿਆ
ਹਿੰਦ ਆਜ਼ਾਦ ਕਰਾਵਣ ਦਾ
ਆਓ! ਸ਼ੇਰੋ ਗ਼ਦਰ ਮਚਾਈਏ
ਵੇਲਾ ਨਹੀਂ ਖੁੰਝਾਵਣ ਦਾ।

* ਜਾਤ-ਪਾਤ ਦੀਨ ਅਸੀਂ ਨਹੀਂ ਪਛਾਣਦੇ,
ਗੱਲ ਰੋਟੀ, ਪੇਟ ਦੀ ਅੱਗੇ ਰਖਾਂਵਦੇ।
ਮਿਹਨਤੀ ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ,
ਉਨ੍ਹਾਂ ਕਾਹਨੂੰ ਬੰਨ੍ਹਣੇ ਸਫੇਦ ਹਾਥੀ ਨੇ।

**ਗ਼ਦਰ ਪਾਰਟੀ ਦੀਆਂ ਸ਼ਹਾਦਤਾਂ/ਕੁਰਬਾਨੀਆਂ**

ਗ਼ਦਰ ਪਾਰਟੀ ਉਹ ਇਨਕਲਾਬੀ ਪਾਰਟੀ ਸੀ, ਜਿਸ ਨੇ ਬਰਤਾਨਵੀ ਹਕੂਮਤ ਖ਼ਿਲਾਫ਼ ਭਾਰਤੀਆਂ ਦੀ ਹਥਿਆਰਬੰਦ ਲੜਾਈ ਵਿੱਚ ਸਭ ਤੋਂ ਵੱਧ ਕੁਰਬਾਨੀਆਂ/ਸ਼ਹਾਦਤਾਂ ਦਿੱਤੀਆਂ। ਗ਼ਦਰੀਆਂ ਨੇ ਭਾਰਤ ਵਿੱਚ ਆ ਕੇ ਫ਼ੌਜੀ ਛਾਉਣੀਆਂ ਵਿੱਚ ਬਗ਼ਾਵਤ ਕਰਵਾ ਕੇ ਸਮੁੱਚੇ ਭਾਰਤੀਆਂ ਨੂੰ ਅੰਗਰੇਜ਼ਾਂ ਖ਼ਿਲਾਫ਼ ਖੜ੍ਹੇ ਕਰਨ ਦਾ ਵਿਸ਼ਾਲ ਪ੍ਰੋਗਰਾਮ ਉਲੀਕਿਆ।

ਸ਼ਹੀਦ ਕਰਤਾਰ ਸਿੰਘ ਸਰਾਭਾ ਸਭ ਤੋਂ ਛੋਟੀ ਉਮਰ ਦਾ ਇਸ ਲਹਿਰ ਦਾ ਉਹ ਮਹਾਨ ਸ਼ਹੀਦ ਹੋਇਆ ਜਿਸ ਨੇ ਜਿੱਥੇ "ਗ਼ਦਰ" ਦੇ ਪ੍ਰਕਾਸ਼ਨ ਵਿੱਚ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ, ਉੱਥੇ ਭਾਰਤ ਆ ਕੇ ਗ਼ਦਰ ਕਰਵਾਉਣ ਵਿੱਚ ਵੀ ਉਹ ਮੂਹਰਲੀਆਂ ਸਫ਼ਾਂ ਵਿੱਚ ਸੀ। ਜੇਕਰ ਲਹਿਰ ਅੰਦਰ ਔਰਤਾਂ ਦੀ ਸ਼ਮੂਲੀਅਤ ਦੀ ਗੱਲ ਕਰਨੀ ਹੋਵੇ ਤਾਂ ਗ਼ਦਰੀ ਗੁਲਾਬ ਕੌਰ ਬਖਸ਼ੀਵਾਲਾ ਦਾ ਗ਼ਦਰ ਲਈ ਸਮਰਪਿਤ ਸਮੁੱਚਾ ਜੀਵਨ ਭਾਰਤੀ ਇਨਕਲਾਬੀ ਇਤਿਹਾਸ ਦੀ ਇੱਕ ਉੱਤਮ ਮਿਸਾਲ ਹੈ। ਕਿੰਨੇ ਹੀ ਸਿਰਲੱਥ, ਵਿਚਾਰਕ, ਦਾਰਸ਼ਨਿਕ ਇਸ ਲਹਿਰ ਨੇ ਪੈਦਾ ਕੀਤੇ, ਇਹ ਕੁੱਝ ਪੰਨਿਆਂ 'ਤੇ ਨਹੀਂ, ਇਸ ਨੂੰ ਲਿਖਣ ਲਈ ਸੈਂਕੜੇ ਕਿਤਾਬਾਂ ਦੀ ਪ੍ਰਕਾਸ਼ਨਾ ਦੀ ਲੋੜ ਹੈ, ਤਾਂ ਜੋ ਬਹੁਤ ਸਾਰੇ ਅਣਗੌਲੇ ਗ਼ਦਰੀਆਂ ਤੋਂ ਵੀ ਲੋਕ ਜਾਣੂੰ ਹੋ ਸਕਣ।

ਇਸ ਲਹਿਰ ਦੇ ਜੁਝਾਰੂਆਂ ਖ਼ਿਲਾਫ਼ ਚੱਲੇ ਵੱਖ-ਵੱਖ ਮੁਕੱਦਮਿਆਂ—ਲਾਹੌਰ ਸਾਜ਼ਿਸ਼ ਕੇਸ (ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ), ਮਾਂਡਲੇ ਮੁਕੱਦਮਾ, ਮੰਡੀ ਸਾਜ਼ਿਸ਼ ਕੇਸ, ਫੇਰੂ ਸ਼ਹਿਰ ਦਾ ਮੁਕੱਦਮਾ (ਸਾਰੇ ਪਹਿਲਾ ਅਤੇ ਦੂਜਾ), ਵੱਲੇ ਪੁਲ ਦਾ ਮੁਕੱਦਮਾ, ਅਨਾਰਕਲੀ ਦਾ ਸਾਕਾ, ਪੱਧਰੀ ਕਤਲ ਦਾ ਮੁਕੱਦਮਾ, ਕਾਮਾਗਾਟਾ ਮਾਰੂ, ਚੱਬੇ ਦਾ ਡਾਕਾ, ਬਨਾਰਸ ਸਾਜ਼ਿਸ਼ ਕੇਸ, ਅੰਡੇਮਾਨ ਜੇਲ੍ਹ ਅੰਦਰ, ਕਰਨਾਲ ਡਕੈਤੀ ਕੇਸ ਆਦਿ ਵਿੱਚ ਲਗਭਗ 150 ਗ਼ਦਰੀ ਫਾਂਸੀ ਚੜ੍ਹੇ, 308 ਨੇ ਉਮਰ ਕੈਦ ਕੱਟੀ ਅਤੇ 146 ਨੇ ਲੰਬੀਆਂ ਕੈਦਾਂ ਕੱਟੀਆਂ। ਇਹ ਵੇਰਵਾ ਅਜੇ ਅਧੂਰੀਆਂ ਖੋਜਾਂ 'ਤੇ ਆਧਾਰਿਤ ਹੈ।

**ਮਹਾਨ ਵਿਰਾਸਤ**

ਗ਼ਦਰ ਪਾਰਟੀ ਦੀ ਮਹਾਨ ਵਿਰਾਸਤ ਜਿੱਥੇ ਸਾਨੂੰ ਗੁਲਾਮੀ, ਜਬਰ, ਸਾਮਰਾਜ ਖ਼ਿਲਾਫ਼ ਲੜਨ ਦਾ ਮਹਾਨ ਹੋਕਾ ਦਿੰਦੀ ਹੈ, ਉੱਥੇ ਧਰਮਾਂ, ਜਾਤਾਂ, ਫਿਰਕਿਆਂ, ਮਜ਼੍ਹਬਾਂ ਆਦਿ ਵਿੱਚ ਉਲਝਾ ਕੇ ਮਨੁੱਖਤਾ ਦੀ ਲੁੱਟ ਦਾ ਰਾਹ ਪੱਧਰਾ ਕਰਨ ਵਾਲੀ ਲੋਕ ਵਿਰੋਧੀ ਸਿਆਸਤ ਖ਼ਿਲਾਫ਼ ਖੜ੍ਹਨ ਦਾ ਹੋਕਾ ਵੀ ਦਿੰਦੀ ਹੈ।

ਅੱਜ ਭਾਰਤ ਦੇ **ਬਾਕੀ ਪੰਨਾ 43 'ਤੇ ...**

# ਰਾਮਰਾਜ ਵੱਲ ਵਾਪਸੀ

ਅਵਤਾਰ ਪਾਸ਼

*ਜੁਝਾਰੂ ਕਵੀ ਅਵਤਾਰ ਪਾਸ਼ ਦੁਆਰਾ ਸੰਪਾਦਿਤ ਮੈਗਜ਼ੀਨ "ਸਿਆੜ" ਵਿੱਚ 1977 ਵਿੱਚ ਛਪਿਆ ਇਹ ਲੇਖ 46 ਸਾਲਾਂ ਬਾਅਦ ਵੀ ਉਨਾ ਹੀ ਸਾਰਥਕ ਹੈ ਜਿੰਨਾਂ ਉਦੋਂ ਸੀ- ਸੰਪਾਦਕ*

ਜਿਸ ਨੂੰ ਤੁਸੀਂ ਭਾਰਤ ਦੀ ਪੁਰਾਣੀ ਸੰਸਕ੍ਰਿਤੀ ਕਹਿੰਦੇ ਹੋ ਉਸ ਤੋਂ ਜਿੰਨਾ ਛੇਤੀ ਪਿੱਛਾ ਛੁਡਾ ਲਈਏ ਖਰਾ ਹੈ। ਸਿਰਫ਼ ਆਪਣੀ ਹੋਣ ਨਾਲ ਕੋਈ ਬਿਮਾਰੀ ਚੰਗੀ ਨਹੀ ਹੋ ਜਾਂਦੀ। ਪਰ ਜਿਸ ਜਾਲ ਵਿੱਚ ਤੁਸੀਂ ਜਕੜੇ ਹੋਏ ਹੋਵੋਂ ਹਜ਼ਾਰਾਂ ਸਾਲਾਂ ਤੋਂ, ਉਹ ਚੰਗਾ ਲੱਗਣ ਲੱਗ ਪੈਂਦਾ ਹੈ। ਲੋਕ ਆਖਦੇ ਹਨ ਸਭ ਚੰਗੀਆਂ ਚੀਜਾਂ ਭਾਰਤ ਵਿੱਚ ਸਨ, ਰਾਮਰਾਜ, ਸਮਾਜਵਾਦ, ਸਚਾਈ ਸੀ, ਖੁਸ਼ਹਾਲੀ ਸੀ, ਪਿੱਛੇ ਵੱਲ ਮੁੜਨਾ ਮੂਰਖਤਾ ਹੈ। ਸਨਕ ਹੈ। ਕੋਈ ਚੰਗੀ ਚੀਜ਼ ਨਹੀ ਸੀ ਜਿਸ ਵੱਲ ਮੁੜਨ ਦੀ ਲੋੜ ਹੋਵੇ। ਚੰਗੀਆਂ ਚੀਜਾਂ ਛੱਡ ਕੇ ਤੁਰ ਆਉਣ ਵਾਲੀ ਕਰਤੂਤ ਦੇ ਮਾਲਕ ਭਲਾਂ ਅਸੀਂ ਕਿੱਥੋਂ ? ਜੇ ਕੋਈ ਚੰਗੀ ਚੀਜ਼ ਹੁੰਦੀ ਤਾਂ ਅਸੀ ਛੱਡ ਕੇ ਹੀ ਨਾ ਆਏ ਹੁੰਦੇ। ਚੰਗੀ ਚੀਜ ਨੂੰ ਛੱਡ ਕੇ ਕੋਈ ਨਹੀਂ ਜਾਂਦਾ ਅਤੇ ਜੇ ਜਾਂਦਾ ਵੀ ਹੈ ਨਾ, ਤਾਂ ਹੋਰ ਚੰਗੀ ਚੀਜ਼ ਦੀ ਖੋਜ਼ ਵਿੱਚ ਜਾਂਦਾ ਹੈ, ਪਰ ਅਸੀਂ ਬੜੇ ਭੁਲੇਖੇ ਵਿੱਚ ਹਾਂ।



ਸਾਡਾ ਖਿਆਲ ਹੈ ਕਿ ਭਾਰਤ ਸੋਨੇ ਦੀ ਚਿੜੀ ਸੀ। ਭਾਰਤ ਕਦੇ ਸੋਨੇ ਦੀ ਚਿੜੀ ਨਹੀ ਸੀ। ਹਾਂ ਕੁੱਝ ਲੋਕਾਂ ਵਾਸਤੇ ਸੀ ਅਤੇ ਕੁੱਝ ਕੁ ਲੋਕਾਂ ਵਾਸਤੇ ਤਾਂ ਅੱਜ ਵੀ ਹੈ। ਸਾਰੇ ਲੋਕਾਂ ਲਈ ਤਾਂ ਕਦੇ ਵੀ ਨਹੀ ਸੀ। ਅਸੀਂ ਸੋਚਦੇ ਹਾਂ ਕਿ ਪਿਛਲੇ ਸਮੇਂ ਵਿੱਚ ਘਰਾਂ ਨੂੰ ਜਿੰਦਰੇ ਨਹੀ ਲਗਾਏ ਜਾਂਦੇ ਸਨ। ਪਰਮਾਤਮਾ ਦਾ ਰਾਜ ਸੀ। ਭਲੇ ਵੇਲੇ ਸਨ। ਮੈਂ ਨਹੀਂ ਸਮਝਦਾ ਇਹ ਸੱਚ ਹੋ ਸਕਦਾ ਹੈ। ਸੱਚ ਹੋਊ ਤਾਂ ਕਾਰਨ ਕੁੱਝ ਹੋਰ ਹੋਣਗੇ। ਜੋ ਆਮ ਸਮਝਿਆ ਜਾਂਦਾ ਹੈ ਉਹ ਕਾਰਨ ਨਹੀਂ ਹੋ ਸਕਦਾ।

ਕਿਉਂਕਿ ਮਹਾਤਮਾ ਬੁੱਧ ਲੋਕਾਂ ਨੂੰ ਸਮਝਾ ਰਹੇ ਹਨ ਕਿ ਚੋਰੀ ਨਾ ਕਰੋ। ਮਹਾਂਵੀਰ ਸਿੱਖਿਆ ਦਿੰਦੇ ਹਨ ਕਿ ਚੋਰੀ ਨਾ ਕਰੋ। ਜੇ ਲੋਕ ਏਨੇ ਚੰਗੇ ਸਨ ਕਿ ਘਰਾਂ ਨੂੰ ਤਾਲੇ ਦੀ ਲੋੜ ਨਹੀਂ ਸੀ ਤਾਂ ਮਹਾਂਵੀਰ ਤੇ ਬੁੱਧ ਦਾ ਦਿਮਾਗ ਖ਼ਰਾਬ ਰਿਹਾ ਹੋਵੇਗਾ। ਉਹ ਕਿਸਨੂੰ ਸਮਝਾ ਰਹੇ ਸਨ ਕਿ ਚੋਰੀ ਨਾ ਕਰੋ ? ਨਹੀਂ, ਚੋਰੀ ਏਸੇ ਤਰ੍ਹਾਂ ਹੀ ਸੀ ਪੁਰਾਣੇ ਵਕਤਾਂ ਵਿੱਚ ਵੀ। ਤਾਂ ਇਸਦਾ ਮਤਲਬ ਇਹ ਨਿਕਲਦਾ ਹੈ ਕਿ ਜੰਦਰੇ ਉਹਨਾਂ ਘਰਾ ਵਿੱਚ ਨਹੀ ਲੱਗਦੇ ਹੋਣਗੇ ਜਿੰਨਾਂ ਘਰਾ ਚ ਚੋਰੀ ਹੋਣ ਨੂੰ ਕੁੱਝ ਨਹੀ ਹੋਵੇਗਾ। ਹੋਰ ਕੋਈ ਕਾਰਨ ਨਹੀਂ ਹੋਵੇਗਾ। ਪਰ ਜੇ ਜੰਦਰੇ ਨਹੀ ਸਨ ਤਾਂ ਇਸਦਾ ਇਹ ਮਤਲਬ ਉੱਕਾ ਨਹੀ ਨਿਕਲਦਾ ਕਿ ਲੋਕ ਚੋਰ ਨਹੀਂ ਸਨ। ਕਿਉਂਕਿ ਸਾਰੇ ਸਾਸ਼ਤਰ, ਗ੍ਰੰਥ ਕਹਿ ਰਹੇ ਹਨ ਕਿ ਚੋਰੀ ਨਾ ਕਰੋ।

ਸੁਕਰਾਤ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਵਿੱਚ ਇਹੋ ਕਹਿੰਦਾ ਗਿਆ ਹੈ ਕਿ ਮੁੰਡੇ ਵਿਗੜ ਗਏ ਹਨ। ਮਾਂ ਪਿਓ ਤੇ ਅਧਿਆਪਕ ਦਾ ਕੋਈ ਆਦਰ ਨਹੀਂ ਰਿਹਾ। ਲੋਕ ਬੇਈਮਾਨ ਤੇ ਭ੍ਰਿਸ਼ਟਾਚਾਰੀ ਹੋ ਗਏ ਹਨ। ਚੀਨ ਵਿੱਚ ਇੱਕ ਛੇ ਹਜ਼ਾਰ ਵਰ੍ਹੇ ਪੁਰਾਣੀ ਕਿਤਾਬ ਹੈ। ਉਸਦਾ ਮੁੱਖ ਬੰਦ ਪੜ੍ਹੀਏ ਤਾਂ ਏਦਾਂ ਜਾਪਦਾ ਹੈ ਜਿਵੇਂ ਅੱਜ ਸਵੇਰ ਦੇ ਅਖ਼ਬਾਰ ਦਾ ਸੰਪਾਦਕੀ ਲੇਖ ਹੈ। ਉਸ ਵਿੱਚ ਲਿਖਿਆ ਹੈ ਕਿ ਲੋਕ ਬੜੇ ਵਿਗੜ ਗਏ ਹਨ। ਨੈਤਿਕਤਾ ਦਾ ਨਾਸ਼ ਹੋ ਗਿਆ ਹੈ। ਲੋਕ ਭੌਤਿਕਵਾਦੀ ਹੋ ਗਏ ਹਨ। ਭ੍ਰਿਸ਼ਟਾਚਾਰ ਫੈਲ ਗਿਆ ਹੈ। ਕੋਈ ਕਿਸੇ ਦੀ ਨਹੀਂ ਸੁਣਦਾ। ਲਗਦਾ ਹੈ ਜਿਵੇਂ ਮਹਾਂ ਪਰਲੋ ਨੇੜੇ ਆ ਗਈ ਹੈ। ਛੇ ਹਜ਼ਾਰ ਸਾਲ ਪਹਿਲਾਂ ਦੀ ਕਿਤਾਬ ਹੈ, ਉਸ ਵਿੱਚ ਵੀ ਲਿਖਿਆ ਹੈ ਕਿ ਪੁਰਾਣੇ ਲੋਕ ਚੰਗੇ ਹੁੰਦੇ ਹਨ। ਯੇ ਹੁੰਦਾ ਸੀ, ਵੋ ਹੁੰਦਾ ਸੀ।

ਅਸਲ ਚ ਇਹ ਸਰਵਵਿਆਪੀ ਤੇ ਚਗਲਿਆ ਹੋਇਆ ਵਹਿਮ ਹੈ ਕਿ ਪਹਿਲਾਂ ਦੇ ਲੋਕ ਚੰਗੇ ਹੁੰਦੇ ਸਨ। ਅਸਲ ਚ ਪਹਿਲਾਂ ਦੇ ਲੋਕਾਂ, ਆਮ ਜਨਤਾ ਨੂੰ ਅਸੀਂ ਭੁੱਲ ਚੁੱਕੇ ਹਾਂ ਅਤੇ ਥੋੜੇ ਜਿਹੇ ਖਾਸ ਲੋਕ ਸਾਨੂੰ ਚੇਤੇ ਰਹਿ ਗਏ ਹਨ।

ਉਹਨਾਂ ਕਰਕੇ ਹੀ ਇਹ ਸਾਰੀ ਗੜਬੜ ਹੁੰਦੀ ਹੈ। ਮਹਾਂਵੀਰ ਚੇਤੇ ਹੈ, ਮਹਾਂਵੀਰ ਵੇਲੇ ਦਾ ਆਮ ਆਦਮੀ ਚੇਤੇ ਨਹੀ। ਜੇ ਮਹਾਂਵੀਰ ਦੇ ਸਮੇਂ ਸਾਰੇ ਲੋਕ ਚੰਗੇ ਹੁੰਦੇ ਤਾਂ ਮਹਾਂਵੀਰ ਦਾ ਚੇਤਾ ਹੀ ਨਾ ਰਹਿੰਦਾ। ਸਕੂਲ ਮਾਸਟਰ ਕਾਲੇ ਬੋਰਡ ਉੱਤੇ ਚਿੱਟੇ ਚਾਕ ਨਾਲ ਲਿਖਦੇ ਹਨ। ਚਿੱਟੀ ਕੰਧ ਉੱਤੇ ਲਿਖ ਤਾਂ ਜਰੂਰ ਸਕਦਾ ਹੈ ਪਰ ਦਿਸੇਗਾ ਨਹੀਂ, ਕਾਲੇ ਉੱਤੇ ਹੀ ਦਿਸੇਗਾ। ਮਹਾਂਵੀਰ ਢਾਈ ਹਜ਼ਾਰ ਸਾਲ ਮਗਰੋਂ ਇਸੇ ਲਈ ਦਿਖਾਈ ਦਿੰਦੇ ਹਨ ਕਿ ਉਹ ਮਹਾਂਪੁਰਖ ਸਨ। ਕੁੱਲ ਪੰਜ ਦਸ

ਮਹਾਂਪੁਰਖ ਹੀ ਪੂਰੀ ਮਨੁੱਖ ਜਾਤੀ ਚ ਦਿਖਾਈ ਦਿੰਦੇ ਹਨ ਬਾਕੀ ਸਾਰੀ ਮਨੁਖਤਾ ਇਕ ਕਾਲੇ ਤਖਤੇ ਵਾਂਗ ਹੈ ਜਿਸ ਉੱਤੇ ਲਕੀਰਾਂ ਉੱਕਰੀਆਂ ਹੋਈਆਂ ਦਿਸਦੀਆਂ ਹਨ। ਪਰ ਕੋਈ ਮਨੁੱਖਤਾ ਕਦੀ ਚੰਗੀ ਨਹੀ ਸੀ। ਜਿੰਨੀ ਚੰਗੀ ਅੱਜ ਹੈ ਓਨੀ ਵੀ ਨਹੀਂ ਸੀ। ਅਸੀਂ ਹਰ ਰੋਜ਼ ਚੰਗਿਆਈ ਵੱਲ ਵਿਕਾਸ ਕਰ ਰਹੇ ਹਾਂ। ਪਰ ਇੱਕ ਧਾਰਨਾ ਸਾਡੇ ਮਨਾਂ ਵਿੱਚ ਜੜ ਫੜ ਗਈ ਹੈ ਕਿ ਪਤਨ ਹੋ ਰਿਹਾ ਹੈ। ਪਹਿਲਾਂ ਸਤਯੁਗ ਹੋ ਚੁਕਿਆ, ਗੋਲਡਨ ਏਜ਼ ਹੋ ਗਈ, ਹੁਣ ਕਲਯੁਗ ਹੈ, ਹੁਣ ਤਾਂ ਨਿਘਾਰ ਹੀ ਨਿਘਾਰ ਹੈ।

ਜਿਹੜੀ ਕੌਮ ਦੇ ਮਨ ਵਿੱਚ ਬਹਿ ਜਾਏ ਕਿ ਅੱਗੇ ਨਿਘਾਰ ਹੀ ਨਿਘਾਰ ਹੈ ਉਸ ਨਿਘਾਰ ਹੋ ਜਾਣਾ ਜਰੂਰ ਹੀ ਹੈ, ਕਿਉਂਕਿ ਅੱਗੇ ਭਾਵ ਹੀ ਤੋਰਦੇ ਹਨ। ਅਸੀਂ ਸੁਨਹਿਰੀ ਯੁੱਗ ਨੂੰ ਪਿੱਛੇ ਰੱਖੀ ਬੈਠੇ ਹਾਂ। ਚੰਗਾ ਸਭ ਹੋ ਚੁੱਕਾ ਹੈ ਅੱਗੇ ਤਾਂ ਬੁਰਾ ਹੀ ਬੁਰਾ ਹੈ। ਇਹ ਅਸਾਂ ਪੱਕਾ ਹੀ ਮੰਨ ਲਿਆ ਹੈ। ਇਹ ਗੱਲ ਪ੍ਰਾਣਾਂ ਵਿੱਚ ਡੂੰਘੀ ਬਹਿ ਗਈ ਸਾਡਾ ਸੰਸਕਾਰ ਹੀ ਬਣ ਗਿਆ ਕਿ ਅੱਗੇ ਤਾਂ ਮਾੜਾ ਹੀ ਵਾਪਰਨਾ ਹੈ। ਜਦੋਂ ਕੋਈ ਮਾੜੀ ਗੱਲ ਵਾਪਰਦੀ ਹੈ ਤਾਂ ਅਸੀਂ ਕਹਿੰਦੇ ਹਾਂ ਆ ਗਿਆ ਕਲਯੁਗ। ਅਜੀਬ ਗੱਲਾਂ ਹਨ।

ਨਹੀਂ, ਆਦਮੀ ਹਰ ਰੋਜ਼ ਚੰਗਾ ਹੋ ਰਿਹਾ ਹੈ। ਜੇ ਭਵਿੱਖ ਚੰਗਾ ਬਣਾਉਣਾ ਹੈ ਤਾਂ ਸੁਨਹਿਰੀ ਯੁੱਗ ਅੱਗੇ ਹੈ। ਹਨੇਰਾ ਪਿੱਛੇ ਹੈ ਚਾਨਣ ਅੱਗੇ। ਭਵਿੱਖ ਚੰਗਾ ਬਣਾਉਣਾ ਹੋਏ ਤਾਂ ਆਸ ਚਾਹੀਦੀ ਹੈ ਅਤੇ ਆਸ ਨਾ ਹੋਵੇ ਤਾਂ ਭਵਿੱਖ ਨਹੀਂ ਬਣਾਇਆ ਜਾ ਸਕਦਾ।

ਮਨੁੱਖ ਦੇ ਪੈਰ ਜੋ ਏਨੇ ਡਗਮਗਾਏ ਜਾਪਦੇ ਹਨ, ਉਸਦਾ ਇੱਕ ਕਾਰਨ ਇਹੀਓ ਹੈ। ਆਸ ਅੱਗੇ ਨਹੀਂ ਜਾਪਦੀ। ਅੱਗੇ ਹਨੇਰਾ ਹੈ। ਹਨੇਰਾ ਸਾਡਾ ਪੈਦਾ ਕੀਤਾ ਹੋਇਆ ਹੈ।
ਅੱਜ ਜਿੰਨਾ ਚੰਗਾ ਇਨਸਾਨ ਧਰਤੀ ਉੱਤੇ ਕਦੇ ਨਹੀ ਸੀ। ਪਿੱਛੇ ਜਿਹੇ ਬਿਹਾਰ ਚ ਅਕਾਲ ਪਿਆ। ਉਸ ਨਾਲ ਦੋ ਕਰੋੜ ਆਦਮੀ ਮਰ ਸਕਦੇ ਸਨ, ਪਰ ਮਰੇ ਸਿਰਫ ਚਾਲੀ। ਦੋ ਕਰੋੜ ਆਦਮੀ ਕਿਵੇਂ ਬਚੇ ? ਸਾਰੀ ਦੁਨੀਆ ਦੌੜ ਪਈ। ਦੂਰ ਦਰੇਡੇ ਦੇਸ਼ਾਂ ਦੇ ਅਣਜਾਣੇ ਬੱਚਿਆਂ ਨੇ ਆਪਣੇ ਖਾਣੇ ਦੇ ਪੈਸੇ ਬਚਾਏ, ਆਈਸਕਰੀਮ ਦੇ, ਸਿਨੇਮਾ ਦੇਖਣ ਦੇ ਪੈਸੇ ਬਚਾਏ। ਬਿਹਾਰ ਵਿੱਚ ਕੋਈ ਅਣਜਾਣਿਆ ਆਦਮੀ ਮਰ ਰਿਹਾ ਹੈ ਜਿਸ ਨਾਲ ਕੋਈ ਸੰਬੰਧ ਨਹੀਂ ਹੈ। ਉਸਨੂੰ ਬਚਾਉਣਾ ਹੈ। ਅੱਜ ਵੀਅਤਨਾਮ ਵਿੱਚ ਲੜਾਈ ਛਿੜੇ ਤਾਂ ਏਥੇ ਉੱਗੀ, ਚਿੱਟੀ ਦੀ ਰੂਹ ਵੀ ਕੰਬ ਉਠਦੀ ਹੈ ਕਿ ਗਲਤ ਹੋ ਰਿਹਾ ਹੈ। ਕਿਤੇ ਕੁੱਝ ਵੀ ਗਲਤ ਹੋਵੇ ਸਾਰੀ ਦੁਨੀਆਂ ਪੀੜ ਮਹਿਸੂਸ ਕਰਦੀ ਹੈ। ਭਾਰਤ ਵਿੱਚ ਨਕਸਲੀਆਂ ਦੇ ਨੇਤਾ ਚਾਰੂ ਮਜ਼ੂਮਦਾਰ ਦਾ ਕਤਲ ਕੀਤਾ ਗਿਆ ਤਾਂ ਕਨੇਡਾ ਗਈ ਕਾਤਲ ਪ੍ਰਧਾਨ ਮੰਤਰੀ ਨੂੰ ਅੰਗਰੇਜ਼ੀ ਨੌਜਵਾਨ ਬਿਫਰ ਕੇ ਪੈਂਦੇ ਹਨ। ਭਾਰਤ ਵਿੱਚ ਗਰੀਬ ਨਪੀੜੇ ਜਾ ਰਹੇ ਹਨ ਤਾਂ ਇੰਗਲੈਂਡ ਦੀ ਨੇਕਦਿਲ ਨਾਰੀ ਮੇਰੀ ਟੇਲਰ ਉਹਨਾਂ ਖਾਤਰ ਆ ਕਿ ਬਿਹਾਰ ਆਂਧਰਾ ਦੇ ਜੰਗਲਾਂ ਚ ਗੁਰੀਲਾ ਯੁੱਧ ਲੜਦੀ ਹੈ, ਕੈਦਾਂ ਕਟਦੀ ਹੈ। ਸਪੇਨ ਵਿੱਚ ਫਾਸ਼ਿਸਟ ਜ਼ੁਲਮ ਢਾਹੁਦੇ ਹਨ ਤਾਂ ਇੰਗਲੈਂਡ ਦੇ ਰੈਲਫ ਫਾਕਸ ਉੱਥੇ ਜਾ ਕੇ ਲੜਦੇ ਹੋਏ ਸ਼ਹੀਦ ਹੋ ਜਾਂਦੇ ਹਨ।

ਮਨੁੱਖਤਾ ਪਹਿਲੀ ਵਾਰ ਬੋਧ ਨੂੰ ਪ੍ਰਾਪਤ ਹੋਈ ਹੈ। ਆਦਮੀ ਵਿਕਸਿਤ ਹੋਇਆ ਹੈ, ਸਮਝ ਵਧੀ ਹੈ, ਸੁੱਖ ਪਨਪਿਆ ਹੈ। ਅੱਜ ਦੁਨੀਆਂ ਵਿੱਚ ਬੀਟਨੀਕ, ਹਿੱਪੀ ਤੇ ਹੋਰ ਅਸ਼ਾਂਤ ਲੋਕ ਵਧ ਰਹੇ ਹਨ।

ਇਹ ਵੀ ਵਿਕਾਸ ਦਾ ਹੀ ਇੱਕ ਚਿੰਨ੍ਹ ਹੈ। ਕੋਈ ਜਾਨਵਰ ਅਸ਼ਾਂਤ ਨਹੀਂ ਹੁੰਦਾ। ਸੁਣਿਆ ਹੈ ਕਦੀ ਮੱਝ ਨੂੰ ਅਸ਼ਾਂਤ ਹੋਇਆਂ ? ਸੁਣਿਆ ਹੈ ਕਦੀ ਕਿਸੇ ਖੋਤੇ ਨੂੰ ਮਾਨਸਿਕ ਭਟਕਣ ਕਰਕੇ ਰਾਤ ਨੂੰ ਕਦੀ ਨੀਂਦ ਨਾ ਆਈ ਹੋਵੇ ? ਤੁਸੀਂ ਕਦੀ ਵੀ ਨਹੀ ਵੇਖਿਆ ਹੋਣਾ ਕਿ ਕੋਈ ਗਧਾ ਬੋਰ ਹੋ ਗਿਆ ਹੋਵੇ, ਉਚਾਟ ਹੋ ਗਿਆ ਹੋਵੇ ਜਾਂ ਕਿਸੇ ਬਲਦ ਨੇ ਆਤਮਹੱਤਿਆ ਕਰ ਲਈ ਹੋਵੇ ਕਿ ਜ਼ਿੰਦਗੀ ਫਜ਼ੂਲ ਹੈ। ਕੋਈ ਵੀ ਪਸ਼ੂ ਨਾ ਤਾਂ ਉਬਦਾ ਹੈ ਨਾ ਅਸ਼ਾਂਤ ਹੁੰਦਾ ਹੈ, ਨਾ ਫ਼ਿਕਰਮੰਦ ਹੁੰਦਾ ਹੈ, ਨਾ ਆਤਮਹੱਤਿਆ ਕਰਦਾ ਹੈ ਕਿਉਂਕਿ ਬੁੱਧੀ ਬਹੁਤ ਅਵਿਕਸਿਤ ਹੁੰਦੀ, ਓਨੀ ਹੀ ਸੰਵੇਦਨਸ਼ੀਲ, ਸਿੰਸੇਟਿਵ ਹੁੰਦੀ ਹੈ। ਓਨੀਆਂ ਹੀ ਚੀਜ਼ਾਂ ਮਹਿਸੂਸ ਹੋਣ ਲਗਦੀਆਂ ਹਨ ਅਤੇ ਸਮਝ ਵਧਦੀ ਹੈ। ਜਿੰਨਾ ਚਾਰਾਂ ਪਾਸਿਆਂ ਦਾ ਫੈਲਾਓ ਵਧਦਾ ਹੈ ਓਨੀ ਹੀ ਅਰਥ ਦੀ ਖੋਜ਼ ਡੂੰਘੀ ਹੁੰਦੀ ਹੈ। ਜੀਵਣ ਦੀ ਖਲਜਗਣ ਦਾ ਫੈਲਾਓ ਵਧ ਰਿਹਾ ਹੈ, ਜੀਵਨ ਦੇ ਅਰਥ ਦੀ ਖੋਜ ਸ਼ੁਰੂ ਹੋ ਗਈ ਹੈ। ਕਾਲਜਾਂ ਵਿੱਚ ਨਸ਼ੇ ਪੱਤੇ ਦਾ ਵਾਧਾ ਹੋ ਰਿਹਾ ਹੈ ਤਾਂ ਅਸਲ ਵਿੱਚ ਬਹੁਤ ਕੁੱਝ ਨਜ਼ਰ ਆ ਗਿਆ ਹੈ।

ਮਨੁੱਖਤਾ ਦੀ ਜਿਆਦਾ ਵਿਕਸਿਤ ਬੁੱਧੀ ਚਿੰਤਾ ਨੂੰ ਜਨਮ ਦਿੰਦੀ ਹੈ। ਜਿੰਨੀ ਵੱਡੀ ਚਿੰਤਾ ਕਿਸੇ ਚ ਹੋਵੇ ਓਨੀ ਵੱਡੀ ਸ਼ਾਂਤੀ ਹਾਸਲ ਕੀਤੀ ਜਾ ਜਸਕਦੀ ਹੈ। ਸਾਡੇ ਜੀਵਨ ਦੀ ਸੂਖਮਤਾ ਅਤੇ ਸ਼ਮੂਲੀਅਤ ਸਰਗਰਮੀ ਇਕੱਠੀਆਂ ਵਧਦੀਆਂ ਹਨ। ਜੇ ਕੋਈ ਆਦਮੀ ਦੋ ਡਿਗਰੀ ਤੱਕ ਅਸ਼ਾਂਤ ਹੋ ਸਕਦਾ ਹੈ ਤਾਂ ਉਹ ਦੋ ਡਿਗਰੀ ਤੱਕ ਸ਼ਾਂਤ ਵੀ ਹੋ ਸਕਦਾ ਹੈ ਅਤੇ ਦੋ ਡਿਗਰੀ ਸ਼ਾਂਤੀ ਲਈ ਯਤਨਸ਼ੀਲ ਵੀ ਹੋ ਸਕਦਾ ਹੈ। ਮਨ ਵਿੱਚ ਜਿੰਨਾ ਕਰੂਪਤਾ ਦਾ ਬੋਧ ਹੋਵੇ, ਸੁੰਦਰਤਾ ਦਾ ਬੋਧ ਵੀ ਓਨਾ ਹੀ ਹੋ ਸਕਦਾ ਹੈ। **ਬਾਕੀ ਪੰਨਾ 55'ਤੇ ...**

ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ-16

# ਮੌਤ ਜ਼ਿੰਦਗੀ ਦਾ ਮਨਫ਼ੀ ਹੋ ਜਾਣਾ ਹੈ



ਡਾ. ਸੁਰੇਸ਼ ਰਤਨ

*(ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿਚ ਕੀਤੀ ਗਈ ਇਕ ਅਰਤੀ ਗੱਲਾਂਬਾਤਾ ਦੀ ਫੇਸਬੁੱਕ ਦੀ ਲੜੀ ਜੋ ਯੂਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ ਲੜੀ ਨੰਬਰ 35-38)*

ਉਮਰ ਤੇ ਬੁਢਾਪੇ ਦੇ ਸੰਦਰਭ 'ਚ ਗੱਲਬਾਤ ਕਰਦਿਆਂ ਅਸੀਂ ਅਮਰ ਹੋ ਜਾਣ ਦਾ ਸੁਪਨਾ ਪੂਰਾ ਕਰਨ ਲਈ, ਸਿਧਾਂਤਕ ਤੌਰ 'ਤੇ ਸਮੀਕਰਨ E=Gmc*c ਬਣਾਈ ਸੀ। ਇਸ ਸਮੀਕਰਨ ਵਿੱਚ E ਉਮਰ ਹੈ। ਉਮਰ ਨੂੰ ਜਿਹੜੇ ਫੈਕਟਰ ਪ੍ਰਭਾਵਿਤ ਕਰਦੇ ਹਨ ਉਹ ਹਨ- G ਜੀਨਜ਼, m ਮਹੌਲ ਤੇ c ਚਾਂਸ। ਪਿਛਲੀ ਗੱਲਬਾਤ ਵਿੱਚ ਮੈਂ ਤੁਹਾਡੀ ਜਾਣ ਪਹਿਚਾਣ 'ਚਾਂਸ' ਨਾਲ ਕਰਵਾਈ ਸੀ, ਜਿਸਨੂੰ 'c' ਨਾਲ ਦਰਸਾਇਆ ਗਿਆ ਹੈ। ਕਈ ਵਿਗਿਆਨੀ ਵੀ ਚਾਂਸ ਦੇ ਅਰਥ ਤੋਂ ਟਪਲਾ ਖਾ ਜਾਂਦੇ ਹਨ। ਚਾਂਸ ਦਾ ਮਤਲਬ ਹੁੰਦਾ ਹੈ 'ਮੌਕਾ ਜਾਂ ਸੰਭਾਵਨਾ'। ਇੱਥੇ ਮੌਕੇ ਨਾਲੋਂ ਸੰਭਾਵਨਾ ਜਿਆਦਾ ਢੁਕਵਾਂ ਸ਼ਬਦ ਹੈ। ਸੰਭਾਵਨਾ' ਕਹਿਣ ਸਮੇਂ ਇੱਕ ਖਲਾਅ ਜਿਹਾ ਉਪਜਦਾ ਹੈ। 'ਮੌਕਾ' ਕਹਿਣ ਨਾਲ ਨਹੀਂ ਉਪਜਦਾ। ਵਿਗਿਆਨ ਅੰਦਰ ਤਕਰੀਬਨ ਸਾਰੇ ਹੀ ਵਰਤਾਰੇ, ਚਾਂਸ ਜਾਣੀ ਕਿ ਸੰਭਾਵਨਾ 'ਤੇ ਹੀ ਨਿਰਭਰ ਕਰਦੇ ਹਨ। ਹਰ ਵਰਤਾਰਾ ਇਸ ਤਰ੍ਹਾਂ ਜਾਪਦਾ ਜਿਵੇਂ ਕੋਈ ਚਾਂਸ ਇਵੈਂਟ ਹੋਵੇ।

ਵਿਗਿਆਨੀ ਕਿਸੇ ਘਟਨਾ ਜਾਂ ਇਵੈਂਟ ਬਾਰੇ ਆਪਣੀ ਸਮਝ ਦੀ ਸੀਮਾ ਮਿਥਦੇ ਹਨ ਕਿ ਕਿਸ ਹੱਦ ਤੀਕ ਉਨ੍ਹਾ ਨੂੰ ਜਾਣਕਾਰੀ ਹੈ, ਇਸ ਤੋਂ ਵੱਧ ਉਨ੍ਹਾਂ ਨੂੰ ਕੋਈ ਗਿਆਨ ਨਹੀਂ, ਅੱਗੇ ਕਿਹੜੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ। ਹੌਲੀ ਹੌਲੀ ਖੋਜ ਕਾਰਜ ਹੁੰਦਾ ਹੈ, ਅਗਿਆਨ ਘਟਦਾ ਜਾਂਦਾ ਹੈ ਅਤੇ ਤੱਥ ਸਪੱਸ਼ਟ ਹੋਈ ਜਾਂਦੇ ਹਨ। ਕਿਸੇ ਵੀ ਵਰਤਾਰੇ ਦੇ ਹੋਣ ਜਾਂ ਨਾ ਹੋਣ ਦੀਆਂ ਸੰਭਾਵਨਾਵਾਂ ਅਨੰਤ ਹੋ ਸਕਦੀਆਂ ਹਨ। ਸਿਫ਼ਰ ਕਦੀ ਵੀ ਨਹੀਂ ਹੋ ਸਕਦੀਆਂ।

ਭੌਤਿਕ ਵਿਗਿਆਨ ਦਾ ਇੱਕ ਸਿਧਾਂਤ ਹੈ- ਹਾਈਜਨਬਰਗ ਅਨਸਰਟੇਨਿਟੀ ਦਾ ਸਿਧਾਂਤ। ਇਸ ਸਿਧਾਂਤ ਮੁਤਾਬਿਕ 'ਕਿਸੇ ਵੀ ਨਿੱਕੇ ਕਣ ਜਿਵੇਂ ਕਿ ਫੋਟਾਨ ਜਾਂ ਇਲੈਕਟ੍ਰਾਨ ਦੀ ਸਥਿਤੀ ਅਤੇ ਸਪੀਡ ਜਿਆਦਾ ਸ਼ੁੱਧਤਾ ਤੱਕ, ਇੱਕੋ ਸਮੇਂ ਪਤਾ ਨਹੀਂ ਲੱਗ ਸਕਦੀ। ਨਾ ਅਟਾਮਿਕ ਪੱਧਰ 'ਤੇ, ਨਾ ਹੀ ਕੁਆਂਟਮ ਪੱਧਰ 'ਤੇ। ਪੂਰਾ ਬ੍ਰਹਿਮੰਡ ਸੰਭਾਵਨਾਵਾਂ ਵਿੱਚੋਂ ਵਿਚਰ ਰਿਹਾ ਹੈ। ਜੀਵ ਵਿਗਿਆਨ ਵਿੱਚ ਸੰਭਾਵਨਾਵਾਂ ਦਾ ਬੜਾ ਵੱਡਾ ਮਹੱਤਵ ਹੁੰਦਾ ਹੈ। ਡਾਰਵਿਨ ਦਾ ਵਿਕਾਸ ਦਾ ਸਿਧਾਤ ਤਾਂ ਸੰਭਾਵਨਾਵਾਂ 'ਤੇ ਹੀ ਟਿਕਿਆ ਹੋਇਆ ਹੈ ਕਿ ਕਿਵੇਂ ਇੱਕ ਜ਼ਿੰਦਗੀ ਤੋਂ ਦੂਜੀ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਗਈ। ਡਾਰਵਿਨ ਦੇ ਸਰਵਾਈਵਲ ਆਫ ਦ ਫਿੱਟੈਸਟ ਦਾ ਅਸਲ ਅਰਥ ਇਹ ਹੈ ਕਿ ਫਿੱਟੈਸਟ ਉਹ ਹੈ ਜੋ ਆਪਣੇ ਵਰਗੇ ਜੀਵ ਨੂੰ ਅੱਗੇ ਜਨਮ ਦੇਣ ਦੇ ਸਮਰੱਥ ਹੋਵੇ। ਆਪਣੀ ਨਸਲ ਨੂੰ ਅੱਗੇ ਤੋਰ ਸਕਦਾ ਹੋਵੇ। ਇਸ ਤਰ੍ਹਾਂ ਇੱਥੇ ਕਿੰਨੀਆਂ ਸਪੀਸੀਜ ਆਈਆਂ, ਕੁੱਝ ਅੱਗੇ ਤੁਰਦੀਆਂ ਗਈਆਂ, ਕਈ ਖਤਮ ਹੋ ਗਈਆਂ। ਮਨੁੱਖ ਦਾ ਵਿਕਾਸ ਵੀ ਹੌਲੀ ਹੌਲੀ 'ਬਾਈ ਚਾਂਸ' ਹੀ ਹੁੰਦਾ ਰਿਹਾ। ਮੈਂ, ਮੇਰੇ ਪਿਓ ਦਾਦੇ ਸਭ ਸੰਭਾਵਨਾ ਹੋਣ ਨਾਲ ਜੰਮੇ। ਸੰਭਾਵਨਾਵਾਂ 'ਚੋਂ ਸਾਨੂੰ ਸਾਰਿਆਂ ਨੂੰ ਇਹ ਜੀਵਨ ਮਿਲਿਆ ਹੈ।

ਮਨੁੱਖ ਨੇ ਕਲੋਨਿੰਗ ਤਕਨੀਕ ਨਾਲ ਭੇਡ ਮਾਂ ਤੋਂ ਇੱਕ ਕੋਸ਼ਿਕਾ ਲੈ ਕੇ ਡੌਲੀ ਨੂੰ ਪੈਦਾ ਕੀਤਾ। ਸੰਰਚਨਾ ਵਿੱਚ ਚਾਹੇ ਡੌਲੀ ਮਾਂ ਵਰਗੀ ਲੱਗਦੀ ਹੈ, ਪਰ ਹਕੀਕਤ ਵਿੱਚ ਜ਼ਿੰਦਗੀ ਦੇ ਆਧਾਰ 'ਤੇ ਉਹ ਮਾਂ ਨਾਲ ਮਿਲਦੀ ਜੁਲਦੀ ਨਹੀਂ। ਸੰਭਾਵਨਾ ਕਈ ਕਾਰਕਾਂ 'ਤੇ ਕਾਬੂ ਪਾ ਲੈਣ ਦੀਆਂ ਵੀ ਹੁੰਦੀਆਂ ਹਨ, ਪਰ ਕਈ ਕਾਰਕ ਕਾਬੂ ਵਿੱਚ ਨਹੀਂ ਆਉਂਦੇ। ਜੇ ਕਿਤੇ ਇਨਸਾਨ ਪਿੱਛੇ ਮੁੜ ਕੇ ਆਪਣੀ ਵਿਕਾਸ ਯਾਤਰਾ 'ਤੇ ਨਿੱਕਲ ਪਵੇ, ਪਹਿਲਾਂ ਤਾਂ ਉਸ ਦੇ ਸ਼ੁਰੂਆਤੀ ਹਾਲਤ ਵਿੱਚ (ਤਿੰਨ ਅਰਬ ਸਾਲ ਪਹਿਲਾਂ) ਪੁੱਜਣ ਦੀ ਸੰਭਾਵਨਾ ਹੀ ਨਹੀਂ, ਜੇ ਪੁੱਜ ਵੀ ਗਿਆ ਤਾਂ ਪਿੱਛੇ ਮੁੜਕੇ ਅੱਜ ਦੀ ਸਥਿਤੀ ਵਿੱਚ ਆਉਣ ਦੀ ਕੋਈ ਸੰਭਾਵਨਾ ਨਹੀਂ। ਇਸੇ ਤਰ੍ਹਾਂ ਉਮਰ ਨੂੰ ਲੰਬੀ ਕਰਨ ਦੇ ਕਈ ਕਾਰਕ ਹੋ ਸਕਦੇ ਹਨ। ਸਾਡੇ ਅੰਦਰ ਸਾਨੂੰ ਮਾਰਨ ਵਾਲੀ ਕੋਈ ਚੀਜ ਮੌਜੂਦ ਨਹੀਂ। ਅਸੀਂ ਦਵਾਈਆਂ ਤੇ ਜੀਵਨ ਜਾਚ ਵਿੱਚ ਤਬਦੀਲੀ

ਲਿਆ ਕੇ ਸੌ ਤੋਂ ਉੱਪਰ ਸਾਲ ਜਿਉਣ ਜੋਗੇ ਵੀ ਹੋ ਸਕੇ ਹਾਂ। ਇਹ ਸੰਭਾਵਨਾ ਬਣੀ ਰਹਿੰਦੀ ਹੈ ਕਿ ਕਿਸੇ ਪਲ ਸਾਡੀ ਮੌਤ ਹੋ ਸਕਦੀ ਹੈ। ਸੰਭਾਵਨਾ ਤਹਿਤ ਅਸੀਂ ਸਾਰੇ ਜਿਉਂਦੇ ਹਾਂ। ਸੰਭਾਵਨਾ ਕੋਈ ਵੀ ਹੋਵੇ, ਸਾਨੂੰ ਆਪਣੇ ਯਤਨਾਂ ਨਾਲ ਬੇਹਤਰ ਸੰਭਾਵਨਾਵਾਂ ਪੈਦਾ ਕਰਨ ਸਮਰੱਥ ਹੋਣਾ ਚਾਹੀਦਾ ਹੈ। ਇਹ ਤਾਂ ਜਰੂਰੀ ਹੈ ਕਿ ਕੁੱਝ ਕੁ ਸਾਡੀ ਪਕੜ ਵਿੱਚ ਆ ਜਾਵੇਗਾ ਅਤੇ ਕੁੱਝ ਪਕੜ ਤੋਂ ਬਾਹਰ ਰਹਿ ਜਾਵੇਗਾ।

ਅਸੀਂ ਜ਼ਿੰਦਗੀ ਅਤੇ ਮੌਤ ਵਿੱਚ ਚਾਂਸ ਦੇ ਰੋਲ ਦੀ ਗੱਲ ਕਰ ਰਹੇ ਹਾਂ। ਜੇ ਅੱਜ ਮੈਂ 65 ਸਾਲ ਅਤੇ 3 ਮਹੀਨੇ ਦੀ ਜ਼ਿੰਦਗੀ ਜਿਉਂ ਰਿਹਾ ਹਾਂ ਤਾਂ ਇਹ ਚਾਂਸ ਹੀ ਹੈ ਕਿ ਹਰ ਰੋਜ ਮੇਰੇ ਜਿਉਂਦੇ ਰਹਿਣ ਦੀ ਇਕ ਤਰ੍ਹਾਂ ਨਾਲ ਲਾਟਰੀ ਨਿਕਲ ਆਉਂਦੀ ਹੈ। ਇੱਕ ਦਿਨ ਲਾਟਰੀ ਨਹੀਂ ਨਿਕਲੇਗੀ। ਮੌਤ ਤੋਂ ਬਾਅਦ ਕੀ ਹੈ ਇਸ ਬਾਰੇ ਪਿਛਲੇ ਪੰਜ ਹਜ਼ਾਰ ਸਾਲਾਂ ਵਿੱਚ ਕਈ ਕਹਾਣੀਆਂ ਘੜੀਆਂ ਗਈਆਂ ਹਨ ਕਿ ਦੁਬਾਰਾ ਜਨਮ ਹੋ ਜਾਏਗਾ ਜਾਂ ਮਰਨ 'ਤੇ 'ਪਰਮਾਨੰਦ' ਮਿਲੇਗਾ। ਕਈਆਂ ਨੂੰ ਉਹ ਕਹਾਣੀਆਂ ਸਕੂਨ ਵੀ ਦਿੰਦੀਆਂ ਹੋਣਗੀਆਂ। ਨਾਸਤਿਕ ਅਤੇ ਵਿਗਿਆਨਕ ਸੋਚ ਵਾਲੇ ਬੰਦਿਆਂ ਨੂੰ ਇਹ ਕਹਾਣੀਆਂ ਕੋਈ ਬਹੁਤਾ ਸਕੂਨ ਨਹੀਂ ਦਿੰਦੀਆਂ। ਮੌਤ ਦੇ ਡਰ 'ਤੇ ਕਾਬੂ ਪਾਉਣ ਲਈ ਵਿਗਿਆਨ ਤੁਹਾਨੂੰ ਕੋਈ ਕਹਾਣੀਆਂ ਨਹੀਂ ਦਿੰਦਾ। ਇਸੇ ਤਰ੍ਹਾਂ ਅਸੀਂ ਅਕਸਰ ਕਹਿ ਦਿੰਦੇ ਹਾਂ ਕਿ ਫਲਾਣੇ ਨੂੰ ਮੌਤ ਆ ਗਈ। ਇਹ ਉਸੇ ਤਰ੍ਹਾਂ ਹੀ ਹੈ ਜਿਵੇਂ ਅਸੀਂ ਬਸ ਵਿੱਚ ਚੰਡੀਗੜ੍ਹ ਜਾ ਰਹੇ ਹਾਂ ਅਤੇ ਪਹੁੰਚ ਕੇ ਕਹਿੰਦੇ ਹਾਂ ਕਿ ਚੰਡੀਗੜ੍ਹ ਆ ਗਿਆ। ਮੌਤ ਆਉਂਦੀ ਨਹੀਂ, ਇਹ ਇੱਕ ਜ਼ਿੰਦਗੀ ਦਾ ਮਨਫੀ ਹੋ ਜਾਣਾ ਹੈ। ਜਾਂ ਜਿਵੇਂ ਅਸੀਂ ਕਹਿ ਦਿੰਦੇ ਹਾਂ ਕਿ ਹਨੇਰਾ ਹੋ ਗਿਆ। ਜਦ ਕਿ ਹਨ੍ਹੇਰਾ ਫੈਲਾਉਣ ਵਾਲੀ ਕੋਈ ਟੌਰਚ ਨਹੀਂ, ਫੈਲਾਇਆ ਸਿਰਫ਼ ਚਾਨਣ ਜਾ ਸਕਦਾ ਹੈ।

ਮੌਤ ਤੋਂ ਬਾਅਦ ਹੋਣ ਵਾਲੀਆਂ ਰਸਮਾਂ ਦੀ ਜੇ ਗੱਲ ਕਰੀਏ ਤਾਂ ਮੌਤ ਤੋਂ ਬਾਅਦ ਮਰਨ ਵਾਲੇ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਕੀ ਰਸਮਾਂ ਕੀਤੀਆਂ ਜਾ ਰਹੀਆਂ ਹਨ। ਇਹ ਰਸਮਾਂ ਤੁਸੀਂ ਚਲੇ ਜਾਣ ਵਾਲੇ ਲਈ ਨਹੀਂ, ਆਪਣੇ ਲਈ ਕਰਦੇ ਹੋ। ਇਸ ਬਾਰੇ ਮੈਂ ਆਪਣੀ ਕਿਤਾਬ "ਬਾਬਾ ਕਿੱਥੇ ਗਏ" ਵਿੱਚ ਜ਼ਿਕਰ ਕੀਤਾ ਹੈ। ਮੇਰਾ ਮੰਨਣਾ ਇਹ ਹੈ ਕਿ ਮਰਨ ਵਾਲੇ ਦੀ ਯਾਦ ਵਿੱਚ ਵੱਡੇ ਵੱਡੇ ਸਮਾਗਮ ਕਰਕੇ ਉਸ ਦੀਆਂ ਤਾਰੀਫਾਂ ਕਰਨ ਨਾਲੋਂ ਉਸਦੇ ਜਿਉਂਦੇ ਜੀਅ ਉਸ ਨਾਲ ਸਮਾਂ ਬਿਤਾਇਆ ਜਾਵੇ। ਉਸ ਦੀ ਜ਼ਿੰਦਗੀ ਦੇ ਚੰਗੇ ਪਲ ਉਸ ਨੂੰ ਯਾਦ ਕਰਾਏ ਜਾਣ, ਉਸ ਨੂੰ ਦੱਸਿਆ ਜਾਵੇ ਕਿ ਤੁਹਾਡੀ ਜ਼ਿੰਦਗੀ ਵਿੱਚ ਉਨ੍ਹਾਂ ਦਾ ਕੀ ਰੋਲ ਹੈ। ਮੋਏ ਬੰਦੇ ਨੂੰ ਤੁਹਾਡੀਆਂ ਕੀਤੀਆਂ ਜਾ ਰਹੀਆਂ ਤਰੀਫਾਂ ਦਾ ਕੋਈ ਫਰਕ ਨਹੀਂ ਪੈਂਦਾ। ਹੁਣੇ ਜਿਹੇ ਡੈਨਿਸ ਭਾਸ਼ਾ ਦੇ ਵਿੱਚ ਇੱਕ ਕਿਤਾਬ ਵੀ ਛਪ ਕੇ ਆਈ ਹੈ ਜਿਸ ਦਾ ਵਿਸ਼ਾ ਹੈ ਕਿ ਤੁਸੀਂ ਮੌਤ ਦੀ ਅਟੱਲਤਾ ਤੋਂ ਆਪਣੀ ਜ਼ਿੰਦਗੀ ਲਈ ਕੀ ਸਿੱਖਿਆ ਹੈ।

ਅਸੀਂ ਸਾਰੇ ਅਕਸਰ ਇਸ ਸਵਾਲ ਬਾਰੇ ਸੋਚਦੇ ਰਹਿੰਦੇ ਹਾਂ, ਕਿ ਮੌਤ ਤੋਂ ਬਾਅਦ ਕੀ ਹੁੰਦਾ ਹੈ? ਹਾਲਾਂਕਿ ਡਾਕਟਰਾਂ ਨੂੰ ਇਹ ਸਿਖਾਇਆ ਜਾਂਦਾ ਹੈ, ਸੌਂਹ ਵੀ ਚੁਕਾਈ ਜਾਂਦੀ ਹੈ ਕਿ ਜ਼ਿੰਦਗੀ ਨੂੰ ਵੱਧ ਤੋਂ ਵੱਧ ਲੰਬਾ ਕਿਵੇਂ ਕਰਨਾ ਹੈ। ਪਰ ਸਚਾਈ ਇਹ ਹੈ ਕਿ ਅਖੀਰ ਜਿੰਦਗੀ ਖਤਮ ਹੁੰਦੀ ਹੈ। ਦਸ ਕੁ ਸਾਲ ਪਹਿਲਾਂ ਭਾਰਤੀ ਲੇਖਕ ਅਤੁਲ ਗਵਾਡੇ ਜੋ ਅਮਰੀਕਾ ਰਹਿੰਦੇ ਨੇ ਉਨ੍ਹਾਂ ਨੇ ਕਿਤਾਬ ਲਿਖੀ ਇਹ ਕਿਤਾਬ ਇਸ ਬਾਰੇ ਹੀ ਦੱਸਦੀ ਹੈ ਕਿ ਮੌਤ ਦੀਆਂ ਗੱਲਾਂ ਕਿਵੇਂ ਹੋਣ। ਇਸ ਕਿਤਾਬ ਦਾ ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਉਲੱਥਾ ਹੋ ਚੁੱਕਾ ਹੈ। ਇਸ ਤੋਂ ਬਿਨਾ ਸਾਹਿਤ ਵਿੱਚ ਬੰਦੇ ਦੇ ਅਮਰ ਹੋ ਜਾਣ ਦੀ ਮਿੱਥ ਨੂੰ ਲੈ ਕੇ ਬਹੁਤ ਸਾਰੀਆਂ ਵਿਗਿਆਨਿਕ ਕਹਾਣੀਆਂ ਪ੍ਰਚਲਿਤ ਹਨ। ਜੇਕਰ ਇਨਸਾਨ ਮੌਤ 'ਤੇ ਕਾਬੂ ਪਾ ਲਵੇ ਤਾਂ ਉਸ ਦੇ ਕੀ ਸਮਾਜਿਕ, ਆਰਥਿਕ, ਧਾਰਮਿਕ ਪ੍ਰਭਾਵ ਹੋਣਗੇ? ਜੇਕਰ ਮੌਤ ਨੇ ਆਉਣਾ ਹੀ ਹੈ ਤਾਂ ਉਹ ਕਿਸ ਤਰ੍ਹਾਂ ਆਵੇ? ਇਸ ਬਾਰੇ ਇੱਕ ਪੱਖ ਇਹ ਵੀ ਹੈ ਕਿ ਸਾਨੂੰ ਕੋਈ ਦੁੱਖ ਨਾ ਆਵੇ, ਕੋਈ ਬਿਮਾਰੀ ਨਾ ਆਵੇ ਤੇ ਫਿਰ ਅਚਾਨਕ ਅਸੀਂ ਮਰ ਜਾਈਏ। ਇਹ ਵੀ ਬੜਾ ਗੁੰਝਲਦਾਰ ਮਸਲਾ ਹੈ ਕਿਉਂਕਿ ਫਿਰ ਇੱਕ ਜਵਾਨ ਅਤੇ ਵੱਡੀ ਉਮਰ ਵਾਲੇ ਬੰਦੇ ਦੀ ਮੌਤ ਵਿੱਚ ਕੋਈ ਫਰਕ ਹੀ ਨਾ ਰਹਿ ਗਿਆ। ਅਚਾਨਕ ਮੌਤ ਤੋਂ ਬਾਅਦ ਪਿੱਛੇ ਜਿਉਂਦੇ ਰਹਿ ਗਿਆਂ ਨੂੰ ਵੱਡਾ ਸਦਮਾ ਨਹੀਂ ਲੱਗੇਗਾ।

ਅੱਜ 38ਵੀਂ ਵਾਰੀ ਗੱਲ ਕਰਦਿਆਂ ਮੈਂ ਆਪਣੀ ਗੱਲ ਮੁਕਾਵਾਂਗਾ। ਮੈਨੂੰ ਖੁਸ਼ੀ ਹੈ ਕਿ ਮੈਂ ਹੁਣ ਤੱਕ ਬੁਢਾਪੇ ਅਤੇ ਮੌਤ ਬਾਰੇ ਹਾਸਿਲ ਆਪਣੇ ਜਾਣਕਾਰੀ ਨੂੰ 38 ਵਾਰੀਆਂ ਵਿੱਚ ਤੁਹਾਡੇ ਨਾਲ ਸਾਂਝਾ ਕੀਤਾ ਹੈ। ਇਹ ਗੱਲਾਂ ਸਾਂਝਾ ਕਰਨ ਲਈ ਮੈਂ ਪੰਜਾਬੀ ਨੂੰ ਇਸ ਲਈ ਚੁਣਿਆ ਕਿਉਂਕਿ ਮੈਂ ਇਸੇ ਭਾਸ਼ਾ ਵਿੱਚ ਜੰਮਿਆ, ਪਲਿਆ, ਵੱਡਾ ਹੋਇਆ ਅਤੇ ਮੇਰੀ ਸਾਰੀ ਸਮਝ ਇਸੇ ਭਾਸ਼ਾ ਵਿੱਚ ਹੀ ਮੇਰੇ ਦਿਮਾਗ ਦਾ ਕੁਦਰਤੀ ਹਿੱਸਾ ਬਣਦੀ ਹੈ।

ਮੈਂ ਆਪਣੀ ਵਿਗਿਆਨਿਕ ਜਾਣਕਾਰੀ ਨੂੰ ਪੰਜਾਬੀ ਭਾਸ਼ਾ ਵਿੱਚ ਤੁਹਾਡੇ ਨਾਲ ਸਾਂਝਾ ਕਰਦਿਆਂ ਬੜਾ ਅਨੰਦ ਲਿਆ ਹੈ। ਆਮ ਤੌਰ 'ਤੇ ਵਿਗਿਆਨੀਆਂ ਲਈ ਵਿਗਿਆਨ ਦੀ ਵਰਤੋਂ ਟੈਕਨੋਲਜੀ ਦਾ ਹੀ ਹਿੱਸਾ ਹੁੰਦਾ ਹੈ। ਪਰ ਮੇਰੇ ਲਈ ਵਿਗਿਆਨ ਜ਼ਿੰਦਗੀ ਜਿਉਣ **ਬਾਕੀ ਪੰਨਾ 22 'ਤੇ...**

# ਅੰਧਵਿਸ਼ਵਾਸਾਂ ਦੀ ਦਲਦਲ



- ਰਣਧੀਰ ਗਿਲਪੱਤੀ

ਕਿਸੇ ਵੀ ਵਰਤਾਰੇ ਸੰਬੰਧੀ ਵਾਰ-ਵਾਰ ਕੀਤੇ ਤਜਰਬਿਆਂ ਅਤੇ ਠੋਸ ਸਬੂਤਾਂ ਤੋਂ ਮਿਲੇ ਇਕਸਾਰ ਨਤੀਜੇ ਹੀ ਵਰਤਾਰੇ ਦੇ ਵਿਗਿਆਨਕ ਹੋਣ ਦਾ ਪ੍ਰਮਾਣ ਬਣਦੇ ਹਨ। ਵਿਗਿਆਨ ਦੀ ਇਹ ਖੂਬੀ ਹੈ ਕਿ ਇਹ ਪਰਖ ਦੀ ਕਸੌਟੀ 'ਤੇ ਹਰ ਵਾਰ ਖਰਾ ਉਤਰਦਾ ਹੈ। ਅਸੀਂ ਭਾਰਤੀ ਲੋਕ ਅੱਜਕਲ੍ਹ ਅਜਿਹੇ ਸਮਿਆਂ 'ਚੋਂ ਗੁਜਰ ਰਹੇ ਹਾਂ ਜਿੱਥੇ ਕੇਂਦਰ ਅਤੇ ਜਿਆਦਾਤਰ ਸੂਬਿਆਂ ਵਿੱਚ ਰਾਜਸੀ ਸੱਤਾ 'ਤੇ ਕਾਬਜ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਸਮਾਜ ਦੇ ਹਰ ਵਰਤਾਰੇ ਨੂੰ ਅੰਧਵਿਸ਼ਵਾਸਾਂ ਦੇ ਭਗਵੇਂ ਰੰਗ ਵਿੱਚ ਰੰਗਣ 'ਤੇ ਤੁਲੀਆਂ ਹੋਈਆਂ ਹਨ। ਫਿਰਕਾਪ੍ਰਸਤੀ ਅਤੇ ਅੰਧਵਿਸ਼ਵਾਸੀ ਆਸਥਾ ਵਿੱਚ ਗਰੱਸੀ ਆਰ.ਐਸ.ਐਸ. ਤੇ ਇਸਦੇ ਸਿਆਸੀ ਵਿੰਗ ਭਾਜਪਾ ਸਮੇਤ ਇਸਦੀਆਂ ਹੋਰ ਸੰਸਥਾਵਾਂ ਵੱਲੋਂ ਲਗਾਤਾਰ ਇਤਿਹਾਸ ਨੂੰ ਮਿਥਿਹਾਸ ਤੇ ਮਿਥਿਹਾਸ ਨੂੰ ਇਤਿਹਾਸ ਵਿੱਚ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਸਦੇ ਚੱਕਵੇਂ ਪੈਰੋਕਾਰ ਅੰਧਵਿਸ਼ਵਾਸੀ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਕਰਨ ਵਿੱਚ ਮੂਹਰਲੀ ਕਿੱਲੀ ਜੁੜੇ ਹੋਏ ਹਨ। ਇਸ ਤਰ੍ਹਾਂ ਸੰਘ ਦੇ ਭਗਵਾਂ ਬ੍ਰਿਗੇਡ ਦੇ ਇਹ ਸੂਤਰਧਾਰ ਵਿਗਿਆਨਕ ਵਿਚਾਰਾਂ ਤੇ ਸੰਕਲਪਾਂ ਦੀ ਥਾਂ 'ਪੁਰਾਤਨ ਭਾਰਤੀ ਸੰਸਕ੍ਰਿਤੀ' ਦੇ ਨਾਮ 'ਤੇ ਅੰਧਵਿਸ਼ਵਾਸੀ ਆਸਥਾ ਨੂੰ ਹੀ ਸੱਚ ਬਣਾ ਕੇ ਪਰੋਸ ਰਹੇ ਹਨ, ਜੋ ਭਾਰਤੀ ਸੰਵਿਧਾਨ ਦੀ 'ਵਿਗਿਆਨ ਦਾ ਪ੍ਰਸਾਰ ਕਰਨ ਦੀ' ਧਾਰਨਾ ਦੇ ਵੀ ਉਲਟ ਹੈ। ਮੌਜੂਦਾ ਸੱਤਾਧਾਰੀ ਧਿਰ ਪੁਰਾਤਨ ਭਗਵਾਂ ਸਭਿਆਚਾਰ ਦੇ ਝੂਠੇ ਕਲਪਿਤ ਤੇ ਬੇਸਿਰਪੈਰ ਦਾਅਵਿਆਂ ਤੇ ਧਾਰਨਾਵਾਂ ਦਾ ਵਿਖਿਆਨ ਕਰਕੇ ਅੰਧਵਿਸ਼ਵਾਸਾਂ ਦਾ ਧੁੰਦੂਕਾਰਾ ਫੈਲਾਉਣ ਦੇ ਆਹਰੇ ਲੱਗੀ ਹੋਈ ਹੈ ਜਦ ਕਿ ਵਿਗਿਆਨ ਬਿਨ੍ਹਾਂ ਪਰਖ ਪੜਤਾਲ ਦੇ ਕਿਸੇ ਆਸਥਾ ਨੂੰ ਮੰਨਣ ਦਾ ਮੁਥਾਜ ਨਹੀਂ ਹੈ। ਇਸ ਤਰ੍ਹਾਂ ਸੱਤਾਸੀਨ ਭਗਵਾਂ ਲਾਣਾ ਵਿਗਿਆਨ ਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਅੰਧਵਿਸ਼ਵਾਸਾਂ ਦਾ ਹਨੇਰ ਫੈਲਾਉਣ ਦੀਆਂ ਲੋਕ ਵਿਰੋਧੀ ਕਾਰਵਾਈਆਂ ਵਿੱਚ ਰੁੱਝਿਆ ਹੋਇਆ ਹੈ। ਆਓ, ਭਗਵਾਂ ਸਭਿਆਚਾਰ ਦੇ ਹਾਸੋਹੀਣੇ ਅੰਧਵਿਸ਼ਵਾਸੀ ਕੂੜ ਪ੍ਰਚਾਰ ਦੇ ਕੁੱਝ ਨਮੂਨੇ ਦੇਖੀਏ, ਜਿਸਨੇ ਸਾਡੇ ਦੇਸ਼ ਨੂੰ ਦੁਨੀਆਂ ਦੇ ਸਾਹਮਣੇ ਸ਼ਰਮਸਾਰ ਕਰਕੇ ਮਜਾਕ ਦਾ ਪਾਤਰ ਬਣਾਇਆ ਹੈ।

ਅੰਧਵਿਸ਼ਵਾਸੀ ਆਸਥਾ ਦੇ ਇਸ 'ਸ਼ੁਭ ਕਾਰਜ' ਦੀ ਸਭ ਤੋਂ ਵੱਧ ਚਰਚਾ, ਕੁੱਝ ਸਾਲ ਪਹਿਲਾਂ ਹੋਈ ਜਦੋਂ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਦੇ ਡਾਕਟਰਾਂ ਦੀ ਇੱਕ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਇਹ ਦਾਅਵਾ ਕੀਤਾ ਕਿ ਭਾਰਤ ਕੋਲ ਹਜ਼ਾਰਾਂ ਸਾਲ ਪਹਿਲਾਂ ਪਲਾਸਟਿਕ ਸਰਜਰੀ ਦੀ ਮੌਜੂਦਾ ਤਕਨੀਕ ਤੋਂ ਵੀ ਬਿਹਤਰ ਤਕਨੀਕ ਸੀ। ਗਣੇਸ਼ ਦੇ ਜ਼ਮਾਨੇ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਉਸ ਸਮੇਂ ਵੀ ਕੋਈ ਅਜਿਹਾ ਮਾਹਿਰ ਸਰਜਨ ਹੋਵੇਗਾ ਜਿਸ ਨੇ ਮਨੁੱਖੀ ਧੜ ਉੱਤੇ ਹਾਥੀ ਦਾ ਸਿਰ ਲਗਾ ਦਿੱਤਾ ਸੀ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਮਹਾਂਭਾਰਤ ਦੇ ਜਮਾਨੇ ਵਿੱਚ ਵੀ ਬੇਹੱਦ ਵਿਕਸਿਤ ਜੈਨੇਟਿਕ ਇੰਜੀਨੀਅਰਿੰਗ ਸੀ ਜਿਸ ਨਾਲ ਮਹਾਂਭਾਰਤ ਦੀ ਕਥਾ ਦਾ ਇੱਕ ਪਾਤਰ ਕਰਣ, ਜਨਮ ਲੈਣ ਦੇ ਕੁਦਰਤੀ ਰਸਤੇ ਦੀ ਬਜਾਏ ਹੋਰ ਵਿਧੀ ਰਾਹੀਂ ਜਨਮਿਆ ਸੀ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਟੈਲੀਵੀਜ਼ਨ ਦੀ ਕਾਢ ਪਿੱਛੇ ਵੀ ਭਾਰਤ ਦੇ ਰਿਸ਼ੀਆਂ ਮੁਨੀਆਂ ਦੁਆਰਾ ਦਿਵਯਾ ਯੋਗ ਵਿਦਿਆ ਰਾਹੀਂ ਹਾਸਿਲ ਕੀਤੀ ਦੂਰ ਦ੍ਰਿਸ਼ਟੀ ਦਾ ਹੀ ਯੋਗਦਾਨ ਹੈ। ਪੂਰੀ ਦੁਨੀਆਂ ਦੇ ਸਾਹਮਣੇ ਦੇਸ਼ ਨੂੰ ਸ਼ਰਮਸਾਰ ਕਰਨ ਵਾਲੇ ਇਨ੍ਹਾਂ ਦਾਅਵਿਆਂ ਦਾ ਖੰਡਨ ਕਰਨ ਲਈ ਉੱਥੇ ਮੌਜੂਦ ਮੈਡੀਕਲ ਵਿਗਿਆਨ ਦੇ ਕਿਸੇ ਸ਼ਖਸ਼ ਨੇ ਜੁਅਰਤ ਨਹੀਂ ਕੀਤੀ।

ਇੱਕ ਅਰਸਾ ਪਹਿਲਾਂ ਮੋਦੀ ਵਜਾਰਤ ਦੇ ਹੀ ਮਨੁੱਖੀ ਸੋਮਿਆਂ ਦੇ ਰਾਜ ਮੰਤਰੀ ਸਤਿਆਪਾਲ ਸਿੰਘ ਨੇ ਮਹਾਂਰਾਸ਼ਟਰ ਵਿੱਚ ਹੋਈ ਸਾਇੰਸ ਕਾਨਫਰੰਸ ਵਿੱਚ ਆਪਣੀ ਵਿਦਵਤਾ ਦਾ ਮੁਜਾਹਰਾ ਕਰਦਿਆਂ ਕਿਹਾ ਕਿ ਉਸਨੇ ਆਪਣੀ ਜ਼ਿੰਦਗੀ ਵਿੱਚ ਕਦੇ ਬਾਂਦਰ ਨੂੰ ਮਨੁੱਖ ਬਣਦੇ ਨਹੀਂ ਦੇਖਿਆ। ਇਸੇ ਦਲੀਲ ਤਹਿਤ ਉਨ੍ਹਾਂ ਨੇ 'ਠੋਸ ਸਬੂਤਾਂ' ਦੇ ਆਧਾਰ 'ਤੇ ਜੀਵਾਂ ਦੀ ਉਤਪਤੀ ਸੰਬੰਧੀ ਖੋਜ ਕਰਨ ਵਾਲੇ ਸੰਸਾਰ ਪ੍ਰਸਿੱਧ ਵਿਗਿਆਨੀ ਚਾਰਲਸ ਰਾਬਰਟ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਵਿਗਿਆਨਕ ਤੌਰ 'ਤੇ ਗਲਤ ਕਰਾਰ ਦੇ ਦਿੱਤਾ। ਉਹਨਾਂ ਆਪਣੇ ਭਾਸ਼ਣ ਵਿਚ ਇਹ 'ਕੀਮਤੀ' ਰਾਇ ਵੀ ਦਿੱਤੀ ਕਿ ਇਸ ਸਿਧਾਂਤ ਨੂੰ ਸਕੂਲਾਂ ਤੇ ਕਾਲਜਾਂ ਦੇ ਪਾਠਕ੍ਰਮ ਵਿੱਚੋਂ ਖਾਰਜ਼ ਕਰ ਦੇਣਾ ਚਾਹੀਦਾ ਹੈ। ਦੁਨੀਆਂ ਮੰਤਰੀ ਦੇ ਇਸ ਬਿਆਨ ਤੋਂ ਦੰਗ ਰਹਿ ਗਈ । ਇਸ ਬਾਰੇ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਨੇ ਲਿਖਤੀ ਰੋਸ ਜ਼ਾਹਿਰ ਕਰਦਿਆਂ ਕਿਹਾ

ਕਿ ਮੰਤਰੀ ਦੇ ਇਸ ਬਿਆਨ ਨਾਲ ਦੁਨੀਆਂ ਵਿੱਚ ਦੇਸ਼ ਦਾ ਅਕਸ ਖਰਾਬ ਹੋਇਆ ਹੈ ।

ਭਾਜਪਾ ਦੇ ਸੰਸਦ ਮੈਂਬਰ ਰਮੇਸ਼ ਨਿਸ਼ਾਂਕ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਰਹੇ। ਉਹਨਾਂ ਭਾਰਤ ਦੇ ਪੁਰਾਤਨ ਗਿਆਨ ਅਤੇ ਵਿਗਿਆਨ ਦਾ ਗੁਣਗਾਣ ਕਰਦਿਆਂ ਕਿਹਾ ਕਿ ਜਿਹੜੇ ਪ੍ਰਮਾਣੂ ਟੈਸਟਾਂ ਦੀ ਅੱਜ ਗੱਲ ਕੀਤੀ ਜਾ ਰਹੀ ਹੈ, ਇਹ ਦੂਜੀ ਸਦੀ ਵਿੱਚ ਹੋਏ ਰਿਸ਼ੀ ਕਨਾਡ ਨੇ ਪਹਿਲਾਂ ਹੀ ਕੀਤੇ ਹੋਏ ਸਨ। ਇਸੇ ਨੇਤਾ ਨੇ ਇੱਕ ਹੋਰ ਬਿਆਨ ਵਿੱਚ ਹੱਥ ਰੇਖਾ ਤੇ ਕੁੰਡਲੀ ਨੂੰ ਵੀ ਸਭ ਤੋਂ ਵੱਡਾ ਵਿਗਿਆਨ ਕਰਾਰ ਦਿੱਤਾ। ਰਾਜਸਥਾਨ ਦੇ ਤਤਕਾਲੀਨ ਸਿੱਖਿਆ ਮੰਤਰੀ ਵਾਸੁਦੇਵ ਵੀ ਆਪਣੀ 'ਵਿਗਿਆਨਕ ਖੋਜ' ਨਸ਼ਰ ਕਰਨ ਤੋਂ ਪਿੱਛੇ ਨਹੀਂ ਰਹੇ। ਉਹਨਾਂ ਗਾਂ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਗਾਵਾਂ ਆਪਣੇ ਸਾਹ ਰਾਹੀਂ ਆਕਸੀਜਨ ਛੱਡਦੀਆਂ ਹਨ ਤੇ ਇਹੀ ਆਕਸੀਜਨ ਮਨੁੱਖਾਂ ਦੇ ਸਾਹ ਲੈਣ ਦੇ ਕੰਮ ਆਉਂਦੀ ਹੈ। ਇਸੇ ਤਰ੍ਹਾਂ ਅਗਰਤਲਾ ਵਿੱਚ ਕੰਪਿਊਟਰੀਕਰਣ ਦੇ ਵਿਸ਼ੇ 'ਤੇ ਬੋਲਦਿਆਂ ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਦੇਵ ਨੇ ਦਾਅਵਾ ਕਰ ਮਾਰਿਆ ਕਿ ਇੰਟਰਨੈੱਟ ਮਹਾਂਭਾਰਤ ਕਾਲ ਦੌਰਾਨ ਵੀ ਮੌਜੂਦ ਸੀ। ਇਸਦੇ ਜ਼ਰੀਏ ਹੀ ਮੀਲਾਂ ਦੂਰ ਬੈਠਾ ਉਸ ਸਮੇਂ ਦਾ ਰਾਜਾ ਧ੍ਰਿਤਰਾਸ਼ਟਰ ਕੁਰਕਸ਼ੇਤਰ ਵਿੱਚ ਹੋਏ ਯੁੱਧ ਬਾਰੇ ਜਾਣਕਾਰੀ ਲੈ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਤਕਨਾਲੋਜੀ ਹਜ਼ਾਰਾਂ ਸਾਲ ਪਹਿਲਾਂ ਭਾਰਤ ਨੇ ਹੀ ਖੋਜੀ ਸੀ, ਅੱਜ ਜਿਸਦਾ ਸਿਹਰਾ ਯੂਰਪ ਵਾਲੇ ਆਪਣੇ ਸਿਰ ਲੈ ਰਹੇ ਹਨ।

ਭਾਜਪਾ ਸਰਕਾਰ ਵੱਲੋਂ ਪਸ਼ੂ ਪਾਲਣ ਤੇ ਡੇਅਰੀ ਵਿਭਾਗ ਨੂੰ ਨਵਾਂ ਨਾਮ "ਰਾਸ਼ਟਰੀ ਕਾਮਧੇਨੂ ਆਯੋਗ" ਦੇਣ ਤੋਂ ਬਾਅਦ ਇਸ ਧੰਦੇ ਨੂੰ 'ਵਿਗਿਆਨਕ ਲੀਹਾਂ' 'ਤੇ ਤੋਰਨ ਦਾ ਅਹਿਦ ਲਿਆ ਗਿਆ ਸੀ। ਆਯੋਗ/ਕਮਿਸ਼ਨ ਦੇ ਚੇਅਰਮੈਨ ਡਾ. ਵੱਲਭ ਭਾਈ ਕਥੀਰੀਆ ਦੀ ਅਗਵਾਈ ਵਿੱਚ ਚੱਲ ਰਹੇ ਇਸ ਵਿਭਾਗ ਵੱਲੋਂ ਅਕਤੂਬਰ 2020 'ਚ ਆਪਣੇ 'ਵਿਗਿਆਨਕ' ਖੋਜ ਦੇ ਤਜਰਬੇ ਸਾਂਝੇ ਕਰਦਿਆਂ ਵਿਭਾਗ ਦੀ ਵੈੱਬਸਾਈਟ 'ਤੇ ਦਾਅਵਾ ਕੀਤਾ ਗਿਆ ਸੀ ਕਿ ਗਾਂ ਦੇ ਗੋਹੇ ਤੋਂ ਤਿਆਰ ਕੀਤੀ ਗਈ ਇੱਕ ਚਿੱਪ ਮੋਬਾਈਲ ਫੋਨ ਤੋਂ ਨਿਕਲਣ ਵਾਲੀ ਰੇਡੀਏਸ਼ਨ ਨੂੰ ਰੋਕ ਸਕੇਗੀ। ਚੇਅਰਮੈਨ ਨੇ ਵਿਭਾਗ ਦੇ ਇਸ ਦਾਅਵੇ ਦੀ ਪੁਸ਼ਟੀ ਲਈ ਕੋਈ ਸਬੂਤ ਪੇਸ਼ ਕਰਨ ਦੀ ਜ਼ਹਿਮਤ ਵੀ ਨਹੀਂ ਉਠਾਈ। ਉਧਰ ਉਤਰਾਖੰਡ ਦੀ ਭਾਜਪਾ ਸਰਕਾਰ ਦੇ ਇੱਕ ਮੰਤਰੀ ਨੇ ਦਾਅਵਾ ਕੀਤਾ ਕਿ ਇੱਕ ਅਜਿਹੀ ਐਪ ਬਣਾ ਲਈ ਗਈ ਹੈ ਜਿਸ ਨਾਲ ਮਰਜੀ ਮੁਤਾਬਿਕ ਮੀਂਹ ਪਵਾਇਆ ਜਾ ਸਕਦਾ ਹੈ । ਇੰਨਾ ਹੀ ਨਹੀਂ ਮੰਤਰੀ ਦੇ ਦਾਅਵੇ ਅਨੁਸਾਰ ਹੋ ਰਹੀ ਬਾਰਿਸ਼ ਨੂੰ ਵੱਧ ਜਾਂ ਘੱਟ ਜਾਂ ਅੱਗੇ ਪਿੱਛੇ ਵੀ ਕੀਤਾ ਜਾ ਸਕਦਾ ਹੈ। ਮੰਤਰੀ ਦੀ ਇਸ 'ਖੋਜ' ਦਾ ਆਧਾਰ ਕੀ ਹੈ ? ਕੁੱਝ ਵੀ ਨਹੀਂ । ਜੇ ਮੰਤਰੀ ਦਾ ਇਹ ਦਾਅਵਾ ਸਹੀ ਹੈ ਤਾਂ ਇਸ ਐਪ ਨਾਲ ਹੜ੍ਹ ਤੇ ਸੋਕੇ ਵਾਲੀ ਸਥਿਤੀ ਤੋਂ ਮੁਕਤੀ ਮਿਲ ਜਾਣੀ ਚਾਹੀਦੀ ਸੀ ਅਤੇ ਤਬਾਹਕੁੰਨ ਬੇਮੌਸਮੀ ਬਾਰਿਸ਼ ਨਾਲ ਹੋਣ ਵਾਲੇ ਭਾਰੀ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ।

ਇਨਾਂ ਹੀ ਨਹੀਂ ਗਾਂ ਦਾ ਪਿਸ਼ਾਬ ਪੀਣ ਤੇ ਇਸਦੇ ਗੋਹੇ ਦੇ ਘੋਲ ਨਾਲ ਇਸ਼ਨਾਨ ਕਰਨ ਦੇ ਸਿਹਤ ਲਈ ਫਾਇਦੇ ਦੱਸੇ ਜਾ ਰਹੇ ਹਨ, ਤੇ ਬਹੁਤ ਸਾਰੇ ਆਯੁਰਵੈਦਿਕ ਦਵਾਈਆਂ ਦੇ ਸਟੋਰਾਂ 'ਤੇ 'ਗੌਮੂਤਰ' ਦੇ ਨਾਮ ਹੇਠਾਂ ਇਹ 'ਟੌਨਿਕ' ਵੇਚਿਆ ਵੀ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦੇ ਜ਼ਿਆਦਾਤਰ ਖਰੀਦਦਾਰ ਤਰਕ ਵਿਹੂਣੇ ਅੰਧਭਗਤ ਹੀ ਹਨ। ਹੈਰਾਨੀ ਦੀ ਗੱਲ ਹੈ ਕਿ ਮਾਰਕਿਟ ਵਿੱਚ ਗਾਂ ਦਾ ਦੁੱਧ 45/50 ਰੁਪਏ ਪ੍ਰਤੀ ਲਿਟਰ ਵਿਕ ਰਿਹਾ ਹੈ ਜਦ ਕਿ ਗਾਂ ਦੇ ਪਿਸ਼ਾਬ ਦੀ ਕੀਮਤ ਘੱਟੋ ਘੱਟ ਇੱਕ ਸੌ ਰੁਪਏ ਲਿਟਰ ਵਸੂਲੀ ਜਾ ਰਹੀ ਹੈ। ਹੁਣ ਤਾਂ ਇਸ ਟੋਲੇ ਨੇ ਗਾਂ ਦੇ ਗੋਹੇ ਤੋਂ 'ਪੌਸ਼ਟਿਕ' ਬਰਫ਼ੀ ਬਣਾਉਣ ਦਾ ਵੀ ਦਾਅਵਾ ਕੀਤਾ ਹੈ। ਗੁਜਰਾਤ ਦੇ ਸੰਸਦ ਮੈਂਬਰ ਸ਼ੰਕਰ ਭਾਈ ਵੇਗਾਡ ਦਾ ਦਾਅਵਾ ਹੈ ਕਿ ਗਾਂ ਦੇ ਗੋਹੇ ਅਤੇ ਪਿਸ਼ਾਬ ਨਾਲ ਕੈਂਸਰ ਰੋਗ ਤੋਂ ਮੁਕਤ ਹੋਇਆ ਜਾ ਸਕਦਾ ਹੈ ਪਰ ਸ਼ੰਕਰ ਭਾਈ ਦੇ ਦਾਅਵੇ ਦੇ ਬਾਵਜੂਦ ਗੋਆ ਦੇ ਤਤਕਾਲੀਨ ਭਾਜਪਾ ਮੁੱਖ ਮੰਤਰੀ ਮਨੋਹਰ ਪਰੀਕਰ, ਕੇਂਦਰੀ ਵਿਤ ਮੰਤਰੀ ਅਰੁਣ ਜੇਤਲੀ, ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਭਗਵਾਂ ਪਾਰਟੀ ਦੇ ਸਹਿਯੋਗੀ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਸੁਰਿੰਦਰ ਕੌਰ ਬਾਦਲ ਸਿਹਤਯਾਬ ਹੋਣ ਲਈ ਦਿੱਲੀ ਏਮਜ ਜਾਂ ਵਿਦੇਸ਼ੀ ਹਸਪਤਾਲਾਂ ਵਿੱਚ ਹੀ ਜਾਂਦੇ ਰਹੇ ਹਨ। ਇਨ੍ਹਾਂ ਨੇ ਇਸ 'ਖੋਜ' ਦਾ ਫਾਇਦਾ ਕਿਉਂ ਨਹੀਂ ਲਿਆ ?

ਇਹੀ ਨਹੀਂ ਕਿ ਅਜਿਹੀਆਂ 'ਖੋਜਾਂ' ਦੇ ਐਲਾਨ ਸਿਰਫ਼ ਅਨਪੜ੍ਹ ਜਾਂ ਅਧਪੜ੍ਹ ਅੰਧਭਗਤ ਹੀ ਕਰਦੇ ਹਨ ਸਗੋਂ ਕਈ ਉੱਚ ਅਹੁਦਿਆਂ 'ਤੇ ਬਿਰਾਜਮਾਨ ਪੜ੍ਹੇ ਲਿਖੇ 'ਵਿਦਵਾਨ' ਵੀ ਅਜਿਹੇ ਦਾਅਵੇ ਕਰਨ ਵਿੱਚ ਪਿੱਛੇ ਨਹੀਂ ਹਨ। ਜਰਨਲਿਸਟ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ ਅਲਾਹਾਬਾਦ ਹਾਈਕੋਰਟ ਦੇ ਜੱਜ ਸ਼ੇਖਰ ਕੁਮਾਰ ਯਾਦਵ ਨੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਯੱਗ ਵਿੱਚ ਗਾਂ ਦਾ ਘਿਉ ਪਾਉਣ ਨਾਲ ਬਾਰਿਸ਼ ਹੁੰਦੀ ਹੈ ਕਿਉਂਕਿ ਇਸ ਨਾਲ ਸੂਰਜ ਦੀਆਂ ਕਿਰਣਾਂ ਨੂੰ ਵਿਸ਼ੇਸ਼ ਊਰਜਾ ਮਿਲਦੀ ਹੈ । ਇਸੇ ਤਰ੍ਹਾਂ ਪੰਜਾਬ ਦੇ ਸ਼ਹਿਰ ਫਗਵਾੜਾ ਨੇੜੇ ਸਥਿਤ ਲਵਲੀ

ਯੂਨੀਵਰਸਿਟੀ ਵਿੱਚ ਜਨਵਰੀ 2019 ਦੌਰਾਨ ਹੋਈ 106 ਵੀਂ ਇੰਡੀਅਨ ਸਾਇੰਸ ਕਾਂਗਰਸ ਦੇ ਇੱਕ ਸੈਸ਼ਨ ਦੌਰਾਨ- ਜਿਸ ਵਿੱਚ ਤਿੰਨ ਨੋਬਲ ਪੁਰਸਕਾਰ ਜੇਤੂ ਵਿਗਿਆਨੀਆਂ ਸਮੇਤ ਕਈ ਦੇਸ਼ਾਂ ਦੇ ਨਾਮਵਰ ਵਿਗਿਆਨੀ ਹਾਜ਼ਰ ਸਨ- ਆਂਧਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਨੇ ਬਿਨ੍ਹਾਂ ਕਿਸੇ ਪ੍ਰਮਾਣ ਦੇ ਇਹ ਦਾਅਵਾ ਕਰ ਦਿੱਤਾ ਕਿ ਭਾਰਤ ਕੋਲ ਸਟੈਮ ਸੈਲ ਤੋਂ ਬੱਚੇ ਪੈਦਾ ਕਰਨ ਦੀ ਤਕਨੀਕ ਹਜਾਰਾਂ ਸਾਲ ਪਹਿਲਾਂ ਹੀ ਮੌਜੂਦ ਸੀ ਅਤੇ ਗੰਧਾਰੀ ਦੇ ਇੱਕ ਸੌ ਇੱਕ ਕੌਰਵ ਪੁੱਤਰ ਇਸੇ ਤਕਨੀਕ ਨਾਲ ਪੈਦਾ ਹੋਏ ਸਨ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਭਾਰਤ ਕੋਲ ਮਿਥਿਆ ਨਿਸ਼ਾਨਾ ਫੁੰਡਣ ਵਾਲੀ ਮਿਜਾਈਲ ਦੀ ਤਕਨੀਕ ਹਜ਼ਾਰਾਂ ਸਾਲ ਪੁਰਾਣੀ ਹੈ। ਉਨ੍ਹਾਂ ਉਸ ਕਾਲ ਵਿੱਚ ਪੁਸ਼ਪਕ ਜਹਾਜ਼ ਹੋਣ ਤੇ ਟਾਰਗੇਟ ਨੂੰ ਹਿੱਟ ਕਰਨ ਤੋਂ ਬਾਅਦ ਵਾਪਸ ਆਉਣ ਵਾਲੇ ਹਥਿਆਰ ਹੋਣ ਦਾ ਵੀ ਦਾਅਵਾ ਕਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਰਾਓ ਨੂੰ ਸਾਇੰਸ ਕਾਂਗਰਸ ਦੇ ਆਯੋਜਕਾਂ ਦੀ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।

ਅੰਧਵਿਸ਼ਵਾਸ ਫੈਲਾਉਣ ਦੇ ਮਾਮਲੇ ਵਿੱਚ ਸਭ ਤੋਂ ਵੱਡੀ ਗੁਰਜ ਦੀ ਹੱਕਦਾਰ ਰਾਸ਼ਟਰੀ ਸਵੈਸੇਵਕ ਸੰਘ ਰਹੀ । ਇਸ ਨੇ ਦਾਅਵਾ ਕੀਤਾ ਕਿ ਜੇ ਭਾਰਤੀ ਲੋਕ ਹਰ ਰੋਜ਼ ਪੰਜ ਵਾਰ ਮੰਤਰ ਪੜ੍ਹਨ ਤਾਂ ਭਾਰਤ-ਚੀਨ ਦੀ ਸਰਹੱਦ ਤੋਂ ਚੀਨ ਨੂੰ ਖਦੇੜਿਆ ਜਾ ਸਕਦਾ ਹੈ। ਇਸ ਦਾਅਵੇ ਅਨੁਸਾਰ ਤਾਂ ਦੇਸ਼ ਦੀ ਸੁਰੱਖਿਆ ਦਾ ਇਸ ਤੋਂ ਸਸਤਾ ਤੇ ਸਾਂਤਮਈ ਤਰੀਕਾ ਹੋਰ ਕੀ ਹੋ ਸਕਦਾ ਹੈ? ਦੇਸ਼ ਦੇ ਰੱਖਿਆ ਤੰਤਰ ਨੂੰ ਸਰਹੱਦ 'ਤੇ ਫੌਜਾਂ ਤੈਨਾਤ ਕਰਕੇ ਭਾਰੀ ਭਰਕਮ ਹਥਿਆਰ ਭੇਜਣ ਦੀ ਥਾਂ ਫੌਜ ਨੂੰ ਮੰਤਰਾਂ ਦਾ ਜਾਪ ਕਰਨ 'ਤੇ ਹੀ ਲਗਾ ਦੇਣਾ ਚਾਹੀਦਾ ਹੈ। ਇਹ ਸੱਜਣ ਅਤੀਤ ਦੇ ਉਸ ਇਤਿਹਾਸਕ ਘਟਨਾਕ੍ਰਮ ਨੂੰ ਵੀ ਭੁੱਲ ਗਏ ਹਨ, ਜਦੋਂ ਵਿਦੇਸ਼ੀ ਧਾੜਵੀਆਂ ਦੇ ਹਮਲੇ ਸਮੇਂ ਇਹਨਾਂ ਦੇ ਪੁਰਖੇ ਹਮਲੇ ਤੋਂ ਬਚਾਅ ਲਈ ਜੰਗ ਦੀ ਤਿਆਰੀ ਕਰਨ ਦੀ ਥਾਂ ਇੱਕ ਪ੍ਰਸਿੱਧ ਮੰਦਰ ਵਿੱਚ ਇਹ ਮਿਥ ਕੇ ਮੰਤਰਾਂ ਦਾ ਜਾਪ ਕਰਨ ਬੈਠ ਗਏ ਸਨ ਕਿ ਮੰਤਰਾਂ ਦੀ ਸ਼ਕਤੀ ਨਾਲ ਹਮਲਾਵਰ ਧਾੜਵੀ ਅੰਨ੍ਹੇ ਹੋ ਜਾਣਗੇ। ਪਰ ਧਾੜਵੀ ਫੌਜਾਂ ਬਿਨ੍ਹਾਂ ਕਿਸੇ ਵਿਰੋਧ ਦਾ ਸਾਹਮਣਾ ਕੀਤੇ ਇੰਨਾਂ ਉੱਪਰ ਆ ਚੜ੍ਹੀਆਂ ਸਨ ਤੇ ਰੱਜ ਕੇ ਕਤਲੇਆਮ ਤੇ ਲੁੱਟਮਾਰ ਕੀਤੀ। ਲੋਕ ਮਨਾਂ ਵਿਚ ਤੁੰਨੇ ਜਾ ਰਹੇ ਅੰਧਵਿਸ਼ਵਾਸਾਂ ਦੇ ਕਚਰੇ ਕਰਕੇ ਹੀ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਗਰੱਸੀ ਲੋਕਾਈ ਵੱਲੋਂ ਪਸ਼ੂਆਂ ਤੇ ਮਨੁੱਖਾਂ ਦੀ ਬਲੀ ਦੇਣ, ਖੁਦਕੁਸ਼ੀ ਕਰਨ, ਕਿਸੇ ਔਰਤ ਨੂੰ ਚੁੜੇਲ ਸਮਝ ਕੇ ਕੁੱਟ-ਕੁੱਟ ਕੇ ਮਾਰਨ, ਕਿਸੇ ਲੜਕੀ ਦਾ ਕੁੱਤੇ ਨਾਲ ਵਿਆਹ ਕਰਨ, ਕੰਵਾਰੀਆਂ ਲੜਕੀਆਂ ਨੂੰ ਦੇਵ-ਦਾਸੀਆਂ ਬਣਾ ਕੇ ਕਾਮੀ ਪੁਜਾਰੀਆਂ ਦੀ ਹਵਸ਼ ਦਾ ਸ਼ਿਕਾਰ ਬਣਾਉਣ ਅਤੇ ਮੀਂਹ ਪਵਾਉਣ ਲਈ ਗੁੱਡੀਆਂ ਫੂਕਣ ਤੇ ਡੱਡੂ ਤੇ ਡੱਡ ਦਾ ਵਿਆਹ ਕਰਨ ਆਦਿ ਵਰਗੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ।

ਮੁਕਦੀ ਗੱਲ ਜੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਹੀ ਵਿਗਿਆਨਕ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਦੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਅੰਧਵਿਸ਼ਵਾਸਾਂ ਦੇ ਵਾਹਕ ਬਣਨ ਦੀ ਲੋਕ ਵਿਰੋਧੀ ਨੀਤੀ ਉੱਪਰ ਚੱਲ ਰਹੇ ਹਨ ਤਾਂ ਵਿਗਿਆਨਕ ਸੋਚ ਦੇ ਧਾਰਨੀ ਲੋਕਾਂ ਤੇ ਸੰਸਥਾਵਾਂ ਦਾ ਫਰਜ ਬਣਦਾ ਹੈ ਕਿ ਇਸ ਕੂੜ ਪ੍ਰਚਾਰ ਨੂੰ ਬੇਪੜਦ ਕਰਨ ਤੇ ਵਿਗਿਆਨ ਦੀ ਰੌਸ਼ਨੀ ਦਿਖਾਉਣ ਦਾ ਕਾਰਜ ਹੱਥ ਲੈਣ। **98556-56156**

---

**ਪੰਨਾ 19 ਦਾ ਬਾਕੀ**

ਦਾ ਤਰੀਕਾ ਹੈ। ਜ਼ਿੰਦਗੀ ਜਿਉਣ ਲਈ ਉਤਸ਼ਾਹ ਅਤੇ ਜ਼ਿੰਦਗੀ ਦੀ ਨੈਤਿਕਤਾ ਦੇ ਗੁਣ ਮੈਨੂੰ ਵਿਗਿਆਨ ਨੇ ਹੀ ਦਿੱਤੇ ਹਨ। ਸਮਾਜ ਵੱਲੋਂ ਥੋਪੇ ਗਏ ਵਾਧੂ ਦੇ ਬੋਝ ਅਤੇ ਅਡੰਬਰਾਂ ਤੋਂ ਮੁਕਤ ਹੋਇਆ ਹਾਂ ਤਾਂ ਵਿਗਿਆਨ ਕਰਕੇ ਹੀ ਹੋਇਆ ਹਾਂ। ਵਿਗਿਆਨ ਤੁਹਾਨੂੰ ਜਬਰਦਸਤੀ ਨੈਤਿਕ ਨਹੀਂ ਬਣਾਉਂਦਾ ਸਗੋਂ ਤੁਹਾਨੂੰ ਨੈਤਿਕ ਕਿਉਂ ਹੋਣਾ ਚਾਹੀਦਾ ਹੈ ਇਸ ਸਮਝ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਬੁਢਾਪੇ ਅਤੇ ਉਮਰ ਦੀ ਗੱਲ ਨੂੰ ਅਸੀਂ ਇੱਥੋਂ ਸ਼ੁਰੂ ਕੀਤਾ ਸੀ ਕਿ ਕੀ ਉਮਰ ਇੱਕ ਨੰਬਰ ਹੈ। ਹਾਂ, ਸੀਨੀਅਰ ਸਿਟੀਜਨ ਦੀਆਂ ਜਾਂ ਹੋਰ ਸਰਕਾਰੀ ਸਹੂਲਤਾਂ ਲੈਣ ਲਈ ਭਾਵੇਂ ਇਹ ਇੱਕ ਨੰਬਰ ਹੈ, ਪਰ ਫਿਰ ਵੀ ਬੁਢਾਪੇ ਦੀ ਉਮਰ ਵਿੱਚ ਜਾ ਕੇ ਵੀ ਅਸੀਂ ਇੱਕੋ ਸਮੇਂ ਕਈ ਉਮਰਾਂ ਜੀਅ ਰਹੇ ਹਾਂ। ਜਦੋਂ ਮੈਂ ਆਪਣੀ ਪੈਂਹਠ ਸਾਲ ਦੀ ਉਮਰ ਬਾਰੇ ਸੋਚ ਰਿਹਾ ਹੁੰਦਾ ਹਾਂ, ਉਸੇ ਸਮੇਂ ਜੇਕਰ ਮੇਰੀ ਪੋਤੀ ਮੇਰੇ ਕੋਲ ਆਉਂਦੀ ਹੈ ਅਤੇ ਮੈਂ ਉਸ ਨਾਲ ਫਰਸ਼ 'ਤੇ ਰਿੜ ਰਿੜ ਕੇ ਖੇਡਣਾ ਸ਼ੁਰੂ ਕਰ ਦਿੰਦਾ ਹਾਂ ਤਾਂ ਮੈਂ ਉਸੇ ਸਮੇਂ ਬਚਪਨ ਦੀ ਉਮਰ ਵਿੱਚ ਪਹੁੰਚ ਜਾਂਦਾ ਹਾਂ। ਇਸ ਤਰ੍ਹਾਂ ਤੁਸੀਂ ਉਮਰ ਦੇ ਵੱਖ ਵੱਖ ਪੜਾਵਾਂ ਨੂੰ ਮਾਣ ਸਕਦੇ ਹੋ। ਉਮਰ ਤੇ ਬੁਢਾਪੇ ਬਾਰੇ ਤੁਹਾਡੀ ਸਮਝ ਵਿਗਿਆਨਕ ਬਣਾਉਣ ਵਿੱਚ ਮੇਰੀ ਇਹ ਗੱਲਬਾਤ ਕਿੰਨੀ ਕੁ ਸਹਾਈ ਹੋਈ ਮੈਨੂੰ ਜ਼ਰੂਰ ਦੱਸਣਾ। ਉਮਰ ਅਤੇ ਬੁਢਾਪੇ ਬਾਰੇ ਆਪਣੀ ਗੱਲਬਾਤ ਨੂੰ ਅੱਜ ਅਸੀਂ ਇੱਥੇ ਖ਼ਤਮ ਕਰਦੇ ਹਾਂ।

**ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ/ ਜਸਵੰਤ ਮੋਹਾਲੀ**

# ਨੂਹ 'ਚ ਹੋਈ ਹਿੰਸਾ



**ਹੇਮ ਰਾਜ ਸਟੈਨੋ**

ਹਰਿਆਣੇ 'ਚ ਨੂਹ 'ਚ ਹੋਈ ਹਿੰਸਾ ਬਾਰੇ ਸਭ ਨੇ ਸੁਣਿਆ ਹੋਇਆ ਹੈ। ਅੱਜ ਇਸ 'ਤੇ ਗੱਲ ਕਰਦੇ ਹਾਂ।

ਪਹਿਲਾਂ ਨੂਹ ਦੀ ਭੂਗੋਲਿਕ ਸਥਿਤੀ ਬਾਰੇ।

ਹਰਿਆਣੇ ਦਾ ਇੱਕ ਮੇਵਾਤ ਇਲਾਕਾ ਹੈ। ਇਸ ਮੇਵਾਤ ਇਲਾਕੇ ਵਿੱਚ ਹਰਿਆਣਾ, ਰਾਜਸਥਾਨ ਦੇ ਇਲਾਕਿਆਂ ਦੇ ਨਾਲ ਨਾਲ ਕੁੱਝ ਹਿੱਸਾ ਉੱਤਰ ਪ੍ਰਦੇਸ਼ ਦਾ ਵੀ ਪੈਂਦਾ ਹੈ। ਇਹ ਮੇਵਾਤ ਇਲਾਕਾ ਮੁਸਲਿਮ ਭਾਈਚਾਰੇ ਦੀ ਬਹੁ-ਗਿਣਤੀ ਵਾਲਾ ਹੈ।

**ਕੁੱਝ ਕੁ ਗੱਲ ਪਿਛੋਕੜ ਬਾਰੇ**

1920-25 ਵਿੱਚ ਸਾਡੇ ਦੇਸ਼ ਅੰਦਰ ਸਵਾਮੀ ਸ਼ਰਧਾਨੰਦ ਦੀ ਅਗਵਾਈ ਹੇਠ ਸ਼ੁੱਧੀ ਲਹਿਰ ਵਿੱਢੀ ਗਈ। ਇਸ ਨੇ ਪ੍ਰੋਗਰਾਮ ਇਹ ਬਣਾਇਆ ਕਿ ਗਊ ਹੱਤਿਆ ਬੰਦ ਕਰਾਈ ਜਾਵੇ ਅਤੇ ਜਿਹੜੇ ਹਿੰਦੂ, ਇਸਲਾਮ ਧਰਮ ਗ੍ਰਹਿਣ ਕਰ ਗਏ ਹਨ ਉਨ੍ਹਾਂ 'ਤੇ ਦਬਾਅ ਪਾ ਕੇ ਮੋੜ ਕੇ ਹਿੰਦੂ ਧਰਮ ਅੰਦਰ ਲਿਆਂਦਾ ਜਾਵੇ ਅਤੇ ਹਿੰਦੂਆਂ ਵਿੱਚੋਂ ਧਰਮ-ਪ੍ਰੀਵਰਤਨ ਦੀ ਰੁਚੀ ਨੂੰ ਦਬਾਇਆ ਜਾਵੇ। ਇਸ ਲਈ ਇਸਨੂੰ 'ਸ਼ੁੱਧੀ ਲਹਿਰ' ਦਾ ਨਾਮ ਦਿੱਤਾ ਗਿਆ। ਇਸੇ ਸ਼ੁੱਧੀ ਲਹਿਰ ਦੇ ਵਿਰੋਧ ਵਿੱਚ ਮੁਸਲਿਮ ਭਾਈਚਾਰੇ ਨੇ ਮਸਜਿਦਾਂ ਅੱਗੇ ਗੀਤ ਗਾਉਣ ਜਾਂ ਸਾਜ ਨਾ ਵਜਾਉਣ ਅਤੇ ਹੋਰ ਮੰਗਾਂ ਨੂੰ ਲੈ ਕੇ ਇੱਕ ਮੁਹਿੰਮ ਵਿੱਢੀ ਜਿਸਨੂੰ ਤਬਲੀਗ ਕਿਹਾ ਗਿਆ। ਇਸ ਮੁਹਿੰਮ ਨੂੰ ਚਲਾਉਣ ਲਈ ਉਨ੍ਹਾਂ ਨੇ ਇੱਕ ਜਥੇਬੰਦੀ ਬਣਾਈ ਜਿਸਨੂੰ ਤਨਜ਼ੀਮ ਕਿਹਾ ਗਿਆ। ਤਬਲੀਗ ਤੋਂ ਭਾਵ ਸੀ ਕਿ ਮੁਸਲਿਮ ਭਾਈਚਾਰੇ ਨੂੰ ਮੁਸਲਿਮ ਫਲਸਫੇ ਨੂੰ ਸਮਝਣ-ਸਮਝਾਉਣ ਦਾ ਕੰਮ ਕਰਨਾ। ਮੇਵਾਤ ਵਿੱਚ 1940ਵਿਆਂ 'ਚ ਕਿਸਾਨ ਲਹਿਰ ਵੀ ਸਰਗਰਮ ਰਹੀ ਜਿਹੜੀ ਕਮਿਊਨਿਸਟਾਂ ਦੀ ਅਗਵਾਈ ਵਿੱਚ ਚੱਲਦੀ ਸੀ । ਉਦੋਂ ਇਸ ਲਹਿਰ ਦੇ ਆਗੂ ਕਮਿਊਨਿਸਟ ਆਗੂ ਪੀ.ਸੀ. ਜੋਸ਼ੀ ਹੁੰਦੇ ਸਨ। ਜਦੋਂ 1947 'ਚ ਸਾਡੇ ਦੇਸ਼ ਦੀ ਵੰਡ ਹੋਈ ਤਾਂ ਮੇਵਾਤ ਦੇ ਮੁਸਲਮਾਨ ਪਾਕਿਸਤਾਨ ਜਾਣ ਦੀ ਬਜਾਇ ਇੱਥੇ ਹੀ ਰਹੇ। ਉਨ੍ਹਾਂ ਨੇ ਪੀ.ਸੀ.ਜੋਸ਼ੀ ਨੂੰ ਆਪਣੀ ਸੁਰੱਖਿਆ ਲਈ ਵੀ ਬੇਨਤੀ ਕੀਤੀ ਸੀ। ਮਹਾਤਮਾ ਗਾਂਧੀ ਨੇ ਵੀ ਮੁਸਲਿਮ ਭਾਈਚਾਰੇ ਨੂੰ ਸੁਰੱਖਿਆ ਦਾ ਯਕੀਨ ਦਿਵਾਇਆ ਸੀ। ਭਾਵ ਕਿ ਮੇਵਾਤ ਦੇ ਮੁਸਲਮਾਨਾਂ ਦਾ ਇਤਿਹਾਸ ਫਿਰਕੂ ਹੋਣ ਦੀ ਬਜਾਇ ਦੇਸ਼-ਭਗਤੀ ਵਾਲਾ ਹੀ ਰਿਹਾ ਭਾਵੇਂ ਕਿ ਉਨ੍ਹਾਂ ਨੇ ਆਪਣੀ ਫਲਾਸਫੀ ਦੇ ਪ੍ਰਚਾਰ ਲਈ ਕੰਮ ਕੀਤਾ। ਜਾਣਕਾਰਾਂ ਦਾ ਕਹਿਣਾ ਹੈ ਕਿ ਮੇਵਾਤ ਦੇ ਇਸ ਭਾਈਚਾਰੇ ਦੇ ਰੀਤੀ ਰਿਵਾਜ ਅਤੇ ਖਾਣ-ਪੀਣ ਵੀ ਹਿੰਦੂਆਂ ਦੇ ਬਹੁਤ ਨੇੜੇ ਹੈ। ਇਸ ਲਈ ਮੇਵਾਤ ਦੇ ਮੁਸਲਿਮ ਅਤੇ ਹਿੰਦੂ ਮਿਲ-ਜੁਲਕੇ ਰਹਿੰਦੇ ਹਨ।

ਪਰ ਜਿਵੇਂ ਸਾਰੇ ਹੀ ਜਾਣਦੇ ਹਨ ਕਿ ਅੱਜ ਸਾਡੇ ਦੇਸ਼ 'ਚ ਫਿਰਕਾਪ੍ਰਸਤੀ ਦੀ ਅੱਗ ਥਾਂ ਥਾਂ ਫੈਲਾਈ ਜਾ ਰਹੀ ਹੈ। ਸੋ ਇਹੀ ਅੱਗ 'ਚ ਮੇਵਾਤ ਇਲਾਕੇ ਨੂੰ ਵੀ ਵਲੇਟਣ ਦੀ ਕੋਸ਼ਿਸ਼ ਕੀਤੀ ਗਈ। ਉਹ ਕਿਵੇਂ ?

ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦੋਨਾਂ ਸੰਗਠਨਾਂ ਨੇ 31 ਜੁਲਾਈ ਨੂੰ ਇੱਕ ਬ੍ਰਿਜ ਮੰਡਲ ਜਲ ਅਭਿਸ਼ੇਕ ਯਾਤਰਾ ਵਿਉਂਤੀ। ਇਸ ਯਾਤਰਾ ਦਾ ਰੂਟ ਗੁਰੂਗ੍ਰਾਮ ਤੋਂ ਨੂਹ ਦੇ ਨਲਹੜ ਮੰਦਰ ਵਿੱਚੋਂ ਦੀ ਹੋ ਕੇ ਫਿਰੋਜ਼ਪੁਰ ਝਿਰਕਾ ਤੱਕ ਦਾ ਸੀ। ਇੱਥੇ ਇਹ ਦੱਸਣਾ ਠੀਕ ਰਹੇਗਾ ਕਿ ਇਹ ਯਾਤਰਾ ਕੋਈ ਇਤਿਹਾਸਕ ਯਾਤਰਾ ਨਹੀਂ ਹੈ। ਇਹ ਸਿਰਫ ਪਿਛਲੇ ਦੋ ਸਾਲਾਂ ਤੋ ਹੀ ਕੱਢੀ ਜਾਣੀ ਸ਼ੁਰੂ ਹੋਈ ਹੈ। ਇਹ ਯਾਤਰਾ ਜਿਸ ਰੂਟ ਰਾਹੀਂ ਜਾਣੀ ਸੀ ਉਸ ਇਲਾਕੇ 'ਚ ਮੁਸਲਿਮ ਭਾਈਚਾਰੇ ਦੀ ਬਹੁ-ਗਿਣਤੀ ਹੈ।

ਇਹ ਆਪਾਂ ਸਭ ਜਾਣਦੇ ਹੀ ਹਾਂ ਕਿ ਕਿਸੇ ਵੀ ਧਰਮ ਦੇ ਫਿਰਕੇ ਵੱਲੋਂ ਜਦੋਂ ਆਪਣੇ ਧਰਮ ਨਾਲ ਸਬੰਧਤ ਕੋਈ ਯਾਤਰਾ ਕੱਢੀ ਜਾਂਦੀ ਹੈ ਤਾਂ ਉਸ ਯਾਤਰਾ ਤੋਂ ਪਹਿਲਾਂ, ਦੌਰਾਨ ਅਤੇ ਪਿੱਛੋਂ ਵੀ ਉਸ ਧਰਮ ਨਾਲ ਸਬੰਧਤ ਧਾਰਮਿਕ ਉਪਦੇਸ਼ ਪ੍ਰਚਾਰੇ-ਪ੍ਰਸਾਰੇ ਜਾਂਦੇ ਹਨ ਅਤੇ ਅਕਸਰ ਯਾਤਰਾ ਦੀ ਅਗਵਾਈ ਵੀ ਉਸ ਧਰਮ ਦੀਆਂ ਧਾਰਮਿਕ ਸਖਸ਼ੀਅਤਾਂ ਹੀ ਕਰਦੀਆਂ ਹੁੰਦੀਆਂ ਹਨ। ਪਰ ਇਸ ਜਲ ਅਭਿਸ਼ੇਕ ਯਾਤਰਾ 'ਚ ਇਉਂ ਨਹੀਂ ਸੀ। ਲਓ ਦੇਖੋ ਕਿਵੇਂ ?

ਪਹਿਲਾਂ ਤਾਂ ਇਸ ਯਾਤਰਾ ਨੂੰ ਸ਼ੁਰੂ ਕਰਨ ਦਾ ਸੰਦੇਸ਼ ਸੁਣੋ। ਯਾਤਰਾ ਤੋਂ ਕੁੱਝ ਦਿਨ ਪਹਿਲਾਂ ਹੀ ਬਿੱਟੂ ਬਜਰੰਗੀ ਅਤੇ ਮੋਨੂ ਮਾਨੇਸਰ ਦੀਆਂ ਵੀਡੀਓ ਆਉਂਦੀਆਂ ਹਨ। ਇਹ ਵੀਡੀਓ ਕਿਹੋ-ਜਿਹਾ ਧਾਰਮਿਕ ਸੰਦੇਸ਼ ਜਾਂ ਉਪਦੇਸ਼ ਦੇ ਰਹੀਆਂ ਹਨ, ਉਹ ਦੇਖੋ। ਬਿੱਟੂ ਬਜਰੰਗੀ ਕਹਿ ਰਿਹਾ ਹੈ, "ਮੁਸਲਮਾਨੋ ! ਤੁਹਾਡਾ ਜਵਾਈ ਆ ਰਿਹਾ ਹੈ, ਫੁੱਲਮਾਲਾ ਤਿਆਰ ਰੱਖਣਾ।" ਇਨ੍ਹਾਂ ਵੀਡੀਓਜ਼ ਰਾਹੀਆਂ ਇਹ ਦੋਨੋਂ ਸਖਸ਼-ਬਿੱਟੂ ਬਜਰੰਗੀ ਅਤੇ ਮੋਨੂ ਮਾਨੇਸਰ- ਨੇ ਇਸ ਜਲ ਅਭਿਸ਼ੇਕ ਸ਼ੋਭਾ ਯਾਤਰਾ

ਵਿੱਚ ਹਿੰਦੂ ਨੌਜਵਾਨਾਂ ਨੂੰ ਹਥਿਆਰ ਲੈ ਕੇ ਆਉਣ ਦੀਆਂ ਅਪੀਲਾਂ ਕੀਤੀਆਂ ਤੇ ਇਹ ਦਾਅਵਾ ਕੀਤਾ ਕਿ ਪੂਰੇ ਹਰਿਆਣੇ 'ਚੋਂ ਬਜਰੰਗ ਦਲ ਦੇ ਕਾਰਕੁੰਨ ਸ਼ਾਮਲ ਹੋਣਗੇ। ਸੋ ਜਲ ਅਭਿਸ਼ੇਕ ਯਾਤਰਾ ਦੇ ਆਗੂਆਂ ਵੱਲੋਂ ਇਸ ਤਰ੍ਹਾਂ ਦਾ ਸੰਦੇਸ਼ ਧਾਰਮਿਕ ਕਹਿਲਾਉਣ ਦਾ ਹੱਕਦਾਰ ਕਿਵੇਂ ਬਣਦਾ ਹੈ ? ਕਿਵੇਂ ਵੀ ਨਹੀਂ। ਜਿਸ ਯਾਤਰਾ 'ਚ ਸ਼ਾਮਲ ਹੋਣ ਲਈ ਵਿਰੋਧੀ ਭਾਈਚਾਰੇ ਵਾਸਤੇ ਗਾਲੀ-ਗਲੋਚ ਵਾਲਾ ਸੰਦੇਸ਼ ਹੋਵੇ ਤਾਂ ਉਹ ਕਿਹੜੇ ਧਾਰਮਿਕ ਉਪਦੇਸ਼ ਜਾਂ ਉਦੇਸ਼ ਦੀ ਪੂਰਤੀ ਕਰੇਗਾ ? ਨਾਲ ਹੀ ਇਹ ਕਿ ਇਹ ਯਾਤਰਾ ਧਾਰਮਿਕ ਰੰਗਤ ਵਾਲੀ ਕਿਵੇਂ ਬਣ ਸਕੇਗੀ ? ਦੋਵੇਂ ਹੀ ਸਵਾਲਾਂ ਦਾ ਜਵਾਬ ਨਾਂਹ ਵਿੱਚ ਹੈ। ਸਾਡਾ ਕਹਿਣ ਤੋਂ ਭਾਵ ਹੈ ਕਿ ਇਸ ਤਰ੍ਹਾਂ ਦੀ ਯਾਤਰਾ ਨੂੰ ਧਾਰਮਿਕ ਤਾਂ ਕਿਸੇ ਵੀ ਤਰ੍ਹਾਂ ਨਹੀਂ ਠਹਿਰਾਇਆ ਜਾ ਸਕਦਾ ਹੋਰ ਭਾਵੇਂ ਕੁੱਝ ਵੀ ਕਹੋ।

ਕਿਉਂਕਿ ਮੇਵਾਤ ਖੇਤਰ ਦੀ ਮੁਸਲਿਮ ਆਬਾਦੀ ਖੇਤੀ ਕਿੱਤੇ ਨਾਲ ਜੁੜੀ ਹੋਈ ਹੈ। ਇਸ ਲਈ ਇਹ ਗਾਵਾਂ ਪਾਲਦੀ ਹੈ। ਇਹ ਸੁਭਾਵਿਕ ਹੀ ਹੈ ਕਿ ਜਿੱਥੇ ਪਸ਼ੂ ਪਾਲੇ ਜਾਂਦੇ ਹੋਣ ਉੱਥੇ ਪਸ਼ੂਆਂ ਦਾ ਵਪਾਰ ਵੀ ਹੋਣਾ ਹੀ ਹੋਣਾ ਹੁੰਦਾ ਹੈ। ਮੋਨੂ ਮਾਨੇਸਰ ਦਾ ਅਸਲ ਨਾਮ ਮੋਹਿਤ ਯਾਦਵ ਹੈ। ਇਸ ਇਲਾਕੇ 'ਚ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਇਲਾਵਾ ਗਊ ਰੱਖਿਅਕ ਦਲ ਵੀ ਸਾਹਮਣੇ ਆਇਆ ਹੋਇਆ ਹੈ ਜਾਂ ਇਹ ਕਹਿ ਲਵੋ ਕਿ ਸੰਘ ਪਰਿਵਾਰ ਨੇ ਬਣਾਇਆ ਹੋਇਆ ਹੈ ਅਤੇ ਮੋਨੂ ਮਾਨੇਸਰ ਉਰਫ ਮੋਹਿਤ ਯਾਦਵ ਨੂੰ ਗਊ ਰੱਖਿਅਕ ਵਜੋਂ ਉਭਾਰਿਆ ਗਿਆ ਹੈ। ਹਾਲਾਂ ਕਿ ਇਹ ਗਊ ਰੱਖਿਅਕ ਨਹੀਂ ਬਲਕਿ ਗਊ ਰੱਖਿਆ ਦੇ ਨਾਮ 'ਤੇ ਪੈਸੇ ਕਮਾਉਂਦਾ ਹੈ। ਬਸ, ਮੋਨੂ ਮਾਨੇਸਰ ਤੇ ਬਜਰੰਗ ਦਲ ਵਾਲੇ ਇਸ ਖਿੱਤੇ ਵਿੱਚ ਗਊ ਰੱਖਿਆ ਦੇ ਨਾਂ ਹੇਠ ਇਨ੍ਹਾਂ ਪਸ਼ੂ ਵਪਾਰੀਆਂ ਤੋਂ ਦਸ, ਵੀਹ ਹਜ਼ਾਰ ਤੋਂ ਲੈ ਕੇ ਇੱਕ ਲੱਖ ਰੁਪੈ ਤੱਕ ਵਸੂਲਦੇ ਆ ਰਹੇ ਹਨ। ਇਹ ਜਾਣਕਾਰੀ ਇੰਡੀਅਨ ਐਕਸਪ੍ਰੈਸ ਨੂੰ ਫਿਆਜ (FAIYAZ) ਨੇ ਦਿੱਤੀ।

ਇਹ ਸਾਰਿਆਂ ਨੂੰ ਪਤਾ ਹੀ ਹੋਵੇਗਾ ਕਿ ਹਰਿਆਣਾ 'ਚ 2015 'ਚ ਜਦੋਂ ਭਾਜਪਾ ਕਾਬਜ਼ ਹੋਈ ਤਾਂ ਉਸਤੋਂ ਪਿੱਛੋਂ ਨਵੰਬਰ 2015 ਵਿੱਚ ਗਊ ਸੁਰੱਖਿਆ ਅਤੇ ਗਊ ਸਮਵਰਧਨ ਐਕਟ ਪਾਸ ਕੀਤਾ ਜਿਸ ਤਹਿਤ ਗਾਂ ਦੇ ਕਤਲ ਕਰਨ ਉੱਤੇ 3 ਤੋਂ 10 ਸਾਲ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਇਹ ਕਾਨੂੰਨ ਠੀਕ ਹੈ ਕਿ ਨਹੀਂ, ਅਸੀਂ ਇਸ ਬਾਰੇ ਇੱਥੇ ਕਿਸੇ ਵੀ ਕਿਸਮ ਦੀ ਕੋਈ ਵਿਆਖਿਆ ਜਾਂ ਟਿੱਪਣੀ ਦੇਣ'ਚ ਨਹੀਂ ਪੈਂਦੇ। ਗਊ ਰੱਖਿਆ ਦੇ ਨਾਂਅ 'ਤੇ ਅਪ੍ਰੈਲ 2017 ਵਿੱਚ ਨੂਹ ਦੇ ਇੱਕ ਡੇਅਰੀ ਮਾਲਕ ਪਹਿਲੂ ਖਾਨ ਨੂੰ ਕਤਲ ਕਰ ਦਿੱਤਾ ਗਿਆ ਤੇ ਉਸ ਨਾਲ ਪਸ਼ੂ ਵਪਾਰ ਵਿੱਚ ਸਹਿਯੋਗੀ 6 ਹੋਰਨਾਂ ਨੂੰ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਸੁੱਟ ਦਿੱਤਾ ਗਿਆ ਜਦੋਂ ਉਹ ਰਾਜਸਥਾਨ ਦੇ ਅਲਵਰ ਜ਼ਿਲੇ ਵਿੱਚ ਜਾ ਰਹੇ ਸਨ (ਇਹ ਅਲਵਰ ਜ਼ਿਲਾ ਮੇਵਾਤ ਖੇਤਰ ਦੇ ਨਾਲ ਲੱਗਵਾਂ ਰਾਜਸਥਾਨ ਦਾ ਇੱਕ ਜ਼ਿਲਾ ਹੈ )। ਨਵੰਬਰ 2017 ਵਿੱਚ ਹੀ ਉਮਰ ਖਾਨ ਜੋ ਨੂਹ ਸ਼ਹਿਰ ਤੋਂ 50 ਕਿਲੋਮੀਟਰ ਦੂਰ ਅਲਵਰ ਜ਼ਿਲੇ ਵਿੱਚ ਸੀ ਨੂੰ ਕੁੱਟਿਆ ਗਿਆ ਤੇ ਇਸੇ ਤਰ੍ਹਾਂ ਹੀ ਅਖੌਤੀ ਗਊ ਰੱਖਿਅਕਾਂ ਵੱਲੋਂ ਅਕਬਰ ਖਾਂ ਨੂੰ ਵੀ ਕੁੱਟਿਆ ਗਿਆ। ਹੋਰ ਵੀ ਕਿੰਨੀਆਂ ਅਜਿਹੀਆਂ ਘ੍ਰਿਣਤ ਤੇ ਅਫਸੋਸਨਾਕ ਘਟਨਾਵਾਂ ਹਨ। ਪਰ ਸਾਡਾ ਮਕਸਦ ਇੱਥੇ ਘਟਨਾਵਾਂ ਦੀ ਗਿਣਤੀ ਜਾਂ ਉਸਦੇ ਵੇਰਵਿਆਂ 'ਚ ਜਾਣਾ ਨਹੀਂ ਹੈ। ਸਾਡਾ ਮਕਸਦ ਪਾਠਕਾਂ ਨੂੰ ਸਿਰਫ ਇਹ ਦਰਸਾਉਣਾ ਤੇ ਸਮਝਾਉਣਾ ਹੈ ਕਿ ਨੂਹ ਇਲਾਕੇ ਵਿੱਚ ਜੋ ਫਿਰਕੂ ਹਿੰਸਾ ਹੋਈ ਉਸਦਾ ਮਹੌਲ ਤਾਂ ਹਿੰਦੂਤਵੀ ਸੰਗਠਨਾਂ ਵੱਲੋਂ ਪਹਿਲਾਂ ਤੋਂ ਹੀ ਬਣਾਇਆ ਜਾ ਰਿਹਾ ਸੀ।

ਹੁਣ 31 ਜੁਲਾਈ ਨੂੰ ਹੋਈਆਂ ਹਿੰਸਕ ਕਾਰਵਾਈਆਂ ਬਾਰੇ। ਜਿਵੇਂ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਇਸ ਖੇਤਰ 'ਚ ਤਣਾਅਪੂਰਨ ਫਿਰਕੂ ਮਾਹੌਲ ਤਾਂ ਪਹਿਲਾਂ ਹੀ ਬਣਾਇਆ ਗਿਆ ਸੀ ਪਰ 31 ਜੁਲਾਈ ਨੂੰ ਇਹ ਅਭਿਸ਼ੇਕ ਯਾਤਰਾ ਨੂਹ ਜਾਣ ਲਈ ਗੁਰੂਗ੍ਰਾਮ ਤੋਂ ਸ਼ੁਰੂ ਹੋਈ। ਇਸ ਯਾਤਰਾ ਨੂੰ ਹਰੀ ਝੰਡੀ ਦਿਖਾਉਣ ਵਾਲਾ ਭਾਜਪਾ ਦਾ ਜ਼ਿਲਾ ਪ੍ਰਧਾਨ ਸੀ ਤੇ ਮੌਕੇ 'ਤੇ ਜ਼ਿਲੇ ਦੇ ਉੱਚ-ਅਧਿਕਾਰੀ ਵੀ ਮੌਜੂਦ ਸਨ। ਪਰ ਹੈਰਾਨਗੀ ਦੀ ਗੱਲ ਦੇਖੋ ਕਿ ਇਸ ਯਾਤਰਾ ਨੂੰ ਹਰੀ ਝੰਡੀ ਦਿਖਾਉਣ ਵੇਲੇ ਤਾਂ ਜਿਲੇ ਦੇ ਅਧਿਕਾਰੀ ਮੌਜੂਦ ਸਨ ਪਰ 31 ਜੁਲਾਈ ਨੂੰ ਜਦੋਂ ਇਸ ਯਾਤਰਾ ਨੇ ਨੂਹ ਜਾਣਾ ਸੀ ਤਾਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਛੁੱਟੀ 'ਤੇ ਚਲੇ ਗਏ ਜਦੋਂ ਕਿ ਆਮ ਤੌਰ 'ਤੇ ਹੁੰਦਾ ਇਹ ਹੈ ਕਿ ਜਿੱਥੇ ਤਣਾਅਪੂਰਨ ਮਾਹੌਲ ਹੋਵੇ ਉੱਥੋਂ ਦੇ ਅਧਿਕਾਰੀ ਜੇ ਛੁੱਟੀ 'ਤੇ ਵੀ ਗਏ ਹੋਣ ਤਾਂ ਉਨ੍ਹਾਂ ਨੂੰ ਛੁੱਟੀਆਂ ਤੇ ਗਿਆਂ-ਵਿਆਂ ਨੂੰ ਵੀ ਵਾਪਿਸ ਡਿਊਟੀ 'ਤੇ ਸੱਦ ਲਿਆ ਜਾਂਦਾ ਹੈ। ਕੀ ਜ਼ਿਲਾ ਅਧਿਕਾਰੀਆਂ ਦਾ ਇਉਂ ਛੁੱਟੀ 'ਤੇ ਚਲੇ ਜਾਣਾ ਤੇ ਸਰਕਾਰ ਦਾ ਉਨ੍ਹਾਂ ਨੂੰ ਵਾਪਿਸ ਡਿਊਟੀ 'ਤੇ ਨਾ ਬੁਲਾਉਣਾ ਵੀ ਫਿਰਕੂਆਂ ਵਾਸਤੇ ਅੰਦਰੋ-ਅੰਦਰੀ ਹਰੀ ਝੰਡੀ ਨਹੀਂ ਸੀ ਕਿ ਉਹ ਖੁੱਲ ਖੇਡ ਖੇਡਣ ? ਇਹ ਸੁਆਲ ਉੱਠਣਾ ਸੁਭਾਵਿਕ ਹੈ।

ਯਾਤਰਾ ਤੋਂ ਪਹਿਲਾਂ ਨੂਹ ਸ਼ਹਿਰ ਪੂਰਾ ਬੰਦ ਹੋ ਚੁੱਕਾ ਸੀ। ਲਗਭਗ 6-7 ਵਜੇ ਇਹ ਯਾਤਰਾ ਨੂਹ ਵਿੱਚ ਦਾਖਲ ਹੋਈ। ਜਮਹੂਰੀ ਅਧਿਕਾਰ ਸਭਾ ਦੀ ਰਿਪੋਰਟ ਅਨੁਸਾਰ

ਯਾਤਰਾਨੁਮਾ ਹਜੂਮ ਤਲਵਾਰਾਂ ਤ੍ਰਿਸ਼ੂਲ ਲਹਿਰਾਉਂਦਾ ਤੇ 'ਜਦ ਮੁਸਲਮਾਨ ਮਾਰੇ ਜਾਏਂਗੇ ਰਾਮ ਰਾਮ ਦਾ ਕਹਿਲਾਏਂਗੇ' ਆਦਿ ਭੜਕਾਊ ਨਾਹਰੇਬਾਜ਼ੀ ਕਰਦਾ ਹੋਇਆ ਨਲਹੜ ਮੰਦਰ ਤੋਂ ਨੂਹ ਸ਼ਹਿਰ ਆ ਰਿਹਾ ਸੀ। ਹਥਿਆਰਾਂ ਦੇ ਖੁੱਲ੍ਹੇ ਪ੍ਰਦਰਸ਼ਨ ਤੇ ਇਸ ਤਰ੍ਹਾਂ ਦੇ ਭੜਕਾਊ ਨਾਹਰਿਆਂ ਦੇ ਸਿੱਟੇ ਵਜੋਂ ਮੁਸਲਮਾਨ ਨੌਜਵਾਨਾਂ ਨਾਲ ਟਕਰਾਅ ਹੋਣਾ ਸੁਭਾਵਿਕ ਸੀ। ਪਰ ਪੁਲਸ! ਪੁਲਸ ਦਾ ਭਲਾ ਕੀ ਕੰਮ ਟਕਰਾਅ ਵਿੱਚ। ਉਹ ਤਾਂ ਉੱਥੋਂ ਗਾਇਬ ਸੀ ਕਿਉਂਕਿ ਪੁਲਿਸ ਦਾ ਕੰਮ ਤਾਂ ਜੁਰਮ ਹੋ ਜਾਣ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ ਨਾ! ਨਾਲੇ ਆਪਾਂ ਸਾਰਿਆਂ ਨੂੰ ਪੁਲਿਸ ਦਾ ਜੇ ਸਿੱਧਾ ਨਹੀਂ ਤਾਂ ਅਸਿੱਧਾ ਤਜਰਬਾ ਤਾਂ ਜ਼ਰੂਰ ਹੈ ਕਿ ਜੇਕਰ ਪੁਲਿਸ ਟਕਰਾਅ ਹੀ ਰੋਕ ਦੇਵੇ ਤਾਂ ਉਹ ਕੇਸ ਕਿਵੇਂ ਦਰਜ ਕਰੂ ਭਾਵ ਪੁਲਿਸ ਦੀ ਕਾਰਗੁਜ਼ਾਰੀ ਕਿੱਥੋਂ ਦਿਖਾਊ। ਇਸ ਲਈ ਇੱਥੇ ਵੀ ਪੁਲਿਸ ਨੇ ਆਪਣੀ ਪੁਲਸੀਆ 'ਦਿਆਨਤਦਾਰੀ' ਦਿਖਾਈ ਤੇ ਉਹ ਗੈਰ-ਹਾਜ਼ਰ ਹੀ ਰਹੀ। ਖੈਰ ਜਦੋਂ ਦੋਨਾਂ ਧੜਿਆਂ ਦਰਮਿਆਨ ਟਕਰਾਅ ਹੋ ਗਿਆ ਤਾਂ ਦੋਨੋਂ ਪਾਸਿਆਂ ਤੋਂ ਪੱਥਰ-ਰੋੜੇ ਅਤੇ ਫਾਇਰਿੰਗ ਸ਼ੁਰੂ ਹੋਈ। ਇਸ ਟਕਰਾਅ ਵਿੱਚ ਦੋ ਹੋਮ ਗਾਰਡ ਨੌਜਵਾਨਾਂ ਅਤੇ ਇੱਕ ਸ਼ਰਧਾਲੂ ਦੀ ਮੌਤ ਹੋ ਗਈ। ਯਾਤਰਾ ਵਾਲਾ ਹਜੂਮ ਪੱਥਰਬਾਜ਼ੀ ਕਰਦਾ ਮੰਦਰ ਵੱਲ ਵਾਪਸ ਚਲਾ ਗਿਆ।

**ਜਮਹੂਰੀ ਅਧਿਕਾਰ ਸਭਾ ਦੀ ਕਮੇਟੀ ਨੇ ਜੋ ਪੜਤਾਲ ਕੀਤੀ ਉਸ 'ਚੋਂ ਕੁੱਝ ਕੁ ਸਾਰ ਇਉਂ ਹੈ:**

ਸੋਹਨਾ ਦੀ ਉਸ ਨੁਕਸਾਨੀ ਮਸਜਿਦ ਦਾ ਵੀ ਦੌਰਾ ਕੀਤਾ, ਜਿਸ ਦੇ ਗੁੰਬਦ ਦੀ ਅਤੇ ਅੰਦਰੋਂ ਵੀ ਭੰਨ-ਤੋੜ ਕੀਤੀ ਗਈ ਸੀ ਤੇ ਨੁਕਸਾਨ ਪਹੁੰਚਾਇਆ ਗਿਆ ਸੀ। ਇਸ ਮਸਜਿਦ ਦੇ ਇਮਾਮ ਅਲੀ ਕਾਸ਼ਮੀ ਮੁਹੰਮਦ ਸਲੀਮ ਨੇ ਟੀਮ ਨੂੰ ਦੱਸਿਆ ਕਿ ਉਸਨੂੰ ਖਬਰ ਤਾਂ ਹੋ ਗਈ ਸੀ ਕਿ ਸ਼ਹਿਰ 'ਚ ਬਜਰੰਗ ਦਲ ਦੇ ਕੁੱਝ ਲੋਕ ਇਕੱਠੇ ਹੋ ਰਹੇ ਹਨ ਤੇ ਗੜਬੜ ਹੋਵੇਗੀ। ਪਰ ਅਸੀਂ ਇਹ ਸੋਚਿਆ ਕਿ "ਅੱਲ੍ਹਾ ਦੇ ਘਰ ਵੱਲ ਤਾਂ ਕੋਈ ਨਹੀਂ ਆਵੇਗਾ"।..... ਪਰ ਦਿਨੇ ਬਾਰ੍ਹਾਂ ਕੁ ਵਜੇ ਪਹਿਲਾਂ ਚਾਰ ਲੜਕੇ ਮਸਜਿਦ 'ਚ ਆ ਗਏ। ... ਚਾਰ ਪੁਲਸ ਮੁਲਾਜ਼ਮ ਉਹਨਾਂ ਨੂੰ ਇੱਕ ਗੇਟ ਵੱਲ ਲੈ ਗਏ। ਫਿਰ ਦੂਜੇ ਗੇਟ ਰਾਹੀਂ ਇੱਕ ਵੱਡਾ ਹਜੂਮ ਆ ਗਿਆ। ... ਤਲਵਾਰਾਂ, ਸਰੀਏ ਤੇ ਹੋਰ ਹਥਿਆਰਾਂ ਨਾਲ ਲੈਸ ਸੌ-ਸਵਾ ਸੌ ਦੇ ਕਰੀਬ ਭੀੜ ਵਿੱਚੋਂ ਕੁੱਝ ਮਸਜਿਦ ਦੇ ਉਪਰ ਚੜ੍ਹ ਗਏ ਤੇ ਤੋੜ-ਫੋੜ ਸ਼ੁਰੂ ਕਰ ਦਿੱਤੀ। ਕੁੱਝ ਨੇ ਅੰਦਰ ਭੰਨ-ਤੋੜ ਕਰਨ ਲਈ ਨਮਾਜ਼ ਅਦਾ ਕਰਨ ਵਾਲੀ ਜਗ੍ਹਾ ਉੱਤੇ ਭੰਨ-ਤੋੜ ਕੀਤੀ, ਬਾਕੀ ਵਰਾਂਡੇ ਦੇ ਪੱਖੇ ਤੋੜੇ, ਬਾਥਰੂਮ ਦੇ ਦਰਵਾਜਿਆਂ ਨੂੰ ਤੇ ਹੋਰ ਨੁਕਸਾਨ ਵੀ ਕੀਤਾ। ਇਮਾਮ ਅਲੀ ਕਾਸਮੀ ਸਲੀਮ ਮੁਹੰਮਦ ਉਸ ਮਸਜਿਦ ਦੇ ਨਾਲ ਲੱਗਦੇ ਘਰ ਵਿੱਚ ਚਲਾ ਗਿਆ ਜਿਸ ਨੂੰ ਇਸ ਵਾਰਦਾਤ ਸਮੇਂ ਕੁੱਝ ਸਿੱਖ ਭਾਈਚਾਰੇ ਦੇ ਲੋਕਾਂ ਨੇ ਸੁਰੱਖਿਆ ਦਿੱਤੀ ਤੇ ਪ੍ਰੀਵਾਰ ਨੂੰ ਬੱਚਿਆਂ ਸਮੇਤ ਕੱਢਿਆ ਤੇ ਸੁਰੱਖਿਆ ਦਿੱਤੀ।

ਉਪਰੋਕਤ ਦੀ ਤਰ੍ਹਾਂ ਹੀ ਮਸਜਿਦ ਦੇ ਨਾਇਬ ਇਮਾਮ ਮੁਹੰਮਦ ਹਾਫਿਜ਼ ਸ਼ਾਦ ਤੇ ਇੱਕ ਹੋਰ ਸਾਥੀ ਹਾਜ਼ਰ ਸਨ। ਉਨ੍ਹਾਂ ਉੱਤੇ ਭੀੜ ਨੇ ਚਾਕੂਆਂ ਤੇ ਹੋਰ ਤੇਜ਼-ਧਾਰ ਹਥਿਆਰਾਂ ਨਾਲ ਹਮਲਾ ਕੀਤਾ ਤੇ ਹਾਫਿਜ਼ ਸ਼ਾਦ ਨੂੰ ਚਾਕੂਆਂ ਨਾਲ ਮਾਰ ਦਿੱਤਾ ਉਨ੍ਹਾਂ ਦਾ ਗਲਾ ਵੱਢਿਆ ਗਿਆ ਜਦੋਂ ਕਿ ਦੂਸਰੇ ਖੁਰਸ਼ੀਦ ਆਲਮ ਗੰਭੀਰ ਜ਼ਖਮੀ ਕਰ ਦਿੱਤੇ ਗਏ।

ਕੇ.ਐਮ.ਪੀ. (ਕੁੰਡਲੀ-ਮਾਨੇਸਰ-ਪਲਵਲ) ਰੋਡ ਵਿੱਚ ਪੈਂਦੇ ਤੁਹਾੜੂ ਪੁਲ ਹੇਠ ਨੁਕਸਾਨੀਆਂ ਦੁਕਾਨਾਂ ਦੇ ਮਾਲਕਾਂ ਕੋਲੋਂ ਜਦੋਂ ਟੀਮ ਜਾਣਕਾਰੀ ਹਾਸਲ ਕਰ ਰਹੀ ਸੀ ਤਾਂ ਉਹਨਾਂ ਨੇ ਦੱਸਿਆ ਕਿ ਕੁੱਝ ਦੰਗਾਕਾਰੀ ਅਨਸਰਾਂ ਨੇ ਤੁਹਾੜੂ ਪਿੰਡ ਦੇ ਅੰਦਰਲੀ ਮਸਜਿਦ ਨੂੰ ਵੀ ਅੱਗ ਲਾ ਦਿੱਤੀ ਸੀ। ਪਰ ਮਸਜਿਦ ਦੇ ਗਵਾਂਢ ਵਿੱਚ ਪੈਂਦੇ ਇੱਕ ਹਿੰਦੂ ਪਰਿਵਾਰ ਦੀਆਂ ਔਰਤਾਂ ਨੇ ਅੱਗ ਨੂੰ ਬੁਝਾ ਲਿਆ ਅਤੇ ਕਿਸੇ ਕਿਸਮ ਦਾ ਫਿਰਕੂ ਤਣਾਅ ਨਹੀਂ ਬਣਿਆ।

ਮੁਨੀਸ਼ ਭਾਰਦਵਾਜ (ਬਜਰੰਗ ਦਲ ਆਗੂ) ਦੀ ਅਗਵਾਈ ਵਾਲੇ ਦੰਗਾਈ ਟੋਲੇ ਨੇ ਕਾਲੀ ਮਸਜਿਦ, ਪੀਰਵਾਲੀ ਮਸਜਿਦ, ਅਹੀਰਾਂ ਵਾਲੀ ਮਸਜਿਦ ਤੇ ਈਦਗਾਹ, ਜੋ ਪਲਵਲ ਇਲਾਕੇ ਵਿੱਚ ਪੈਂਦੀਆਂ ਹਨ, ਉੱਤੇ ਹਮਲੇ ਕੀਤੇ, ਭੰਨਤੋੜ ਕੀਤੀ, ਉਹਨਾਂ ਮੌਲਵੀਆਂ ਅਤੇ ਹੋਰ ਕਾਮਿਆਂ ਨੂੰ ਵੀ ਨਿਸ਼ਾਨਾ ਬਣਾਇਆ। ਕੁੱਝ ਮੁਸਲਿਮ ਕਬਾੜੀਆਂ ਦੀਆਂ ਦੁਕਾਨਾਂ ਸਾੜੀਆਂ, ਪਰਵਾਸੀ ਰੋਹਿੰਗੀ ਮੁਸਲਮਾਨਾਂ ਦੀਆਂ ਬਸਤੀਆਂ – ਪਰਸੂਰਾਮ ਕਲੋਨੀ ਅਤੇ ਮੰਡ ਕੋਲਾ ਰੋਡ ਉੱਤੇ ਝੁੱਗੀਆਂ ਨੂੰ ਅੱਗਾਂ ਲਾਈਆਂ ਪਰ ਇਹਦਾ ਨਿਸ਼ਾਨਾ ਸਿਰਫ ਮੁਸਲਿਮ ਕਾਰੋਬਾਰ, ਧਾਰਮਿਕ ਸਥਾਨ, ਮੁਸਲਿਮ ਪਰਵਾਸੀ ਮਜ਼ਦੂਰ ਹੀ ਸਨ। ਕਿਸੇ ਵੀ ਹਿੰਦੂ ਦੁਕਾਨਦਾਰ ਜਾਂ ਕਾਰੋਬਾਰੀ ਜਾਂ ਧਾਰਮਿਕ ਸਥਾਨ ਉੱਤੇ ਕੋਈ ਹਮਲਾ ਕਿਸੇ ਪਾਸਿਓਂ ਧਿਆਨ ਵਿੱਚ ਨਹੀਂ ਆਇਆ।

ਇਸੇ ਤਰ੍ਹਾਂ ਅਜਿਹੀਆਂ ਘਟਨਾਵਾਂ ਦੀ ਲੜੀ ਲੰਬੀ ਹੈ।

**ਹਰਿਆਣਾ ਦੀ ਭਾਜਪਾ ਸਰਕਾਰ ਐਕਸ਼ਨ 'ਚ:**

ਇਹ ਸਭ ਕੁੱਝ ਵਾਪਰਨ ਤੋਂ ਬਾਅਦ ਹਰਿਆਣੇ ਦੀ ਭਾਜਪਾ ਸਰਕਾਰ ਦਾ ਐਕਸ਼ਨ ਸ਼ੁਰੂ ਹੁੰਦਾ ਹੈ। ਹਰਿਆਣਾ ਸਰਕਾਰ ਵੱਲੋਂ ਮੁਸਲਿਮ ਭਾਈਚਾਰੇ ਦੀਆਂ ਦੁਕਾਨਾਂ, ਮਕਾਨਾਂ, ਅਤੇ ਹੋਰ ਬਿਲਡਿੰਗਾਂ 'ਤੇ ਬੁਲਡੋਜ਼ਰ ਚਾਲੂ ਕਰਕੇ ਉਨ੍ਹਾਂ ਨੂੰ ਢਾਹਿਆ ਜਾਣਾ ਸ਼ੁਰੂ ਹੋ ਜਾਂਦਾ ਹੈ। ਬਹਾਨਾ ਹਿੰਸਾ ਦਾ ਲਿਆ

ਜਾਂਦਾ ਹੈ। ਹੁਣ ਪਹਿਲਾ ਸਵਾਲ ਤਾਂ ਇਹ ਹੀ ਹੈ ਕਿ ਜੇਕਰ ਕੋਈ ਇਹ ਮੰਨ ਵੀ ਲਵੇ ਕਿ ਮੁਸਲਿਮ ਭਾਈਚਾਰੇ ਨੇ ਹਿੰਸਾ ਕੀਤੀ। ਤਾਂ ਉਹ ਕਿਹੜਾ ਕਾਨੂੰਨ ਹੈ ਕਿ ਕਿਸੇ ਦੋਸ਼ੀ ਦੇ ਘਰ 'ਤੇ ਬੁਲਡੋਜ਼ਰ ਚਲਾਕੇ ਉਸਨੂੰ ਮਲੀਆਮੇਟ ਕਰ ਦਿੱਤਾ ਜਾਵੇ। ਕਾਨੂੰਨ ਅਨੁਸਾਰ ਉਸ'ਤੇ ਕੇਸ ਚਲਾਇਆ ਜਾਣਾ ਚਾਹੀਦਾ ਹੈ ਅਤੇ ਜੇਕਰ ਅਦਾਲਤ ਉਸਨੂੰ ਅਜਿਹੀ ਹੀ ਸਜ਼ਾ ਦੇਵੇਗੀ ਤਾਂ ਦੋਸ਼ੀ ਉਸ ਅਨੁਸਾਰ ਭੁਗਤੇਗਾ। ਪਰ ਸਰਕਾਰ ਨੂੰ ਇਹ ਅਧਿਕਾਰ ਕਿਵੇਂ ਹੋ ਗਿਆ ਕਿ ਉਹ ਘਰਾਂ ਨੂੰ ਮਲੀਅਮੇਟ ਕਰਨ ਲਈ ਬੁਲਡੋਜ਼ਰ ਚਲਾਉਣ ਦਾ ਹੁਕਮ ਦੇ ਦੇਵੇ। ਜੇਕਰ ਸਜ਼ਾਵਾਂ ਵੀ ਸਰਕਾਰਾਂ ਨੇ ਹੀ ਦੇਣੀਆਂ ਹਨ ਤਾਂ ਸਾਡੇ ਦੇਸ਼ ਵਿੱਚ ਐਨਾ ਵੱਡਾ ਨਿਆਂਪਾਲਿਕਾ ਦਾ ਢਾਂਚਾ ਖੜ੍ਹਾ ਕਰਨ ਦੀ ਕੀ ਲੋੜ ਹੈ ? ਇਸ ਤਰ੍ਹਾਂ ਬਿਨਾ ਕਿਸੇ ਨਿਆਂਪਾਲਿਕਾ ਦੇ ਹੁਕਮ ਤੋਂ ਇਹ ਬੁਲਡੋਜ਼ਰ ਚਲਵਾਕੇ ਕਿਸੇ ਦੀਆਂ ਇਮਾਰਤਾਂ ਢਹਿ-ਢੇਰੀਆਂ ਕਰ ਦੇਣੀਆਂ, ਭਾਵੇਂ ਉਹ ਕਿੰਨਾ ਵੀ ਦੋਸ਼ੀ ਹੋਵੇ, ਅਸਲ 'ਚ ਨਿਆਂ 'ਤੇ ਹੀ ਬੁਲਡੋਜ਼ਰ ਚਲਾਉਣਾ ਹੈ ਅਤੇ ਲੋਕਾਂ ਨੂੰ ਸਿੱਧਾ ਸ਼ੰਦੇਸ਼ ਇਹ ਦੇਣਾ ਹੈ ਕਿ ਭਾਜਪਾਈ ਹਕੂਮਤਾਂ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ। ਇਨ੍ਹਾਂ ਹਕੂਮਤਾਂ ਲਈ ਕਾਨੂੰਨ ਦਾ ਕੋਈ ਦਾਇਰਾ ਜਾਂ ਬੰਦਸ਼ ਨਹੀਂ ਹੈ।

**ਪੁਲਿਸ ਹਰਕਤ 'ਚ**

ਲਓ ਦੇਖੋ। ਇੱਥੇ ਆ ਗਈ ਫਿਰ ਪੁਲਿਸ ਸ਼ਾਂਤੀ ਕਰਵਾਉਣ। ਪੜਤਾਲੀਆ ਕਮੇਟੀ ਦੀ ਰਿਪੋਰਟ ਅਨੁਸਾਰ "ਪੁਲਿਸ ਤੋਂ ਡਰਦੇ ਹੋਏ ਘਰਾਂ ਦੇ ਮਰਦ ਤਾਂ ਬਾਹਰ ਭੱਜ ਗਏ ਤੇ ਘਰਾਂ ਅੰਦਰ ਰਹਿ ਗਈਆਂ ਇਕੱਲੀਆਂ ਔਰਤਾਂ। ਫਿਰ ਪੁਲਿਸ ਨੇ ਜੋ ਔਰਤਾਂ ਪ੍ਰਤੀ ਗੈਰ ਮਨੁੱਖੀ ਵਿਵਹਾਰ ਦਾ ਪ੍ਰਗਟਾਅ ਕੀਤਾ ਇਹ ਹੱਦਾਂ ਟੱਪਣ ਵਾਲਾ ਸੀ। ਔਰਤਾਂ ਨੇ ਦੱਸਿਆ ਕਿ ਪੁਲਸ ਗ੍ਰਿਫਤਾਰ ਕਰਨ ਆਉਂਦੀ ਸੀ ਤਾਂ ਉਹਨਾਂ ਵੱਲੋਂ ਵਿਰੋਧ ਕਰਨ 'ਤੇ ਉਹਨਾਂ ਪ੍ਰਤੀ ਭੱਦੀ ਤੇ ਗੰਦੀ ਸ਼ਬਦਾਵਲੀ (ਪੁਲਿਸੀ ਭਾਸ਼ਾ-ਮੋਰੇ ਵੱਲੋਂ) ਹੀ ਨਹੀਂ ਵਰਤੀ ਜਾਂਦੀ ਸੀ, ਸਗੋਂ ਕੁੱਟਮਾਰ ਵੀ ਕੀਤੀ ਗਈ ਤੇ ਇਸ ਮੌਕੇ ਪੁਲਿਸ ਨਾਲ ਕੋਈ ਵੀ ਔਰਤ ਕਰਮਚਾਰੀ ਨਹੀਂ ਸੀ ਹੁੰਦੀ। ਸ਼ਹਿਜਾਦ ਦੀ ਸਾਲੀ ਨੇ ਦੱਸਿਆ ਕਿ ਉਹਦਾ ਜੀਜਾ ਜੋ ਸੁਰੱਖਿਆ ਗਾਰਡ ਦਾ ਕੰਮ ਕਰਦਾ ਹੈ, ਨੂੰ ਪੁਲਿਸ ਗ੍ਰਿਫਤਾਰ ਕਰਨ ਆਈ ਤਾਂ ਪੁਲਸ ਨੇ ਉਹਦੇ ਉੱਤੇ ਲੋਹੇ ਦਾ ਬੱਠਲ ਸੁੱਟਿਆ ਤੇ ਨਾਲ ਹੀ ਕਿਹਾ - ਦੂਰ ਹੋ ਜਾ ਨਹੀਂ ਤਾਂ ਗੋਲੀ ਮਾਰ ਦਿਆਂਗੇ"

"ਜਿੰਨਾਂ ਮਜ਼ਦੂਰਾਂ ਦੇ ਘਰਾਂ ਨੂੰ ਭੰਨ ਤੋੜ ਦਿੱਤਾ ਹੈ ਅਤੇ ਬੇਘਰੇ ਹੋ ਕੇ ਬੈਠੇ ਹਨ ਉਨ੍ਹਾਂ ਕੋਲ ਖਾਣ ਲਈ ਸੇਰ ਆਟਾ ਵੀ ਨਹੀਂ ਹੈ। ਜਦੋਂ ਉਹਨਾਂ ਦੀਆਂ ਔਰਤਾਂ ਨੇ ਚੀਕ ਚਿਹਾੜਾ ਪਾਇਆ ਤਾਂ ਪੁਲਿਸ ਨੇ ਧਮਕੀਆਂ ਦਿੱਤੀਆਂ ਕਿ ਰੇਪ ਕਰਾਂਗੇ, ਚੁੱਪ ਕਰ ਜਾਓ।"

ਨਲਹੜ ਪਿੰਡ ਵਿੱਚ ਇੱਕ ਔਰਤ ਨੇ ਦੱਸਿਆ ਕਿ ਜਦ ਬਲਡੋਜ਼ਰ ਨਾਲ ਉਸ ਦਾ ਘਰ ਢਾਹੁਣ ਲਈ ਆਏ ਤਾਂ (ਉਸਦੀ) ਨੂੰਹ ਪੁਲਿਸ ਅੱਗੇ ਖੜ ਗਈ ਤਾਂ ਉਸ ਨੂੰ ਪਾਸੇ ਕਰਨ ਬਹਾਨੇ ਉਸ ਦੀਆਂ ਛਾਤੀਆਂ ਦਬਾਉਂਦੇ ਰਹੇ। ਤਾਂ ਔਰਤ ਨੇ ਆਪਣੀ ਨੂੰਹ ਨੂੰ ਕਿਹਾ : ਘਰ ਤਾਂ ਗਿਆ ਆਪਣੀ ਇੱਜ਼ਤ ਬਚਾ ਲੈ।

**ਹਾਂਦਰੂ ਪੱਖ:**

ਹਰਿਆਣਾ ਦੇ ਪਿੰਡਾਂ ਦੀਆਂ ਜਾਟ ਪੰਚਾਇਤਾਂ ਨੇ ਹਰਿਆਣੇ ਦੇ ਨੌਜਵਾਨਾਂ ਨੂੰ ਇਨ੍ਹਾਂ ਫਿਰਕੂ ਕਾਰਵਾਈਆਂ 'ਚ ਸ਼ਾਮਲ ਨਾ ਹੋਣ ਦੀ ਅਪੀਲ ਕੀਤੀ ਤੇ ਹਰਿਆਣੇ ਦੇ ਨੌਜਵਾਨਾਂ ਨੇ ਇਸ 'ਤੇ ਅਮਲ ਵੀ ਕੀਤਾ। ਨਹੀਂ ਤਾਂ ਜੇਕਰ ਹਰਿਆਣੇ ਦਾ ਨੌਜਵਾਨ ਵਰਗ ਹੀ ਇਸ ਫਿਰਕੂ ਹਿੰਸਾ 'ਚ ਹਿੱਸਾ ਲੈਣ ਲੱਗ ਜਾਂਦਾ ਤਾਂ ਹਰ ਕੋਈ ਅੰਦਾਜ਼ਾ ਲਗਾ ਸਕਦਾ ਹੈ ਕਿ ਫਿਰ ਹਰਿਆਣੇ 'ਚ ਹੋਰ ਵੀ ਜ਼ਿਆਦਾ ਤਾਂਡਵ ਨਾਚ ਹੋਣਾ ਸੀ। ਹਰਿਆਣੇ ਦੇ ਜਾਟ ਕਿਸਾਨਾਂ ਦੇ ਦਿਮਾਗ 'ਚ ਇਹ ਗੱਲ ਕਿਵੇਂ ਆਈ ਇਹ ਫਿਰ ਦੇਖਾਂਗੇ, ਪਹਿਲਾਂ ਆਪਾਂ ਇੱਥੇ ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਫਿਰਕੂ ਫਸਾਦਾਂ ਬਾਰੇ ਕੀ ਕਿਹਾ ਸੀ, ਉਹ ਦੇਖਦੇ ਹਾਂ। ਉਨ੍ਹਾਂ ਨੇ ਕਿਹਾ ਸੀ ਕਿ "ਲੋਕਾਂ ਨੂੰ ਆਪਸ ਵਿੱਚ ਲੜਨ ਤੋਂ ਰੋਕਣ ਲਈ ਸ਼੍ਰੇਣੀ (ਜਮਾਤੀ-ਲੇਖਕ) ਜਾਗ੍ਰਿਤੀ ਦੀ ਲੋੜ ਹੈ। ਗਰੀਬਾਂ-ਕਿਰਤੀਆਂ ਤੇ ਕਿਰਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਤੁਹਾਨੂੰ ਇਹਨਾਂ ਦੇ ਹੱਥ-ਕੰਡਿਆਂ ਤੋਂ ਬਚਕੇ ਰਹਿਣਾ ਚਾਹੀਦਾ ਹੈ, ਤੇ ਇਨ੍ਹਾਂ ਦੇ ਹੱਥ 'ਤੇ ਚੜ੍ਹਕੇ ਕੁੱਛ ਨਹੀਂ ਕਰਨਾ ਚਾਹੀਦਾ ਹੈ।..."[2] ਹਰਿਆਣੇ ਦੇ ਜਾਟ ਕਿਸਾਨਾਂ ਨੇ ਵੀ ਦਿੱਲੀ ਵਿਖੇ ਚੱਲੇ ਕਿਸਾਨੀ ਘੋਲ ਦੌਰਾਨ ਦੇਖਿਆ ਸੀ ਕਿ ਕਿਵੇਂ ਮੇਵਾਤ ਦੇ ਮੁਸਲਮਾਨਾਂ ਨੇ ਕੁਇੰਟਲਾਂ ਦੇ ਕੁਇੰਟਲ ਦੁੱਧ ਲਿਜਾਕੇ ਕਿਸਾਨੀ ਘੋਲ ਕਰ ਰਹੇ ਕਿਸਾਨਾਂ ਨਾਲ ਆਪਣੀ ਜਮਾਤੀ ਸਾਂਝ ਦਾ ਪ੍ਰਗਟਾਵਾ ਕੀਤਾ ਸੀ। ਇਸੇ ਜਮਾਤੀ ਚੇਤਨਾ ਦਾ ਅਸਰ ਹਰਿਆਣੇ ਦੇ ਜਾਟ ਕਿਸਾਨਾਂ ਦੇ ਮਨਾਂ 'ਤੇ ਉਕਰਿਆ ਹੋਇਆ ਹੋਣ ਕਰਕੇ ਹੀ ਉਨ੍ਹਾਂ ਨੇ ਮੇਵਾਤ ਦੇ ਮੁਸਲਮਾਨ ਭਾਈਚਾਰੇ ਨੂੰ ਆਪਣੇ ਸੰਗੀ ਸਮਝਦਿਆਂ ਉਨ੍ਹਾਂ ਦੀ ਸਹਾਇਤਾ ਕਰਨ ਦੀ ਸੋਚੀ। ਭਗਤ ਸਿੰਘ ਦੇ ਕਥਨ ਨੂੰ ਸੱਚ ਵੀ ਕਰਕੇ ਵਿਖਾ ਦਿੱਤਾ।

ਹੁਣ ਇੱਕੋ-ਇੱਕ ਸਵਾਲ ਬਾਕੀ ਰਹਿ ਗਿਆ ਹੈ, ਉਹ ਇਹ ਹੈ ਕਿ ਇਹ ਸਾਰਾ ਕੁੱਝ ਕਿਸਨੇ ਭੜਕਾਇਆ ਤੇ ਕਰਵਾਇਆ। ਇਹ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਕੇਂਦਰ

ਅਤੇ ਹਰਿਆਣਾ 'ਚ ਦੋਨੋਂ ਥਾਵਾਂ 'ਤੇ ਭਾਜਪਾ ਦੀ ਹਕੂਮਤ ਹੈ। ਹੁਣੇ ਹੁਣੇ ਪੰਜ ਰਾਜਾਂ ਦੀਆਂ ਐਸੰਬਲੀ ਚੋਣਾਂ ਅਤੇ 2024 'ਚ ਕੇਂਦਰ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਸੋ ਇਸ ਫਿਰਕੂ ਹਿੰਸਾ ਭੜਕਾਉਣ 'ਚ ਇਨ੍ਹਾਂ ਭਾਜਪਾ ਵਾਲਿਆਂ ਦਾ ਹੀ ਹੱਥ ਹੈ। ਉੱਪਰੋਂ ਹੈਰਾਨਗੀ ਦੀ ਗੱਲ ਇਹ ਹੈ ਕਿ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਬਿਆਨ ਦੇ ਰਹੇ ਹਨ ਕਿ "ਨੂਹ ਹਿੰਸਾ ਪ੍ਰਸ਼ਾਸ਼ਨ ਦੀ ਨਾਕਾਮੀ ਨਹੀਂ ਸੀ। ਉਨ੍ਹਾਂ ਅਨੁਸਾਰ ਹਿੰਸਾ ਕਰਨ ਵਾਲੇ ਲੋਕ ਬਾਹਰੀ ਸਨ।"[6] ਇਸਤੋਂ ਵੱਧ ਗੈਰ-ਜ਼ਿੰਮੇਵਾਰਾਨਾ ਬਿਆਨ ਕੋਈ ਹੋਰ ਨਹੀਂ ਹੋ ਸਕਦਾ। ਕਿਉਂ ? ਜੇਕਰ ਭਲਾਂ ਹਿੰਸਾ ਕਰਨ ਵਾਲੇ ਲੋਕ ਬਾਹਰੀ ਸਨ ਤਾਂ ਉੱਥੋਂ ਦੇ ਪ੍ਰਸ਼ਾਸ਼ਨ ਦੀ ਕੋਈ ਜ਼ਿੰਮੇਵਾਰੀ ਕਿਵੇਂ ਨਹੀਂ ਬਣਦੀ ? ਕੀ ਪ੍ਰਸ਼ਾਸ਼ਨ ਸਿਰਫ ਆਪਣੇ ਇਲਾਕੇ ਵਾਲਿਆਂ ਨਾਲ ਹੀ ਨਜਿੱਠਦਾ ਹੈ ? ਕਿੱਡੇ ਵੱਡੇ ਅਹੁਦੇ 'ਤੇ ਬੈਠੇ ਵਿਅਕਤੀ ਦੀ ਕਿੱਡੀ ਹਾਸੋਹੀਣੀ ਤੇ ਥੋਥੀ ਦਲੀਲ ਹੈ ਤੇ ਉਹ ਵੀ ਸਿਰਫ ਭਾਜਪਾ ਸਰਕਾਰ ਨੂੰ ਕਲੀਨ ਚਿਟ ਦੇਣ ਲਈ।

ਮੁਕਦੀ ਗੱਲ, ਇਹ ਹਿੰਸਾ ਪਿੱਛੇ ਸੰਘ ਪਰਿਵਾਰ ਦੇ ਹੇਠ ਲਿਖੇ ਮੰਤਵ ਹਨ:-

ਨੰਬਰ ਇੱਕ, ਲੋਕਾਂ 'ਚ ਆਪਸ 'ਚ ਫਿਰਕੂ ਪਾਟਕ ਪਾਕੇ ਉਨ੍ਹਾਂ ਦੀ ਫਿਰਕੂ ਪਾਲਾਬੰਦੀ ਕਰਦਿਆਂ ਇੱਕ ਵਿਸ਼ੇਸ਼ ਭਾਈਚਾਰੇ ਦੀਆਂ ਵੋਟਾਂ ਨੂੰ ਆਪਣੇ ਵੱਲ ਭੁਗਤਾਉਣਾ। ਪਰ ਇਹ ਇਨ੍ਹਾਂ ਦਾ ਫੌਰੀ ਮਕਸਦ ਹੈ।

ਦੂਸਰਾ, ਸਾਡੇ ਦੇਸ਼ 'ਚ ਜਿਹੜੀ ਮਾੜੀ-ਮੋਟੀ ਜਮਹੂਰੀਅਤ ਹੈ ਉਸਨੂੰ ਵੀ ਤਬਾਹ ਕਰਕੇ ਪੂਰਨ ਤੌਰ 'ਤੇ ਇੱਕ ਫਾਸ਼ੀਵਾਦੀ ਰਾਜ ਬਣਾਉਣਾ ਤਾਂ ਕਿ ਕੋਈ ਵੀ ਆਵਾਜ਼ ਇਨ੍ਹਾਂ ਦੇ ਲੋਕ-ਵਿਰੋਧੀ ਕੁਕਰਮਾਂ ਦੇ ਖਿਲਾਫ ਨਾ ਉੱਠੇ। ਫਾਸ਼ੀਵਾਦ ਦੀ ਸਿਧਾਂਤਕ ਨੀਂਹ ਹੀ ਇਹ ਹੁੰਦੀ ਹੈ ਕਿ "ਸ੍ਰੇਸ਼ਟ ਵਰਗ ਦੀ ਲੀਡਰਸ਼ਿੱਪ"[3] "ਤਾਕਤ ਉੱਪਰੋਂ ਥੱਲੇ ਨੂੰ ਆਉਂਦੀ ਹੈ"[4] ਅਤੇ ਇਨ੍ਹਾਂ ਦੋਹੇਂ ਸਿਧਾਂਤ ਨੂੰ ਅਮਲ 'ਚ ਇਹ ਪ੍ਰਚਾਰਦਿਆਂ ਲਾਗੂ ਕੀਤਾ ਜਾਂਦਾ ਹੈ ਕਿ "ਵਿਸ਼ਵਾਸ਼ ਕਰੋ, ਪਾਲਣ ਕਰੋ, ਅਤੇ ਲੜੋ"[5]। ਤਾਂਹੀਓਂ ਆਪਾਂ ਆਮ ਹੀ ਸੁਣਦੇ ਰਹਿੰਦੇ ਹਾਂ ਕਿ "ਮੋਦੀ ਹੈ ਤੋ ਮੁਮਕਿਨ ਹੈ" ਜਾਂ "ਵੋਟਾਂ ਤਾਂ ਮੋਦੀ ਦੇ ਚਿਹਰੇ ਨੂੰ ਪੈਣੀਆਂ ਹਨ।" ਚਲੋ ਵੋਟਾਂ ਕਿਸ ਦੇ ਚਿਹਰੇ ਨੂੰ ਪੈਣਗੀਆਂ, ਇਹ ਗੱਲ ਛੱਡ ਦੇਈਏ ਪਰ ਭਾਜਪਾ ਪੂਰੇ ਜ਼ੋਰ-ਸ਼ੋਰ ਨਾਲ ਕਹਿ ਰਹੀ ਹੈ ਕਿ ਸਾਡਾ ਦੇਸ਼ ਆਰਥਕ ਤੌਰ 'ਤੇ ਤਾਕਤਵਰ ਹੋ ਰਿਹਾ ਹੈ। ਜੇਕਰ ਆਰਥਕ ਤੌਰ 'ਤੇ ਤਾਕਤਵਰ ਹੋ ਰਿਹਾ ਹੈ ਤਾਂ ਹੁਣੇ ਹੁਣੇ ਆਏ ਭੁੱਖਮਰੀ ਦੇ ਇੰਡੈਕਸ ਵਿੱਚ 125 ਦੇਸ਼ਾਂ ਵਿੱਚੋਂ ਭਾਰਤ 111 ਨੰਬਰ 'ਤੇ ਕਿਵੇਂ ਖੜ੍ਹਾ ਹੈ ?[7] ਭਾਵ ਸਿਰਫ 14 ਮੁਲਕਾਂ ਤੋਂ ਹੀ ਉੱਪਰ ਹੈ ਅਤੇ 110 ਮੁਲਕਾਂ ਤੋਂ ਥੱਲੇ ਹੈ।[7] ਕੀ ਇੰਨੀ ਭੁੱਖਮਰੀ ਦਾ ਹੋਣਾ, ਆਰਥਕਤਾ ਦਾ ਮਜ਼ਬੂਤ ਹੋਣਾ ਦਰਸਾਉਂਦਾ ਹੈ ?

ਤੀਸਰਾ, ਸਾਡੇ ਦੇਸ਼ 'ਚ ਰਹਿੰਦੇ ਮੁਸਲਿਮ ਭਾਈਚਾਰੇ ਜਾਂ ਹੋਰ ਧਾਰਮਿਕ ਘੱਟ-ਗਿਣਤੀਆਂ ਅਤੇ ਨਾਸਤਿਕ ਵਿਚਾਰਧਾਰਾ ਵਾਲੇ ਲੋਕਾਂ ਦੀ ਨਸਲਕੁਸ਼ੀ ਕਰਦਿਆਂ ਜਾਂ ਇੱਥੋਂ ਬਾਹਰ ਕੱਢਣੇ ਇਹਨਾਂ ਵੱਲੋਂ ਵਾਰ ਵਾਰ ਐਲਾਨਿਆ ਜਾਂਦਾ ਇੱਕ ਫਿਰਕੇ ਦਾ ਰਾਸ਼ਟਰ ਬਣਾਉਣ ਵੱਲ ਵਧਣਾ ਹੈ; ਇਨ੍ਹਾਂ ਭਾਜਪਾਈਆਂ ਨੇ ਫਿਰਕੂ ਪਾਲਾਬੰਦੀ ਕਰਦਿਆਂ ਮਨੋਵਿਗਿਆਨਕ ਤੌਰ 'ਤੇ ਵੀ ਫਾਸ਼ੀਵਾਦ ਰਾਜ ਬਣਾਉਣ ਲਈ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਨਾਲ ਜੋੜਨ ਦਾ ਯਤਨ ਹੀ ਕਰਦੇ ਰਹਿਣਾ ਹੈ। ਜਿਵੇਂ ਕਈ ਸੰਮੋਹਨ ਕਰਤਾ ਕਿਸੇ ਮਰੀਜ਼ ਨੂੰ ਸੰਮੋਹਨ ਨੀਂਦ ਦੇਣ ਲਈ ਉਸਨੂੰ ਨਿਰਦੇਸ਼ ਦੇਣਾ ਜਾਰੀ ਰੱਖਦੇ ਹਨ ਕਿ "ਤੈਨੂੰ ਨੀਂਦ ਆ ਰਹੀ ਹੈ","ਤੈਨੂੰ ਨੀਂਦ ਆ ਰਹੀ ਹੈ" ਇਹ ਲਗਾਤਾਰ ਕਹਿਣ ਨਾਲ ਮਰੀਜ਼ ਸੰਮੋਹਿਤ ਹੁੰਦਾ ਹੋਇਆ ਨੀਂਦ 'ਚ ਚਲਾ ਜਾਂਦਾ ਹੈ। ਫਿਰ ਉਸਨੂੰ ਉਸਾਰੂ ਸੁਝਾਅ ਦੇ ਕੇ ਸਿਹਤਮੰਦ ਕੀਤਾ ਜਾਂਦਾ ਹੈ। ਬਸ, ਇਹ ਵੀ ਆਪਣਾ ਫਾਸ਼ੀ ਰਾਜ ਸਥਾਪਿਤ ਕਰਨ ਲਈ ਉਪਰੋਕਤ ਕੂੜ ਪ੍ਰਚਾਰ ਕਰਕੇ ਜਾਂ ਅਜਿਹੇ ਫਿਰਕੂ ਦੰਗੇ ਕਰਵਾਕੇ ਆਮ ਜਨਤਾ ਨੂੰ ਸੰਮੋਹਿਤ ਕਰਨ 'ਚ ਜੁਟੇ ਹੋਏ ਹਨ। ਜਨਤਾ ਦੇ ਮੁੱਦਿਆਂ ਨੂੰ ਪਾਸੇ ਛੱਡਦਿਆਂ ਉਨ੍ਹਾਂ ਦਾ ਧਿਆਨ ਭਟਕਾਈ ਰੱਖਦੇ ਹਨ।

ਸੋ ਹਰਿਆਣੇ ਦੇ ਘਟਨਾ-ਕ੍ਰਮ ਨੂੰ ਇੱਕ ਛੋਟੀ ਘੇਰੇ ਵਾਲੀ ਹਿੰਸਕ ਕਾਰਵਾਈ ਵਜੋਂ ਦੇਖਣ ਦੀ ਥਾਂ ਇੱਕ ਵੱਡੇ ਨਿਸ਼ਾਨੇ-ਫਿਰਕੂ ਅਤੇ ਫਾਸ਼ੀ ਰਾਸ਼ਟਰੀ-ਰਾਜ ਸਥਾਪਤ ਕਰਨ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਇਸ ਲਈ ਹਰ ਇਨਸਾਫਪਸੰਦ ਇਨਸਾਨ ਨੂੰ ਇਸ ਵਿਰੁੱਧ ਹਰ ਤਰ੍ਹਾਂ ਨਾਲ ਜੱਦੋਜਹਿਦ ਕਰਨ ਦੀ ਲੋੜ ਹੈ।

**ਹਵਾਲੇ:**

1. ਨੂਹ 'ਚ ਹਿੰਸਾ ਨਾਲ ਜੁੜੇ ਤੱਥਾਂ ਦੀ ਰਿਪੋਰਟ-ਜਮਹੂਰੀ ਅਧਿਕਾਰ ਸਭਾ, ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ, ਹਰਿਆਣਾ

2. ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਪ੍ਰਕਾਸ਼ਨ ਮਾਰਚ, 2020, ਸਫਾ 171

3,4,5: ਫਾਸ਼ਿਜਮ ਆਫ ਸੰਘ ਪਰਿਵਾਰ ਅੰਗਰੇਜ਼ੀ-ਰਾਮ ਪੁਨਿਆਨੀ-ਦੂਸਰਾ ਰੀਵਾਈਜ਼ਡ ਅਡੀਸ਼ਨ, 2002 ਪੰ:12

6, 7: ਪੰਜਾਬੀ ਟ੍ਰਿਬਿਊਨ, 13 ਅਕਤੂਬਰ, 2023

98769-53561

ਯਾਦ ਸਦੀਵੀ

## ਗ਼ਦਰੀ ਜਰਨੈਲ



"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।"

ਇਹ ਅਮਰ ਬੋਲ ਬੋਲਣ ਵਾਲਾ ਨਾਇਕ ਹੈ-ਸ਼ਹੀਦ ਕਰਤਾਰ ਸਿੰਘ ਸਰਾਭਾ। ਜਿਸ ਨੂੰ ਇਤਿਹਾਸ ਦੇ ਪੰਨਿਆਂ 'ਤੇ ਗ਼ਦਰ ਪਾਰਟੀ ਦੇ ਛੋਟੀ ਉਮਰ ਦੇ ਜਰਨੈਲ ਵਜੋਂ ਜਾਣਿਆ ਜਾਂਦਾ ਹੈ। ਬੁਲੰਦ ਜਜ਼ਬਿਆਂ ਦਾ ਮਾਲਕ ਤੇ ਆਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਵਾਲਾ। ਗ਼ਦਰ ਨੂੰ ਹਰ ਦਰ 'ਤੇ ਲਿਜਾਣ ਦਾ ਇਛੁੱਕ। ਗ਼ਦਰ ਲਹਿਰ ਦਾ ਅਣਥੱਕ ਤੇ ਜੁਝਾਰੂ ਨੌਜਵਾਨ। ਭਰ ਜਵਾਨੀ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਇਹ ਦੇਸ਼ ਭਗਤ ਗੱਭਰੂ ਦੇਸ਼, ਦੁਨੀਆਂ ਲਈ ਮਿਸਾਲ ਬਣਿਆ। ਜਿਸਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ ਆਪਣਾ ਨਾਇਕ ਮੰਨਦਾ ਸੀ।

16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਅੰਗਰੇਜ਼ ਹਕੂਮਤ ਨੇ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਗ਼ਦਰੀ ਸੂਰਬੀਰ ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਇਹ ਜ਼ਿਕਰ ਆਉਂਦਾ ਹੈ। ਕਰਤਾਰ ਸਿੰਘ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ। ਬਾਬਾ ਭਕਨਾ ਨੇ ਕਿਹਾ, ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫ਼ਿਰ ਕਿਵੇਂ ਰੰਗ ਲਿਆਵੇਗਾ ? ਸਰਾਭਾ ਦਾ ਜੁਆਬ ਸੀ, ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।

**ਮੇਰੀ ਨਜ਼ਰ ਚ ਪ੍ਰੇਰਨਾ:**

ਪ੍ਰੇਰਨਾ ਉਹ ਚੀਜ਼ ਹੈ, ਜਿਸ ਵਿੱਚ ਲੇਖਕ ਨੂੰ ਚਾਣਚੱਕ ਇਹ ਅਹਿਸਾਸ ਹੁੰਦਾ ਹੈ ਕਿ ਉਹ ਕੀ ਕੁਝ ਕਰ ਸਕਦਾ ਹੈ। ਪ੍ਰੇਰਨਾ ਜਿੰਨੀ ਤਕੜੀ ਹੋਵੇਗੀ, ਉਸ ਦੀ ਪੂਰਤੀ ਲਈ ਓਨੇ ਹੀ ਤਸੀਹੇ ਝੱਲਣੇ ਪੈਣਗੇ। - ਟਾਲਸਟਾਏ

## ਅਸ਼ਫ਼ਾਕ ਉੱਲਾ ਖਾਨ



ਅਜੋਕੇ ਦੌਰ ਵਿੱਚ ਜਦ ਫਿਰਕਾਪ੍ਰਸਤੀ ਨੂੰ ਢਾਲ ਬਣਾ ਕੇ ਰਾਜ ਸੱਤਾ ਲਈ ਵਰਤਿਆ ਜਾ ਰਿਹਾ ਹੈ। ਲੋਕਾਂ ਦੀ ਭਾਈਚਾਰਕ ਸਾਂਝ ਨੂੰ ਤੋੜਨ ਲਈ ਫਿਰਕੂ ਫਾਸ਼ੀਵਾਦੀ ਅਨਸਰਾਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ। ਇਨਕਲਾਬੀ ਵਿਰਾਸਤ ਲੋਕਾਂ ਲਈ ਚਾਨਣ ਮੁਨਾਰਾ ਹੈ।

ਇਤਿਹਾਸ ਦੇ ਅੰਬਰਾਂ ਵਿੱਚ ਚਮਕਦਾ ਸਿਤਾਰਾ ਅਸ਼ਫ਼ਾਕ ਉੱਲਾ ਖਾਂ ਸਾਡਾ ਮਾਰਗ ਦਰਸ਼ਕ ਹੈ ਹਿੰਦੁਸਤਾਨ ਸ਼ੋਸ਼ਲਿਸਟ ਰਿਪਬਲਿਕਨ ਆਰਮੀ ਦਾ ਸਰਗਰਮ ਕਾਰਕੁੰਨ, ਪ੍ਰਸਿੱਧ ਕ੍ਰਾਂਤੀਕਾਰੀ ਤੇ ਦੇਸ਼ ਭਗਤ। ਫਾਂਸੀ ਤੋਂ ਪਹਿਲਾਂ ਦੇਸ਼ ਵਾਸੀਆਂ ਦੇ ਨਾਂ ਉਸਨੇ ਆਪਣੇ ਸੁਨੇਹੇ ਵਿੱਚ ਲਿਖਿਆ, "ਸਰਕਾਰ ਦੇ ਖੁਫ਼ੀਆ ਏਜੰਟ ਮਜ਼ਹਬੀ ਬੁਨਿਆਦਾਂ 'ਤੇ ਪ੍ਰਾਪੇਗੰਡਾ ਕਰ ਰਹੇ ਹਨ। ਇਹਨਾਂ ਦਾ ਮਕਸਦ ਮਜ਼ਹਬ ਦੀ ਹਿਫਾਜ਼ਤ ਜਾਂ ਤਰੱਕੀ ਨਹੀਂ ਹੈ, ਸਗੋਂ ਚਲਦੀ ਸਮਾਜਿਕ ਗੱਡੀ ਹੇਠ ਰੋੜੇ ਅਟਕਾਉਣਾ ਹੈ।" ਅਸ਼ਫ਼ਾਕ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀਕਾਰੀ ਗਤੀਵਿਧੀਆਂ ਲਈ ਲੋੜੀਂਦੇ ਧਨ ਦੀ ਪੂਰਤੀ ਲਈ ਆਪਣੇ ਸਾਥੀਆਂ ਨਾਲ 9 ਅਗਸਤ 1925 ਨੂੰ ਕਾਕੋਰੀ ਰੇਲਵੇ ਸਟੇਸ਼ਨ 'ਤੇ ਸਰਕਾਰੀ ਖਜ਼ਾਨਾ ਲੁੱਟਣ ਵਿੱਚ ਅਹਿਮ ਰੋਲ ਅਦਾ ਕੀਤਾ। ਕਾਕੋਰੀ ਕਾਂਡ ਕੇਸ ਵਿੱਚ ਅੰਗਰੇਜ਼ ਹਕੂਮਤ ਨੇ ਅਸ਼ਫ਼ਾਕ ਨੂੰ ਫਾਂਸੀ ਦੀ ਸਜ਼ਾ ਸੁਣਾਈ। ਆਜ਼ਾਦੀ ਦਾ ਇਹ ਪ੍ਰਵਾਨਾ 18 ਦਸੰਬਰ 1927 ਨੂੰ ਫਾਂਸੀ ਦਾ ਰੱਸਾ ਚੁੰਮ ਜਿੰਦ ਦੇਸ਼ ਦੇ ਲੇਖੇ ਲਾ ਗਿਆ। ਸ਼ਹੀਦ ਅਸ਼ਫਾਕ ਉੱਲਾ ਖਾਨ ਦੀ ਵਿਰਾਸਤ ਹਮੇਸ਼ਾ ਰਾਹ ਰੌਸ਼ਨ ਕਰਦੀ ਰਹੇਗੀ।

**ਰਾਹ ਰਸਤੇ:**

ਕੋਈ ਰਸਤਾ, ਕੰਮ ਔਖਾ ਨਹੀਂ ਹੁੰਦਾ। ਲੋੜ ਤਾਂ ਪਹਿਲਾਂ ਕਦਮ ਪੁੱਟਣ ਦੀ ਹੁੰਦੀ ਹੈ। ਅਸੀਂ ਕਦਮ ਪੁੱਟਣ ਤੋਂ ਪਹਿਲਾਂ ਹੀ ਮੰਜ਼ਿਲ ਤੱਕ ਪੁੱਜਦੇ ਹਾਂ। ਇਸੇ ਕਰਕੇ ਅਸੀਂ ਸੂਰਜ ਵਾਂਗ ਖੜ੍ਹੇ ਰਹਿੰਦੇ ਹਾਂ। ਜਿਹੜੇ ਧਰਤੀ ਬਣ ਕੇ ਘੁੰਮਦੇ ਹਨ, ਉਹੀ ਮੰਜ਼ਿਲ ਚੁੰਮਦੇ ਹਨ। ਮਹਿਲ ਉਸਾਰਨਾ ਮੁਸ਼ਕਿਲ ਹੁੰਦਾ ਹੈ ਪਰ ਢਹਿ ਢੇਰੀ ਕਰ ਦੇਣਾ ਸੌਖਾ ਹੁੰਦਾ ਹੈ। ਆਓ! ਆਪਾਂ ਵੀ ਧਰਤੀ ਵਾਂਗ ਘੁੰਮੀਏ ਤੇ ਸੂਰਜ ਵਾਂਗ ਰੋਸ਼ਨੀ ਵੰਡੀਏ। ਬੁੱਧ ਸਿੰਘ ਨੀਲੋਂ

**ਬੋਦੀਆਂ ਰਸਮਾਂ ਤੋੜਕੇ ਨਵੀਂ ਸੂਝ ਦੇ ਸਿਰਜ ਸਵੰਬਰ।... ਡਾ. ਹਰਵਿੰਦਰ ਸਿੰਘ ਸਿਰਸਾ**

## ਸਿੱਖਣ ਦੀ ਚਿਣਗ

ਸੁਕਰਾਤ ਦੁਨੀਆਂ ਭਰ ਦੇ ਵਿਦਵਾਨਾਂ, ਦਾਰਸ਼ਨਿਕਾਂ, ਇਨਸਾਫ ਪਸੰਦ ਲੋਕਾਂ ਦੇ ਚੇਤਿਆਂ ਵਿੱਚ ਜਿਉਂਦਾ ਹੈ। ਉਸਨੇ ਨੇ ਆਪਣੇ ਅੰਦਰ ਇੱਕ ਅਜਿਹੀ ਨਿਵੇਕਲੀ ਆਦਤ ਨੂੰ ਵਿਕਸਤ ਕਰ ਲਿਆ ਸੀ ਜਿਸ ਦਾ ਦੁਨੀਆਂ ਦੀ ਬਹੁਗਿਣਤੀ ਲੋਕਾਂ ਨੂੰ ਜ਼ਿੰਦਗੀ ਭਰ ਅਹਿਸਾਸ ਨਹੀਂ ਹੁੰਦਾ। ਯੂਨਾਨ ਦੀ ਕਰੀਟੀਅਸ ਹਕੂਮਤ ਨੇ ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਕਰਕੇ ਉਹਨੂੰ ਮੌਤ ਦੀ ਸਜਾ ਸੁਣਾਈ। ਜ਼ਹਿਰ ਪਿਲਾਏ ਜਾਣ ਸਮੇਂ ਉਹ ਆਪਣੇ ਸ਼ਾਗਿਰਦਾਂ ਨਾਲ ਗੱਲਾਂ ਕਰਨ ਵਿੱਚ ਮਸਤ ਸੀ। ਗੱਲਾਂ ਕਰਦਿਆਂ ਕਰਦਿਆਂ ਉਸ ਜ਼ਹਿਰ ਘੋਲ ਰਹੇ ਜਲਾਦ ਨੂੰ ਪੁੱਛਿਆ, "ਕਿੰਨੀ ਕੁ ਦੇਰ ਲੱਗੇਗੀ ਅਜੇ ?"



ਜਲਾਦ ਦੀਆਂ ਅੱਖਾਂ ਵਿੱਚ ਅੱਥਰੂ ਉਤਰ ਆਏ। ਸੁਕਰਾਤ ਦੇ ਕੋਲ ਬੈਠੇ ਉਹਦੇ ਚੇਲੇ ਕਰਾਈਟੋ ਨੇ ਪੁੱਛਿਆ, "ਮਰਨ ਦੀ ਇੰਨੀ ਵੀ ਕੀ ਕਾਹਲੀ ਹੈ ਸੁਕਰਾਤ ?"

ਸੁਕਰਾਤ ਦਾ ਜੋ ਜਵਾਬ ਬੜਾ ਕਮਾਲ ਸੀ। ਉਸ ਦਾ ਜੁਆਬ ਸੀ, "ਜ਼ਿੰਦਗੀ ਭਰ ਹਰ ਪਲ ਸਿੱਖਣ ਦਾ ਅਭਿਲਾਸ਼ੀ ਰਿਹਾ ਹਾਂ। ਹੁਣ ਜਦੋਂ ਮੌਤ ਨਾਲ ਸਾਹਮਣਾ ਹੋ ਰਿਹਾ ਹੈ ਤਾਂ ਅੰਦਰ ਮੌਤ ਨੂੰ ਜਾਣਨ ਦੀ ਜਗਿਆਸਾ ਪੈਦਾ ਹੋ ਰਹੀ ਹੈ।" ਮਰਨ ਸਮੇਂ ਤੱਕ ਸੁਕਰਾਤ ਆਪਣੀ ਮੌਤ ਦੀ ਨਾਲੋ ਨਾਲ ਵਿਆਖਿਆ ਕਰਦਾ ਰਿਹਾ। ਸਵੈ ਵਿਕਾਸ ਦੇ ਮਾਰਗ 'ਤੇ ਤੁਰਨ ਲਈ ਇਹ ਬੜਾ ਜਰੂਰੀ ਹੈ ਕਿ ਸਾਡੇ ਅੰਦਰ ਸਿੱਖਣ, ਸਮਝਣ, ਜਾਨਣ ਦੀ ਜਗਿਆਸਾ ਪੈਦਾ ਹੋਵੇ। ਸਿੱਖਣ ਦੀ ਚਿਣਗ ਬਾਲ ਕੇ ਹੀ ਜ਼ਿੰਦਗੀ ਦੇ ਹਨੇਰੇ ਕੋਨਿਆਂ ਨੂੰ ਵੇਖਿਆ, ਸਮਝਿਆ ਅਤੇ ਰੁਸ਼ਨਾਇਆ ਜਾ ਸਕਦਾ ਹੈ। ਸਿੱਖਣ ਦਾ ਸ੍ਰੋਤ ਭਾਵੇਂ ਸੁਸਾਇਟੀ ਹੋਵੇ, ਗਿਆਨ, ਪੁਸਤਕਾਂ ਹੋਣ ਜਾਂ ਕੁਝ ਵੀ ਹੋਰ। ਇਹ ਹਰ ਕੀਮਤ 'ਤੇ ਸਸਤੇ ਹੁੰਦੇ ਹਨ। ਚੰਗੇ ਸਮਾਜ ਦੀ ਸਿਰਜਣਾ ਲਈ ਸਿੱਖਣਾ ਵਕਤ ਦੀ ਲੋੜ ਹੈ।

("ਸੁਕਰਾਤ ਕਦੇ ਮਰਦੇ ਨਹੀਂ" ਪੁਸਤਕ ਚੋਂ)

**ਗੁਰਚਰਨ ਨੂਰਪੁਰ**

ਮਿੰਨੀ ਕਹਾਣੀ

## ਝਾਂਸਾ



ਕੁਲਦੀਪ ਮਾਣੂੰਕੇ

"ਹੈਲੋ ਮੰਮੀ! ਕਿੱਥੇ ਹੋ ?"

"ਸਤਸੰਗ ਘਰ ਬੇਟਾ, ਸੇਵਾ ਕਰ ਰਹੀ ਹਾਂ, ਘਰੇ ਜਾ ਕੇ ਗੱਲ ਕਰਾਂਗੀ।" ਮਾਂ ਨੇ ਚੁੰਨੀ ਨਾਲ ਪਸੀਨਾ ਪੂੰਝਦਿਆਂ ਕਿਹਾ।

"ਮੰਮੀ ਹਰ ਐਤਵਾਰ ਤੁਹਾਡਾ ਇਹੀ ਜਵਾਬ ਹੁੰਦੈ, ਇੱਕ ਮਿੰਟ ਪਾਸੇ ਹੋ ਕੇ ਮੇਰੀ ਗੱਲ ਸੁਣੋ।" ਮੁੰਡੇ ਦੇ ਬੋਲਾਂ ਵਿੱਚ ਤਲਖੀ ਸੀ। "ਹਾਂ, ਬੇਟਾ ਜਲਦੀ ਦੱਸੋ।" ਮਾਂ ਨੇ ਝਾੜੂ ਪਾਸੇ ਰੱਖਦਿਆਂ ਕਿਹਾ।

"ਮੰਮੀ ਜਲਦੀ ਜੁਲਦੀ ਕੋਈ ਨਹੀਂ, ਮੇਰੀ ਗੱਲ ਧਿਆਨ ਨਾਲ ਸੁਣ ਲਵੋ, ਮੈਂ ਪਹਿਲਾਂ ਵੀ ਤੁਹਾਨੂੰ ਕਹਿੰਦਾ ਕਹਿੰਦਾ ਥੱਕ ਗਿਆ ਤੇ ਹੁਣ ਕੈਨੇਡਾ ਆ ਕੇ ਵੀ, ਪਰ ਤੁਸੀਂ ਮੈਨੂੰ ਅਜੇ ਵੀ ਬੱਚਾ ਸਮਝ ਰਹੇ ਹੋ। ਇੱਥੇ ਕੈਨੇਡਾ ਵਿੱਚ ਮੈਨੂੰ ਘੰਟੇ ਦੇ ਹਿਸਾਬ ਨਾਲ ਪੈਸੇ ਮਿਲਦੇ ਹਨ, ਰਹਿਣ ਲਈ ਘਰ ਮੁੱਲ ਲੈਣਾ ਤਾਂ ਦੂਰ ਦੀ ਗੱਲ, ਕਿਰਾਏ 'ਤੇ ਲੈਣਾ ਵੀ ਮੁਸ਼ਕਿਲ ਹੋਇਆ ਪਿਆ। ਤੁਹਾਡੇ ਜਿਹੇ ਮੁਫ਼ਤ ਦੀ ਸੇਵਾ ਵਾਲਿਆਂ ਦੀ ਬਦੌਲਤ ਇਨ੍ਹਾਂ ਨੇ ਦਸ ਦਸ ਏਕੜ ਵਿੱਚ ਸਤਸੰਗ ਘਰ ਉਸਾਰੇ ਪਏ ਆ। ਮੰਮੀ ਜਰਾ ਅਕਲ ਨੂੰ ਹੱਥ ਮਾਰੋ। ਆਪਣੇ ਘਰਾਂ ਦਾ ਜਰੂਰੀ ਕੰਮ ਕਾਰ ਛੱਡ ਕੇ ਤੁਸੀਂ ਅਗਲੇ ਜਨਮ ਦੇ ਝਾਂਸੇ ਵਿੱਚ ਆਪਣਾ ਤੇ ਪਰਿਵਾਰਾਂ ਦਾ ਕੀਮਤੀ ਸਮਾਂ ਬਰਬਾਦ ਕਰਦੇ ਹੋ।" ਖਰੀਆਂ ਤੇ ਸੱਚੀਆਂ ਗੱਲਾਂ ਸੁਣ ਮਾਤਾ ਡੇਰੇ ਵਿੱਚ ਝਾੜੂ ਸੁੱਟ ਕੇ ਘਰ ਪਰਤਣ ਲਈ ਬਾਹਰ ਆ ਕੇ ਆਟੋ ਦੀ ਉਡੀਕ ਕਰਨ ਲੱਗੀ। **: 98147 22408**

### ਬੁਲੰਦੀ

ਮੈਕਸੀਕੋ ਦੀ ਪ੍ਰਸਿੱਧ ਚਿੱਤਰਕਾਰ ਫਰੀਡਾ ਕਾਹਲੋ (1907--47) ਬਚਪਨ ਤੋਂ ਅਪੰਗ ਸੀ। ਜਵਾਨੀ ਵਿੱਚ ਪੈਰ ਧਰਦਿਆਂ ਹੀ ਇੱਕ ਸੜਕ ਹਾਦਸੇ ਵਿੱਚ ਸਰੀਰ ਦੀ ਕੋਈ ਵੀ ਹੱਡੀ ਸਾਬਤ ਨਾ ਬਚੀ। ਚਿੱਤਰਕਾਰੀ ਵਿੱਚ ਉੱਚਾ ਰੁਤਬਾ ਹਾਸਲ ਕੀਤਾ। ਮਾਨਸਿਕ ਤੇ ਸਰੀਰਕ ਪੀੜਾ ਨੂੰ ਦਲੇਰੀ ਨਾਲ ਝੇਲਿਆ। ਉਹ ਅਕਸਰ ਆਖਦੀ:

ਮੈਨੂੰ ਭਲਾ ਪੈਰਾਂ ਦੀ ਕੀ ਲੋੜ ਹੈ, ਜਦੋਂ ਮੇਰੇ ਕੋਲ ਉੱਡਣ ਲਈ ਖੰਭ ਹਨ। (**"ਸਾਹਿਤ ਸੰਜੀਵਨੀ" ਚੋਂ**)

ਯਾਦ ਕਰਦਿਆਂ

# ਪ੍ਰਤਿਭਾਸ਼ੀਲ ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ

ਰਾਜਪਾਲ ਸਿੰਘ



ਅੱਜ ਤੋਂ ਲਗਭਗ ਅੱਸੀ ਸਾਲ ਪਹਿਲਾਂ ਤੱਕ ਯਾਨੀ ਜਦ ਤੱਕ ਡਾਕਟਰੀ ਵਿਗਿਆਨ ਨੇ ਟੀ.ਬੀ. ਅਰਥਾਤ ਤਪਦਿਕ ਦੀ ਬਿਮਾਰੀ ਦਾ ਇਲਾਜ ਨਹੀਂ ਲੱਭ ਲਿਆ ਸੀ, ਇਸ ਬਿਮਾਰੀ ਨੇ ਅਨੇਕਾਂ ਪ੍ਰਤਿਭਾਸ਼ੀਲ ਇਨਸਾਨਾਂ ਦਾ ਜੀਵਨ ਅੱਧਵਾਟੇ ਹੀ ਖਤਮ ਕਰ ਦਿੱਤਾ ਸੀ। ਸਾਰੀ ਦੁਨੀਆਂ ਵਿੱਚ ਜਾਣਿਆ ਜਾਂਦਾ ਅੰਗਰੇਜ਼ੀ ਦਾ ਵੱਡਾ ਕਵੀ ਜੌਹਨ ਕੀਟਸ ਕੇਵਲ 25 ਸਾਲ ਦੀ ਉਮਰ ਵਿੱਚ ਹੀ ਇਸ ਬਿਮਾਰੀ ਨਾਲ ਮਰ ਗਿਆ ਸੀ। "ਕਿਰਤੀ" ਅਖ਼ਬਾਰ ਸ਼ੁਰੂ ਕਰਕੇ ਪੰਜਾਬ ਵਿੱਚ ਕਮਿਊਨਿਸਟ ਵਿਚਾਰ ਫੈਲਾਉਣ ਦਾ ਮੋਢੀ ਭਾਈ ਸੰਤੋਖ ਸਿੰਘ ਧਰਦਿਉ 34 ਸਾਲ ਦੀ ਉਮਰ ਵਿੱਚ ਹੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਿਆ ਜਿਸਦਾ ਅਗਾਂਹਵਧੂ ਲਹਿਰ ਨੂੰ ਵੱਡਾ ਘਾਟਾ ਪਿਆ। ਇਸੇ ਤਰ੍ਹਾਂ ਵਿਚਾਰ ਅਧੀਨ ਗਣਿਤ ਮਾਹਿਰ ਸ੍ਰੀਨਿਵਾਸ ਰਾਮਾਨੁਜਨ ਦਾ ਵੀ ਕੇਵਲ 32 ਸਾਲ ਦੀ ਉਮਰ ਵਿੱਚ ਇਸ ਬਿਮਾਰੀ ਕਾਰਣ ਜੀਵਨ ਸਮਾਪਤ ਹੋ ਗਿਆ। ਇੱਕ ਗਣਿਤ ਵਿਗਿਆਨੀ ਲਈ 32 ਸਾਲ ਦੀ ਉਮਰ ਬਹੁਤ ਥੋੜ੍ਹੀ ਹੁੰਦੀ ਹੈ ਕਿਉਂਕਿ ਉਸ ਨੇ ਪਹਿਲਾਂ ਆਪਣੇ ਖੇਤਰ ਦੇ ਸਾਰੇ ਗਿਆਨ ਨੂੰ ਆਤਮਸਾਤ ਕਰਨਾ ਹੁੰਦਾ ਹੈ ਅਤੇ ਫਿਰ ਕੁੱਝ ਨਵਾਂ ਕਰਨਾ ਹੁੰਦਾ ਹੈ। ਇਹ ਵੱਖਰੀ ਗੱਲ ਹੈ ਰਾਮਾਨੁਜਨ ਵਿੱਚ ਪ੍ਰਤਿਭਾ ਹੀ ਐਨੀ ਸੀ ਕਿ ਉਹ ਐਨੀ ਥੋੜ੍ਹੀ ਉਮਰ ਵਿੱਚ ਵੀ ਗਣਿਤ ਵਿਗਿਆਨ ਨੂੰ ਵੱਡੀ ਦੇਣ ਦੇ ਗਿਆ।



ਸ੍ਰੀਨਿਵਾਸ ਰਾਮਾਨੁਜਨ ਦਾ ਜਨਮ 22 ਦਸੰਬਰ 1887 ਨੂੰ ਤਾਮਿਲਨਾਡੂ ਦੇ ਇੱਕ ਪਿੰਡ ਵਿੱਚ ਹੋਇਆ। ਪਰਿਵਾਰ ਬਹੁਤ ਗਰੀਬੀ ਵਿੱਚ ਦਿਨ-ਕਟੀ ਕਰ ਰਿਹਾ ਸੀ ਪਰ ਗਣਿਤ ਪ੍ਰਤੀ ਬਚਪਨ ਤੋਂ ਹੀ ਉਸ ਦੀ ਐਨੀ ਖਿੱਚ ਸੀ ਕਿ 10 ਸਾਲ ਦੀ ਉਮਰ ਵਿੱਚ ਹੀ ਉਹ ਟ੍ਰਿਗਨੋਮੈਟਰੀ (ਤਿਕੋਣਮਿਤੀ) ਦੇ ਗੁੰਝਲਦਾਰ ਸਵਾਲ ਖ਼ੁਦ ਹੱਲ ਕਰਨ ਲੱਗ ਪਿਆ ਸੀ, ਨਵੀਆਂ ਥਿਊਰਮਾਂ ਘੜ੍ਹਨ ਲੱਗ ਪਿਆ ਸੀ। ਗਰੀਬੀ ਕਾਰਣ ਪਰਿਵਾਰ ਲਈ ਉਸ ਵਾਸਤੇ ਕਿਤਾਬਾਂ ਆਦਿ ਦਾ ਪ੍ਰਬੰਧ ਕਰਨਾ ਮੁਸ਼ਕਿਲ ਸੀ ਪਰ ਪ੍ਰਾਇਮਰੀ ਪਾਸ ਕਰਨ ਸਮੇਂ ਉਹ ਜ਼ਿਲ੍ਹੇ ਵਿਚੋਂ ਪਹਿਲੇ ਸਥਾਨ 'ਤੇ ਆ ਗਿਆ ਜਿਸ ਕਰਕੇ ਸਿੱਖਿਆ ਵਿਭਾਗ ਵੱਲੋਂ ਉਸ ਨੂੰ ਵਜ਼ੀਫਾ ਲਗਾ ਦਿੱਤਾ ਗਿਆ ਅਤੇ ਉਸ ਲਈ ਅਗਲੀ ਪੜ੍ਹਾਈ ਦਾ ਰਾਹ ਖੁੱਲ੍ਹ ਗਿਆ। ਉਹ ਬਹੁਤ ਸ਼ਾਂਤ ਸੁਭਾਅ ਦਾ ਅਤੇ ਆਪਣੀਆਂ ਸੋਚਾਂ ਵਿੱਚ ਡੁੱਬਿਆ ਰਹਿਣ ਵਾਲਾ ਬੱਚਾ ਸੀ, ਪਰ ਉਹ ਆਪਣੇ ਤੋਂ ਵੱਡੀਆਂ ਜਮਾਤਾਂ ਦੇ ਸਵਾਲਾਂ ਨੂੰ ਬੜੀ ਆਸਾਨੀ ਨਾਲ ਹੱਲ ਕਰ ਦਿੰਦਾ ਸੀ ਜਿਸ ਕਰਕੇ ਸਾਰੇ ਉਸ ਦੀ ਬੁੱਧੀ ਦੇ ਕਾਇਲ ਸਨ। 1903 ਵਿੱਚ ਉਸ ਨੇ ਦਸਵੀਂ ਪਾਸ ਕਰ ਲਈ ਅਤੇ ਕੁੰਭਾਕੋਰਨ (ਤਾਮਿਲਨਾਡੂ) ਦੇ ਸਰਕਾਰੀ ਕਾਲਜ ਵਿੱਚ ਦਾਖਲ ਹੋ ਗਿਆ। ਪਰ ਉਹ ਗਣਿਤ ਵਿੱਚ ਐਨਾ ਖੁੱਭਿਆ ਰਹਿਣ ਲੱਗ ਪਿਆ ਕਿ ਬਾਕੀ ਵਿਸ਼ਿਆਂ ਵਿਚੋਂ ਉਸਦੀ ਦਿਲਚਸਪੀ ਉੱਕਾ ਹੀ ਘਟ ਗਈ। ਬਾਕੀ ਵਿਸ਼ਿਆਂ ਵੱਲ ਬਿਲਕੁਲ ਵੀ ਧਿਆਨ ਨਾ ਦੇਣ ਦਾ ਸਿੱਟਾ ਇਹ ਨਿਕਲਿਆ ਕਿ ਉਹ ਕਾਲਜ ਦੇ ਪਹਿਲੇ ਸਾਲ ਹੀ ਫੇਲ੍ਹ ਹੋ ਗਿਆ। ਇਸ ਨਾਲ ਉਸਦਾ ਵਜ਼ੀਫਾ ਬੰਦ ਹੋ ਗਿਆ। ਘਰਦਿਆਂ ਕੋਲ ਤਾਂ ਫੀਸਾਂ ਦੇਣ ਦੀ ਪਰੋਖੋਂ ਨਹੀਂ ਸੀ ਸੋ ਉਸ ਦੀ ਪੜ੍ਹਾਈ ਛੁੱਟ ਗਈ ਅਤੇ ਉਹ ਸੜਕ 'ਤੇ ਆ ਗਿਆ। ਉਹ ਗੁਜ਼ਾਰੇ ਲਈ ਨੌਕਰੀ ਦੀ ਤਲਾਸ਼ ਵਿੱਚ ਭਟਕਣ ਲੱਗਾ। ਆਖਰ ਉਸਦੇ ਹਮਦਰਦ ਅਧਿਆਪਕਾਂ ਨੇ ਕੋਸ਼ਿਸ਼ ਕਰਕੇ ਉਸ ਦੀ 30 ਰੁਪਏ ਮਹੀਨਾ 'ਤੇ ਕਲਰਕ ਦੀ ਨੌਕਰੀ ਲਗਵਾ ਦਿੱਤੀ। ਨਾਲ ਉਹ ਕਾਲਜ ਦੇ ਵਿਦਿਆਰਥੀਆਂ ਨੂੰ ਹਿਸਾਬ ਦੀ ਕੋਚਿੰਗ ਦੇ ਕੇ ਕੁੱਝ ਹੋਰ ਪੈਸੇ ਕਮਾਉਣ ਲੱਗਾ ਅਤੇ ਉਸਦਾ ਖੋਜ ਦਾ ਕੰਮ ਫਿਰ ਚੱਲ ਪਿਆ। 1911 ਵਿੱਚ ਉਸਦੇ ਕੁੱਝ ਖੋਜ-ਪੱਤਰ ਇੰਡੀਅਨ ਮੈਥੇਮੈਟੀਕਲ ਸੋਸਾਇਟੀ ਦੇ ਇੱਕ ਰਸਾਲੇ ਵਿੱਚ ਪ੍ਰਕਾਸ਼ਿਤ ਹੋ ਗਏ ਜਿਸ ਨਾਲ ਉਹ ਇਸ ਖੇਤਰ ਦੇ ਮਾਹਿਰਾਂ ਦੀ ਨਜ਼ਰ ਵਿੱਚ ਆ ਗਿਆ। ਇਨ੍ਹਾਂ ਖੋਜ-ਪੱਤਰਾਂ ਤੋਂ ਪ੍ਰਭਾਵਿਤ ਹੋ ਕੇ ਇੱਕ ਅੰਗਰੇਜ਼ ਅਧਿਕਾਰੀ ਗਿਲਬਰਟ ਵਾਕਰ ਨੇ ਰਾਮਾਨੁਜਨ ਨੂੰ ਮਦਰਾਸ ਯੂਨੀਵਰਸਿਟੀ ਵਿੱਚ ਖੋਜ-ਵਿਦਿਆਰਥੀ ਲਗਵਾ ਦਿੱਤਾ ਜਿੱਥੇ ਉਸ ਨੂੰ 75 ਰੁਪਏ ਵਜ਼ੀਫਾ ਮਿਲਣ ਲੱਗਾ ਅਤੇ ਉਹ ਆਪਣੇ ਖੋਜ-ਕਾਰਜਾਂ ਵਿੱਚ ਪੂਰੀ ਤਰ੍ਹਾਂ ਰੁੱਝਾ ਰਹਿਣ ਲੱਗ ਪਿਆ।

ਹੁਣ ਉਸ ਨੇ ਸੰਸਾਰ ਦੇ ਵੱਡੇ ਗਣਿਤ ਮਾਹਿਰਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਪਰ ਉਸਦਾ ਕੰਮ ਐਨਾ ਨਵਾਂ, ਨਿਵੇਕਲਾ ਅਤੇ ਐਨੇ ਵੱਖਰੇ ਢੰਗ ਨਾਲ ਪੇਸ਼ ਕੀਤਾ ਹੁੰਦਾ ਸੀ ਕਿ ਉਨ੍ਹਾਂ ਦੇ ਗੇੜ ਵਿੱਚ ਨਾ ਆਉਂਦਾ। ਆਖਰ 1913 ਵਿੱਚ ਉਸ ਨੇ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐੱਚ. ਹਾਰਡੀ ਨਾਲ ਆਪਣੇ ਖੋਜ-ਕਾਰਜ

ਸਬੰਧੀ ਚਿੱਠੀ ਪੱਤਰ ਸ਼ੁਰੂ ਕੀਤਾ। ਪ੍ਰੋ. ਹਾਰਡੀ ਨੇ ਉਸਦੀ ਪ੍ਰਤਿਭਾ ਨੂੰ ਤੁਰੰਤ ਪਹਿਚਾਣ ਲਿਆ ਅਤੇ ਉਸ ਦੇ ਕੈਂਬਰਿੱਜ ਆਉਣ ਦਾ ਪ੍ਰਬੰਧ ਕਰ ਦਿੱਤਾ। ਆਪਣੇ ਨੋਟ ਵਿੱਚ ਪ੍ਰੋ. ਹਾਰਡੀ ਨੇ ਲਿਖਿਆ ਕਿ ਰਾਮਾਨੁਜਨ ਨੇ ਅਜਿਹੀਆਂ ਥਿਊਰਮਾਂ ਦਿੱਤੀਆਂ ਹਨ ਜੋ ਨਵੀਆਂ ਲੀਹਾਂ ਪਾਉਣ ਵਾਲੀਆਂ ਹਨ। ਉਸ ਨੇ ਅੱਗੇ ਇਹ ਵੀ ਲਿਖਿਆ, "ਇਨ੍ਹਾਂ ਵਿੱਚ ਕੁਝ ਅਜਿਹੀਆਂ ਹਨ, ਜਿਨ੍ਹਾਂ ਨੇ ਮੈਨੂੰ ਵੀ ਪੂਰੀ ਤਰ੍ਹਾਂ ਪਿੱਛੇ ਛੱਡ ਦਿੱਤਾ ਹੈ। ਮੈਂ ਅਜਿਹਾ ਕੁੱਝ ਪਹਿਲਾਂ ਕਦੇ ਨਹੀਂ ਦੇਖਿਆ।"

ਰਾਮਾਨੁਜਨ ਬਾਰੇ ਅੱਗੇ ਗੱਲ ਕਰਨ ਤੋਂ ਪਹਿਲਾਂ ਇਸ ਪ੍ਰੋਫੈਸਰ ਹਾਰਡੀ ਬਾਰੇ ਵੀ ਗੱਲ ਕਰਨ ਦੀ ਲੋੜ ਹੈ ਕਿਉਂਕਿ ਜੇ ਪ੍ਰੋ. ਹਾਰਡੀ ਉਸਦੀ ਪ੍ਰਤਿਭਾ ਨੂੰ ਨਾ ਪਹਿਚਾਣਦਾ, ਉਸ ਨੂੰ ਕੈਂਬਰਿੱਜ ਨਾ ਬੁਲਾਉਂਦਾ ਤਾਂ ਸ਼ਾਇਦ ਰਾਮਾਨੁਜਨ ਦੀ ਸਾਰੀ ਖੋਜ ਰੁਲ ਕੇ ਰਹਿ ਜਾਂਦੀ। ਇੱਕ ਮੰਨੇ ਪ੍ਰਮੰਨੇ ਅੰਗਰੇਜ਼ ਪ੍ਰੋਫੈਸਰ ਵੱਲੋਂ ਉਸ ਸਮੇਂ ਦੇ ਗੁਲਾਮ ਭਾਰਤ ਦੇ ਇੱਕ ਅਣਜਾਣੇ ਨੌਜਵਾਨ ਬਾਰੇ ਇਹ ਲਿਖਣਾ ਕਿ 'ਇਸ ਦੀਆਂ ਥਿਊਰਮਾਂ ਨੇ ਮੈਨੂੰ ਵੀ ਪਿੱਛੇ ਛੱਡ ਦਿੱਤਾ ਹੈ,' ਬਹੁਤ ਵੱਡੀ ਗੱਲ ਸੀ ਅਤੇ ਇਸ ਤੋਂ ਪ੍ਰੋ. ਹਾਰਡੀ ਦੀ ਉੱਚੀ ਸ਼ਖ਼ਸੀਅਤ ਅਤੇ ਇਮਾਨਦਾਰੀ ਸੋਚ ਦਾ ਪਤਾ ਚਲਦਾ ਹੈ। ਵਰਣਨਯੋਗ ਹੈ ਕਿ ਪ੍ਰੋਫੈਸਰ ਹਾਰਡੀ ਪੂਰੀ ਤਰ੍ਹਾਂ ਨਾਸਤਿਕ ਸੀ। ਇਸ ਪ੍ਰਸੰਗ ਵਿੱਚ ਇੱਕ ਦਿਲਚਸਪ ਵਰਣਨ ਇਹ ਮਿਲਦਾ ਹੈ ਕਿ ਉਸ ਨੇ ਇੱਕ ਵਾਰ ਆਪਣੇ ਇੱਕ ਮਿੱਤਰ ਨੂੰ ਨਵਾਂ ਸਾਲ ਚੜ੍ਹਨ 'ਤੇ 6 ਕਾਰਜ ਲਿਖ ਭੇਜੇ ਕਿ ਨਵੇਂ ਸਾਲ ਵਿੱਚ ਉਹ ਇਹ ਕੰਮ ਕਰਨੇ ਚਾਹੁੰਦਾ ਹੈ (New year resolutions)- ਇਨ੍ਹਾਂ 6 ਕਾਰਜਾਂ ਵਿੱਚੋਂ ਉਸਨੇ ਨੰਬਰ 3 ਉੱਤੇ ਲਿਖਿਆ ਸੀ 'ਰੱਬ ਦੀ ਅਣਹੋਂਦ ਬਾਰੇ ਅਜਿਹੀ ਦਲੀਲ ਲੱਭਣੀ ਜੋ ਆਮ ਜਨਤਾ ਨੂੰ ਸਹਿਮਤ ਕਰ ਸਕੇ।' ਇਸੇ ਸੂਚੀ ਵਿੱਚ 6ਵਾਂ ਕਾਰਜ ਉਸ ਨੇ ਲਿਖਿਆ (6) Murder Mussolini ਭਾਵ ਇਟਲੀ ਦੇ ਫਾਸ਼ੀਵਾਦੀ ਡਿਕਟੇਟਰ ਮੁਸੋਲਿਨੀ ਦਾ ਕਤਲ ਕਰਨਾ। ਚਾਹੇ ਇਹ 6 ਕਾਰਜ ਉਸ ਨੇ ਮਖੌਲ ਵਜੋਂ ਹੀ ਲਿਖੇ ਸਨ ਪਰ ਇਨ੍ਹਾਂ ਤੋਂ ਉਸਦੀ ਸੋਚ ਦਾ ਪਤਾ ਚਲਦਾ ਹੈ ਕਿ ਉਹ ਨਾਸਤਿਕਤਾ ਦੇ ਫੈਲਾਅ ਅਤੇ ਫਾਸ਼ੀਵਾਦ ਦੇ ਵਿਰੋਧ ਨੂੰ ਕਿੰਨਾ ਮਹੱਤਵ ਦਿੰਦਾ ਸੀ। ਰਾਮਾਨੁਜਨ ਕੱਟੜ ਬ੍ਰਾਹਮਣ ਪਰਿਵਾਰ ਵਿੱਚੋਂ ਆਇਆ ਹੋਣ ਕਰਕੇ ਸਨਾਤਨੀ ਧਾਰਮਿਕ ਰੀਤੀ ਰਿਵਾਜਾਂ ਨੂੰ ਪੂਰੀ ਤਰ੍ਹਾਂ ਮੰਨਦਾ ਸੀ ਪਰ ਪ੍ਰੋ. ਹਾਰਡੀ ਨੇ ਕਦੇ ਵੀ ਉਸ ਉੱਤੇ ਆਪਣੇ ਵਿਚਾਰ ਥੋਪਣ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਸੀ ਇੱਕ ਨਾਸਤਿਕ ਦੀ ਨੈਤਿਕਤਾ!

ਪ੍ਰੋ. ਹਾਰਡੀ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਸਦਕਾ, 17 ਮਾਰਚ 1914 ਨੂੰ ਰਾਮਾਨੁਜਨ ਇੰਗਲੈਂਡ ਪੁੱਜ ਗਿਆ ਅਤੇ ਕੈਂਬਰਿਜ ਯੂਨੀਵਰਸਿਟੀ ਵਿੱਚ ਹਾਰਡੀ ਦੀ ਅਗਵਾਈ ਹੇਠ ਖੋਜ-ਕਾਰਜ ਸ਼ੁਰੂ ਕਰ ਦਿੱਤਾ। ਉੱਥੇ ਉਸ ਨੇ ਗਣਿਤ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਜਿਸਦਾ ਅਸਰ ਹੁਣ ਤੱਕ ਚੱਲਿਆ ਆਉਂਦਾ ਹੈ। ਉਸ ਦੇ ਫਾਰਮੂਲਿਆਂ ਅਤੇ ਥਿਊਰਮਾਂ ਨੇ ਗਣਿਤ ਵਿੱਚ ਨਵੇਂ ਢੰਗ ਨਾਲ ਸੋਚਣ ਦੇ ਰਾਹ ਖੋਲ੍ਹੇ ਅਤੇ ਇਹ ਬਹੁਤ ਸਾਰੀ ਨਵੀਂ ਖੋਜ ਦਾ ਆਧਾਰ ਬਣੇ। ਉਸ ਦੇ ਖੋਜ-ਕਾਰਜਾਂ ਲਈ ਉਸ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ ਗਈ ਅਤੇ 1918 ਵਿੱਚ ਉਸ ਨੂੰ ਰਾਇਲ ਸੋਸਾਇਟੀ ਦਾ ਮੈਂਬਰ ਬਣਾ ਲਿਆ ਗਿਆ ਜੋ ਕਿ ਕਿਸੇ ਵਿਗਿਆਨੀ ਲਈ ਵੱਡੇ ਸਨਮਾਨ ਦਾ ਸੂਚਕ ਹੁੰਦਾ ਹੈ।

ਚਾਹੇ ਇੰਗਲੈਂਡ ਵਿੱਚ ਜਾ ਕੇ ਉਹ ਗਣਿਤ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਿਆ ਪਰ ਉੱਥੇ ਉਸ ਦੀ ਸਿਹਤ ਵਿਗੜਦੀ ਗਈ। ਇੰਗਲੈਂਡ ਦਾ ਮੌਸਮ ਬਹੁਤ ਠੰਢਾ ਹੁੰਦਾ ਹੈ ਪਰ ਰਾਮਾਨੁਜਨ ਧਾਰਮਿਕ ਤੌਰ 'ਤੇ ਬਹੁਤ ਰੂੜੀਵਾਦੀ ਵਿਚਾਰਾਂ ਦਾ ਧਾਰਨੀ ਸੀ, ਉਹ ਕੜਾਕੇ ਦੀ ਠੰਢ ਵਿੱਚ ਹਰ ਰੋਜ਼ ਨਹਾਉਂਦਾ, ਖ਼ੁਦ ਬਣਾ ਕੇ ਵੈਸ਼ਨੋ ਭੋਜਨ ਖਾਂਦਾ ਅਤੇ ਕੱਪੜੇ ਵੀ ਭਾਰਤੀ ਪਹਿਨਦਾ ਜੋ ਉੱਥੋਂ ਦੇ ਮੌਸਮ ਦੇ ਬਿਲਕੁਲ ਅਨੁਕੂਲ ਨਹੀਂ ਹੁੰਦੇ ਸਨ। ਹਰ ਦੇਸ਼ ਦਾ ਖਾਣ-ਪੀਣ ਅਤੇ ਪਹਿਰਾਵਾ ਉੱਥੋਂ ਦੀਆਂ ਭੂਗੋਲਿਕ ਅਤੇ ਵਾਤਾਵਰਣ ਦੀਆਂ ਲੋੜਾਂ ਅਨੁਸਾਰ ਵਿਕਸਿਤ ਹੋਇਆ ਹੁੰਦਾ ਹੈ, ਰਾਮਾਨੁਜਨ ਇਸ ਗੱਲ ਨੂੰ ਨਾ ਸਮਝ ਸਕਿਆ ਅਤੇ ਉਹ ਇੰਗਲੈਂਡ ਦੇ ਸਭਿਆਚਾਰ ਨਾਲ ਇਕਸੁਰ ਨਾ ਹੋ ਸਕਿਆ। 1917 ਵਿੱਚ ਉਸਨੂੰ ਟੀ.ਬੀ. ਦੀ ਬਿਮਾਰੀ ਹੋ ਗਈ। ਉਸ ਸਮੇਂ ਤੱਕ ਇਸਦੇ ਡਾਕਟਰੀ ਇਲਾਜ ਲਈ ਦਵਾਈਆਂ ਦੀ ਖੋਜ ਨਹੀਂ ਹੋਈ ਸੀ ਪਰ ਟੀ.ਬੀ. ਦੇ ਮਰੀਜ਼ ਕਿਸੇ ਚੰਗੇ ਵਾਤਾਵਰਣ ਵਾਲੇ ਸਥਾਨ 'ਤੇ ਜਾ ਕੇ ਆਰਾਮ ਕਰਨ ਅਤੇ ਚੰਗੀ ਖ਼ੁਰਾਕ, ਜਿਸ ਵਿੱਚ ਅੰਡੇ, ਮੀਟ ਅਤੇ ਪ੍ਰੋਟੀਨ-ਯੁਕਤ ਪਦਾਰਥ ਵੱਧ ਹੋਣ, ਖਾ ਕੇ ਉਮਰ ਲੰਬੀ ਕਰ ਲੈਂਦੇ ਸਨ। ਪਰ ਰਾਮਾਨੁਜਨ ਮਿਹਨਤ ਵੀ ਉਸੇ ਤਰ੍ਹਾਂ ਕਰਦਾ ਰਿਹਾ ਅਤੇ ਖ਼ੁਰਾਕ ਵਜੋਂ ਵੀ ਸਾਧਾਰਣ ਵੈਸ਼ਨੋ ਭੋਜਨ ਹੀ ਲੈਂਦਾ ਰਿਹਾ। ਇਸ ਨਾਲ ਉਸਦੀ ਸਿਹਤ ਦਿਨੋ ਦਿਨ ਵਿਗੜਦੀ ਗਈ ਅਤੇ ਆਖ਼ਰਕਾਰ ਮਾਰਚ 1919 ਵਿੱਚ ਉਹ ਭਾਰਤ ਮੁੜ ਆਇਆ ਜਿੱਥੇ 26 ਅਪ੍ਰੈਲ 1920 ਨੂੰ 32 ਸਾਲ ਦੀ ਉਮਰ ਵਿੱਚ ਉਸਦਾ ਦਿਹਾਂਤ ਹੋ ਗਿਆ।

ਛੋਟੀ ਉਮਰ ਹੰਢਾਉਣ ਦੇ ਬਾਵਜੂਦ ਉਸ ਦੇ ਗਣਿਤ ਦੇ ਖੇਤਰ ਵਿੱਚ ਕੀਤੇ ਕੰਮ ਨੇ ਗਣਿਤ ਅਤੇ ਹਿਸਾਬ-ਕਿਤਾਬ (Calculations) ਉੱਤੇ ਆਧਾਰਿਤ ਹੋਰ ਵਿਗਿਆਨਕ ਖੇਤਰਾਂ ਵਿੱਚ ਅਗਲੀਆਂ ਖੋਜਾਂ ਲਈ ਮਹੱਤਵਪੂਰਨ ਯੋਗਦਾਨ ਪਾਇਆ ਜਿਸ ਉੱਤੇ ਹਰੇਕ ਭਾਰਤੀ ਮਾਣ ਕਰ ਸਕਦਾ ਹੈ।

ਹੱਡ ਬੀਤੀ:

# ਪਹਿਲ

**ਕੁਲਜੀਤ ਡੰਗਰ ਖੇੜਾ**



ਕੁਦਰਤ ਦੀ ਗੋਦ ਵਿੱਚ ਵਸਿਆ ਪਿੰਡ ਝਲਾਰਾਂ ਦਾ ਸਕੂਲ ਮੇਰੇ ਚੇਤਿਆਂ ਵਿੱਚ ਵਸਿਆ ਹੈ। ਪਿੰਡ ਤੋਂ ਬਾਹਰਵਾਰ ਸੰਘਣੇ ਦਰੱਖਤਾਂ ਵਿੱਚ ਘਿਰੀ ਹੋਈ ਛੋਟੀ ਇਮਾਰਤ ਵਾਲਾ ਸਕੂਲ। ਸਕੂਲ ਦੇ ਵਿਹੜੇ ਵਿੱਚ ਲੱਗੀ ਬਗੀਚੀ ਦੇ ਮਹਿਕਾਂ ਵੰਡਦੇ ਫੁੱਲ ਆਏ ਗਏ ਦਾ ਸੁਆਗਤ ਕਰਦੇ ਨਜ਼ਰ ਆਉਂਦੇ। ਢਾਈ ਕੁ ਦਹਾਕੇ ਪਹਿਲਾਂ ਜਦ ਮੇਰੀ ਬਦਲੀ ਇਸ ਸਕੂਲ ਵਿੱਚ ਹੋਈ ਤਾਂ ਪਿੰਡ ਦੇ ਨਾਂ ਬਾਰੇ ਮੇਰੇ ਮਨ ਵਿੱਚ ਸੁਆਲ ਉੱਠਣ ਲੱਗੇ। ਪਿੰਡ ਦੇ ਨਾਂ ਬਾਰੇ ਅਕਸਰ ਸੋਚਦਾ ਕਿ ਪਿੰਡ ਦਾ ਨਾਂ ਝਲਾਰਾਂ ਕਿਵੇਂ ਪਿਆ ਹੋਊ! ਪਿੰਡ ਦੇ ਇੱਕ ਦੋ ਨੌਜਵਾਨਾਂ ਤੋਂ ਇਸ ਬਾਰੇ ਜਾਣਨਾ ਚਾਹਿਆ ਤਾਂ ਕੋਈ ਤਸੱਲੀਬਖਸ਼ ਜੁਆਬ ਨਾ ਮਿਲਿਆ। ਕੁਝ ਦਿਨਾਂ ਬਾਅਦ ਇੱਕ ਬਜ਼ੁਰਗ ਆਪਣੇ ਪੋਤੇ ਨੂੰ ਸਕੂਲ ਦਾਖਲ ਕਰਾਉਣ ਆਇਆ। ਬੱਚੇ ਦਾ ਨਾਂ ਦਾਖਲ ਕਰਕੇ ਮੈਂ ਉਸ ਬਜੁਰਗ ਤੋਂ ਆਪਣੇ ਸੁਆਲ ਦਾ ਉੱਤਰ ਜਾਣਨਾ ਚਾਹਿਆ। ਬਜੁਰਗ ਦੇ ਝੁਰੜੀਆਂ ਭਰੇ ਚਿਹਰੇ ਤੇ ਮੁਸਕਰਾਹਟ ਬਿਖਰੀ।

ਉਹ ਦੱਸਣ ਲੱਗਾ, ਪੁੱਤਰ ਸਾਡਾ ਇਹ ਪਿੰਡ ਨਹਿਰ ਦੇ ਬਿਲਕੁਲ ਅਖੀਰ ਵਿੱਚ ਹੈ। ਇਸਦੀ ਜਮੀਨ ਨਹਿਰ ਵਿਚਲੇ ਪਾਣੀ ਤੋਂ ਉੱਚੀ ਹੋਣ ਕਾਰਣ ਸਾਡੇ ਖੇਤਾਂ ਨੂੰ ਨਹਿਰੀ ਪਾਣੀ ਨਹੀਂ ਸੀ ਲਗਦਾ। ਇਸ ਦੇ ਹੱਲ ਲਈ ਸਾਡੇ ਬਜੁਰਗਾਂ ਨੇ ਬਲਦਾਂ ਨਾਲ ਚੱਲਣ ਵਾਲੀਆਂ ਝਲਾਰਾਂ ਲਾ ਲਈਆਂ ਜਿਸਨੂੰ ਤੁਸੀਂ ਝੱਟਾ ਆਖਦੇ ਹੋ। ਉਨ੍ਹਾਂ ਸਖਤ ਮਿਹਨਤਾਂ ਨਾਲ ਬੰਜਰ ਜਮੀਨ ਨੂੰ ਉਪਜਾਊ ਬਣਾਇਆ। ਸਾਡੇ ਬਾਪ, ਦਾਦਿਆਂ ਦੀ ਮਿਹਨਤ ਰੰਗ ਲਿਆਈ। ਅੱਜ ਅਸੀਂ ਰੰਗੀਂ ਵਸਦੇ ਹਾਂ। ਬਜੁਰਗ ਮੇਰੀ ਸ਼ੰਕਾ ਨਵਿਰਤ ਕਰਕੇ ਘਰ ਨੂੰ ਹੋ ਤੁਰਿਆ। ਉਸਦੇ ਸਾਬਤ ਕਦਮਾਂ ਨੂੰ ਵੇਖ ਮੈਂ ਸੋਚ ਰਿਹਾ ਸਾਂ ਕਿ ਇਰਾਦਾ ਪੱਕਾ ਹੋਵੇ ਤਾਂ ਬੰਦਾ ਚਾਹੇ ਕੀ ਨੀਂ ਕਰ ਸਕਦਾ!

ਸਕੂਲ ਵਿੱਚ ਅਜੇ ਕੁਝ ਦਿਨ ਹੀ ਬੀਤੇ ਸਨ ਕਿ ਇੱਕ ਦਿਨ ਅੱਧੀ ਛੁੱਟੀ ਵੇਲੇ ਚਾਰ ਪੰਜ ਬੱਚੇ ਮੇਰੇ ਕੋਲ ਦੌੜਦੇ ਹੋਏ ਆਏ। ਕਹਿਣ ਲੱਗੇ, ਮਾਸਟਰ ਜੀ, ਛਿੰਦਾ ਤੇ ਸੋਹਣਾ ਝਲਾਰ ਵਿੱਚ ਫਸੇ ਟੂਣੇ ਵਾਲੇ ਨਾਰੀਅਲ ਛੇੜ ਰਹੇ ਹਨ। ਬੱਚਿਆਂ ਦੀ ਗੱਲ ਮੇਰੇ ਪੱਲੇ ਨਾ ਪਈ। ਨਾਲ ਖੜ੍ਹੇ ਸਾਇੰਸ ਅਧਿਆਪਕ ਨੇ ਗੱਲ ਸਮਝਾਈ। ਸਰ, ਏਸ ਖੇਤਰ ਦੇ ਲੋਕ ਅਗਿਆਨਤਾ ਵੱਸ ਟੂਣੇ ਟੱਪੇ ਦਾ ਸਮਾਨ ਤੇ ਪੂਜਾ ਸਮੱਗਰੀ ਆਪਣੇ ਭਲੇ ਦੀ ਝੂਠੀ ਆਸ ਨਾਲ ਨਹਿਰ ਵਿੱਚ ਸੁੱਟ ਜਾਂਦੇ ਹਨ। ਪਿੰਡ ਟੇਲ ਤੇ ਹੋਣ ਕਰਕੇ ਸੁੱਟਿਆ ਸਮਾਨ ਏਥੇ ਮੋਘੇ ਵਿੱਚ ਆ ਕੇ ਫਸ ਜਾਂਦਾ ਹੈ। ਆਪਣੇ ਸਕੂਲ ਦੇ ਇਹ ਬੱਚੇ ਛਿੰਦਾ ਤੇ ਮੋਹਣਾ ਬਹੁਤ ਸਰਾਰਤੀ ਹਨ। ਪਹਿਲਾਂ ਵੀ ਇਨ੍ਹਾਂ ਦੀ ਏਹੋ ਸ਼ਿਕਾਇਤ ਆਈ ਸੀ। ਏਨੇ ਨੂੰ ਅੱਧੀ ਛੁੱਟੀ ਖਤਮ ਹੋਣ ਦੀ ਘੰਟੀ ਵੱਜੀ। ਮੇਰੇ ਜਮਾਤ ਵਿੱਚ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਦੋਵਾਂ ਨੂੰ ਮੇਰੇ ਕੋਲ ਆਈ ਸ਼ਿਕਾਇਤ ਬਾਰੇ ਪਤਾ ਲੱਗ ਗਿਆ ਸੀ। ਉਹ ਡਰੇ ਹੋਏ ਕਲਾਸ ਦੇ ਕੋਨੇ ਵਿੱਚ ਨੀਵੀਂ ਪਾਈ ਬੈਠੇ ਸਨ। ਮੈਂ ਪਿਆਰ ਨਾਲ ਦੋਵਾਂ ਨੂੰ ਆਪਣੇ ਕੋਲ ਬੁਲਾਇਆ। ਆਖਿਆ, ਤੁਹਾਨੂੰ ਡਰਨ ਦੀ ਲੋੜ ਨਹੀਂ। ਅੱਜ ਵਾਲੀ ਸ਼ਿਕਾਇਤ ਦੀ ਤੁਹਾਨੂੰ ਕੋਈ ਸਜਾ ਨਹੀਂ ਮਿਲੇਗੀ। ਬੱਸ, ਜੋ ਤੁਹਾਨੂੰ ਪੁੱਛਿਆ ਜਾਵੇ। ਉਸਦਾ ਸਹੀ ਉੱਤਰ ਦੇ ਦੇਣਾ।

ਤੁਸੀ ਇਹ ਦੱਸੋ ਕਿ ਤੁਹਾਨੂੰ ਟੂਣੇ ਵਾਲੇ ਨਾਰੀਅਲਾਂ ਤੋਂ ਡਰ ਨਹੀਂ ਲਗਦਾ? ਛਿੰਦਾ ਕਹਿਣ ਲੱਗਾ, ਜੀ, ਡਰ ਤਾਂ ਲਗਦਾ ਹੈ ਪਰ ਨਾਰੀਅਲ ਖਾਣ ਨੂੰ ਬਹੁਤ ਮਨ ਕਰਦਾ ਹੈ। ਇੱਕ ਵਾਰ ਨਾਨਕੇ ਜਾਂਦਿਆਂ ਬੱਸ ਵਿੱਚ ਨਾਰੀਅਲ ਦੀ ਗਿਰੀ ਵੇਚਦੇ ਭਾਈ ਤੋਂ ਮੇਰੀ ਮੰਮੀ ਨੇ ਇੱਕ ਟੁਕੜੀ ਲੈ ਕੇ ਦਿੱਤੀ ਸੀ। ਮੈਨੂੰ ਬਹੁਤ ਸੁਆਦ ਲੱਗੀ। ਉਸ ਦਿਨ ਤੋਂ ਬਾਅਦ ਫ਼ਿਰ ਕਦੇ ਖਾਣ ਨੂੰ ਨਹੀਂ ਮਿਲੀ। ਮੋਘੇ ਵਿੱਚ ਆਏ ਨਾਰੀਆਲਾਂ ਨੂੰ ਛੇੜ ਕੇ ਮਨ ਪਰਚਾ ਲਈਦਾ ਹੈ। ਛਿੰਦੇ ਦੀ ਨਾਰੀਅਲ ਖਾਣ ਦੀ ਅਧੂਰੀ ਸੱਧਰ ਮੇਰੇ ਮਨ 'ਤੇ ਠੇਸ ਬਣ ਲੱਗੀ।

ਮੈਂ ਜਮਾਤ ਦੇ ਬੱਚਿਆਂ ਨੂੰ ਆਖਿਆ ਕਿ ਅੱਜ ਮੈਂ ਤੁਹਾਨੂੰ ਨਾਰੀਅਲ ਦੇ ਟੂਣੇ ਦੀ ਅਸਲੀਅਤ ਬਾਰੇ ਦੱਸਾਂਗਾ। ਹੁਣੇ ਝਲਾਰ ਵਿੱਚੋਂ ਨਾਰੀਅਲ ਭਲਾ ਕੌਣ ਕੌਣ ਲਿਆ ਸਕਦਾ ਹੈ? ਛਿੰਦੇ ਤੇ ਮੋਹਣੇ ਸਮੇਤ ਪੰਜ ਛੇ ਬੱਚੇ ਖੜ੍ਹੇ ਹੋ ਗਏ। ਮੇਰੇ ਕਹਿਣ 'ਤੇ ਉਹ ਨਾਰੀਅਲ ਲੈਣ ਚਲੇ ਗਏ। ਉਨ੍ਹਾਂ ਦੇ ਆਉਣ ਤੱਕ ਮੈਂ ਨਾਰੀਅਲ ਛਿੱਲਣ ਲਈ ਪੇਚਕਸ ਤੇ ਛੁਰੀ ਮੰਗਵਾ ਕੇ ਰੱਖ ਲਈ। ਉਹ ਜਲਦੀ ਹੀ ਤਿੰਨ ਚਾਰ ਨਾਰੀਅਲ ਲੈ ਕੇ ਮੁੜੇ। ਸਾਰੇ ਬੱਚੇ ਮੇਰੇ ਵੱਲ ਉਤਸੁਕਤਾ ਨਾਲ ਵੇਖਣ ਲੱਗੇ। ਮੈਂ ਮੇਜ ਤੇ ਨਾਰੀਅਲ ਰੱਖ ਕੇ ਛਿੱਲਣ ਲੱਗਾ। ਨਾਲ ਹੀ ਭੋਲੇ ਭਾਲੇ ਲੋਕਾਂ, ਜਾਦੂ ਟੂਣਿਆਂ ਦੇ ਨਾਂ 'ਤੇ ਗੁੰਮਰਾਹ

ਕਰਕੇ ਲੁੱਟਣ ਵਾਲੇ ਚਲਾਕ ਲੋਕਾਂ ਬਾਰੇ ਦੱਸਣ ਲੱਗਾ। ਕਦੇ ਵੀ ਟੂਣੇ ਤੋਂ ਡਰਨਾ ਨਹੀਂ ਚਾਹੀਦਾ। ਟੂਣੇ ਵਿੱਚ ਸਾਰਾ ਸਮਾਨ ਦੁਕਾਨਾਂ ਵਿੱਚੋਂ ਪਿਆ ਹੁੰਦਾ ਹੈ। ਕਦੇ ਤੁਸੀਂ ਦੁਕਾਨਾਂ ਵਾਲਿਆਂ ਦਾ ਟੂਣੇ ਤੋਂ ਨੁਕਸਾਨ ਹੁੰਦਾ ਵੇਖਿਆ, ਸੁਣਿਆ ਹੈ! ਸਾਰੇ ਬੱਚਿਆਂ ਨੇ "ਨਾ ਜੀ" ਵਿੱਚ ਮਿਲ ਕੇ ਜੁਆਬ ਦਿੱਤਾ। ਸਗੋਂ ਦੁਕਾਨਾਂ ਵਾਲਿਆਂ ਨੂੰ ਟੂਣੇ ਦਾ ਸਮਾਨ ਵੇਚ ਕੇ ਕਮਾਈ ਹੁੰਦੀ ਹੈ। ਮੈਂ ਆਪਣੀ ਗੱਲ ਜਾਰੀ ਰਖਦਿਆਂ ਆਖਿਆ, ਹਾਂ, ਜਦ ਕੋਈ ਟੂਣਾ ਕਰਨ ਵਾਲਾ ਲਾਈਲੱਗ ਵਿਅਕਤੀ ਟੂਣੇ ਦਾ ਸਮਾਨ ਵਗਦੇ ਪਾਣੀ ਨਹਿਰ, ਸੂਏ ਵਿੱਚ ਸੁੱਟਦਾ ਹੈ ਤਾਂ ਉਸ ਨਾਲ ਪ੍ਰਦੂਸ਼ਣ ਹੁੰਦਾ ਹੈ। ਸਮਾਨ ਵਿੱਚ ਸੰਧੂਰ ਜਿਹੇ ਜਹਿਰੀਲੇ ਪਦਾਰਥ ਵੀ ਹੁੰਦੇ ਹਨ।

ਮੇਰੇ ਸਮਝਾਉਂਦਿਆਂ ਹੀ ਵਿਚੋਂ ਇੱਕ ਬੱਚਾ ਬੋਲ ਪਿਆ, ਸਰ ਜੀ, ਤੁਹਾਡੇ ਕਹਿਣ ਦਾ ਮਤਲਬ, ਟੂਣੇ ਵਾਲਾ ਸਮਾਨ ਖਾ ਲੈਣਾ ਚਾਹੀਦਾ ਹੈ! ਮੈਂ ਬੱਚਿਆਂ ਦੀ ਸ਼ੰਕਾ ਦੂਰ ਕਰਦਿਆਂ ਦੱਸਿਆ, ਪਿਆਰੇ ਬੱਚਿਓ, ਟੂਣੇ ਵਿੱਚ ਸੰਧੂਰ ਜਿਹੀ ਜਹਿਰੀਲੀ ਸਮੱਗਰੀ ਵੀ ਹੁੰਦੀ ਹੈ। ਇਸ ਲਈ ਟੂਣੇ ਦੇ ਸਮਾਨ ਵਿੱਚ ਪਈ ਮਠਿਆਈ, ਗੁੜ, ਭੁਜੀਆ ਆਦਿ ਕਦੇ ਨਹੀਂ ਖਾਣਾ ਚਾਹੀਦਾ। ਹਾਂ, ਨਾਰੀਅਲ ਵਰਗੀ ਬੰਦ ਚੀਜ ਖਾਧੀ ਜਾ ਸਕਦੀ ਹੈ। ਜਿਵੇਂ ਅੱਜ ਆਪਾਂ ਸਾਰੇ ਮਿਲ ਕੇ ਖਾਵਾਂਗੇ। ਟੂਣੇ ਵਿੱਚ ਪਈਆਂ ਆਮ ਵਰਤੋਂ ਵਾਲੀਆਂ ਚੀਜਾਂ ਜਿਵੇਂ ਕੰਘਾ, ਸੀਸਾ, ਤੇਲ ਆਦਿ ਵਰਤਿਆ ਜਾ ਸਕਦਾ ਹੈ। ਬੱਚੇ ਮੈਨੂੰ ਟੂਣੇ ਬਾਰੇ ਲਗਾਤਾਰ ਸੁਆਲ ਕਰਦੇ ਰਹੇ। ਮੇਰੇ ਦਿੱਤੇ ਉੱਤਰਾਂ ਨਾਲ ਉਨ੍ਹਾਂ ਦੇ ਸੰਕੇ ਨਵਿਰਤ ਹੁੰਦੇ ਗਏ। ਗੱਲਾਂ ਦੇ ਨਾਲ ਨਾਲ ਨਾਰੀਅਲ ਵਿੱਚੋਂ ਗਿਰੀਆਂ ਕੱਢ ਕੇ ਮੈਂ ਜਮਾਤ ਵਿੱਚ ਬੈਠੇ ਬੱਚਿਆਂ ਦੀ ਗਿਣਤੀ ਜਿੰਨੇ ਟੁਕੜੇ ਕਰ ਲਈ। ਪਹਿਲਾਂ ਉਨ੍ਹਾਂ ਵਿੱਚੋਂ ਆਪ ਇੱਕ ਟੁਕੜੀ ਚੁੱਕ ਕੇ ਖਾ ਲਈ। ਜਦ ਮੈਂ ਨਾਰੀਅਲ ਖਾਣ ਵਾਲੇ ਬੱਚਿਆਂ ਨੂੰ ਹੱਥ ਖੜ੍ਹੇ ਕਰਨ ਲਈ ਆਖਿਆ ਤਾਂ ਸਾਰੀ ਜਮਾਤ ਦੇ ਹੱਥ ਖੜ੍ਹੇ ਸਨ। ਮੈਂ ਸਾਰਿਆਂ ਨੂੰ ਨਾਰੀਅਲ ਦੀ ਇੱਕ ਇੱਕ ਟੁਕੜੀ ਵੰਡ ਕੇ ਦਿੱਤੀ। ਸਾਰਿਆਂ ਨੇ ਖਾ ਲਈ।

ਇਸ ਘਟਨਾ ਤੋਂ ਬਾਅਦ ਸਕੂਲ ਦੇ ਬੱਚਿਆਂ ਨੇ ਝਲਾਰਾਂ ਵਿੱਚ ਆਇਆ ਨਾਰੀਅਲ ਕਦੇ ਨਹੀਂ ਛੱਡਿਆ। ਮੋਘੇ ਵਿੱਚ ਫਸੇ ਨਾਰੀਅਲ ਕੱਢਦੇ ਤੇ ਆਪਸ ਵਿੱਚ ਵੰਡ ਕੇ ਖਾ ਲੈਂਦੇ। ਛਿੰਦੇ ਤੇ ਮੋਹਣੇ ਦੀ ਪਹਿਲ ਨੇ ਪ੍ਰੇਰਨਾ ਨਾਲ ਬੱਚਿਆਂ ਦੇ ਮਨਾਂ ਤੇ ਚੜ੍ਹੀ ਟੂਣੇ ਦੇ ਡਰ ਦੀ ਮੈਲ ਨੂੰ ਸਦਾ ਲਈ ਧੋ ਦਿੱਤਾ। **97819 25566**

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ।**

## ਨਫ਼ਰਤ ਦੀ ਗਠੜੀ: ਸਾਂਝਾਂ ਦੀ ਪੰਡ

ਡਾ. ਰਾਹੀ ਮਾਸੂਮ ਰਜ਼ਾ ਨੂੰ ਫ਼ਿਲਮ ਨਿਰਮਾਤਾ ਅਤੇ ਨਿਰਦੇਸ਼ਕ ਬੀ. ਆਰ. ਚੋਪੜਾ ਨੇ 'ਮਹਾਂਭਾਰਤ' ਟੀ.ਵੀ. ਸੀਰੀਅਲ ਦੀ ਪਟਕਥਾ ਲਿਖਣ ਨੂੰ ਕਿਹਾ। ਰਾਹੀ ਮਾਸੂਮ ਰਜ਼ਾ ਨੇ ਇਨਕਾਰ ਕਰ ਦਿੱਤਾ। ਦੂਜੇ ਦਿਨ ਇਹ ਖ਼ਬਰ ਅਖ਼ਬਾਰਾਂ 'ਚ ਛਪ ਗਈ। ਹਜ਼ਾਰਾਂ ਲੋਕਾਂ ਨੇ ਚੋਪੜਾ ਸਾਹਿਬ ਨੂੰ ਖ਼ਤ ਲਿਖੇ ਕਿ ਇੱਕ ਮੁਸਲਮਾਨ ਹੀ ਮਿਲਿਆ ਮਹਾਂਭਾਰਤ ਲਿਖਵਾਉਣ ਲਈ !

ਚੋਪੜਾ ਸਾਹਿਬ ਨੇ ਸਾਰੇ ਖ਼ਤਾਂ ਨੂੰ ਰਾਹੀ ਮਾਸੂਮ ਰਜ਼ਾ ਦੇ ਕੋਲ ਭਿਜਵਾ ਦਿੱਤਾ।... ਖ਼ਤਾਂ ਦੇ ਜਖ਼ੀਰੇ ਨੂੰ ਦੇਖਣ ਦੇ ਬਾਅਦ ਰਾਹੀ ਮਾਸੂਮ ਰਜ਼ਾ ਨੇ ਚੋਪੜਾ ਸਾਹਿਬ ਨੂੰ ਕਿਹਾ, "ਹੁਣ ਤਾਂ ਮੈਂ ਹੀ ਲਿਖੂੰਗਾ ਮਹਾਂਭਾਰਤ ਦੀ ਪਟਕਥਾ, ਕਿਉਂਕਿ ਮੈਂ ਗੰਗਾ ਦਾ ਪੁੱਤਰ ਹਾਂ।"

ਰਾਹੀ ਮਾਸੂਮ ਰਜ਼ਾ ਨੇ ਜਦੋਂ ਟੀਵੀ ਸੀਰਿਅਲ ਮਹਾਂਭਾਰਤ ਦੀ ਪਟਕਥਾ ਲਿਖੀ ਤਾਂ ਉਨ੍ਹਾਂ ਦੇ ਘਰ ਵਿੱਚ ਖ਼ਤਾਂ ਦੇ ਅੰਬਾਰ ਲੱਗ ਗਏ। ਲੋਕਾਂ ਨੇ ਡਾ. ਰਾਹੀ ਮਾਸੂਮ ਰਜ਼ਾ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹ ਦਿੱਤੇ। ਪ੍ਰਸ਼ੰਸਾ ਵਾਲੇ ਖ਼ਤਾਂ ਦੀਆਂ ਕਈ ਪੰਡਾਂ ਬੰਨ੍ਹ ਹੋ ਗਈਆਂ, ਲੇਕਿਨ ਇੱਕ ਬਹੁਤ ਛੋਟੀ ਜਿਹੀ ਗਠੜੀ ਉਨ੍ਹਾਂ ਦੀ ਮੇਜ਼ ਦੇ ਕੰਢੇ ਸਭ ਖ਼ਤਾਂ ਤੋਂ ਵੱਖਰੀ ਪਈ ਸੀ।

ਉਨ੍ਹਾਂ ਦੀ ਮੇਜ਼ ਦੇ ਕਿਨਾਰੇ 'ਤੇ ਵੱਖਰੀ ਪਈ ਹੋਈ ਖ਼ਤਾਂ ਦੀ ਸਭ ਤੋਂ ਛੋਟੀ ਗੱਠੜੀ ਦੇ ਬਾਰੇ ਪੁੱਛਣ ਉੱਤੇ ਰਾਹੀ ਮਾਸੂਮ ਰਜ਼ਾ ਸਾਹਿਬ ਨੇ ਜਵਾਬ ਦਿੱਤਾ "ਇਹ ਉਹ ਖ਼ਤ ਹਨ ਜਿਨ੍ਹਾਂ ਵਿੱਚ ਮੈਨੂੰ ਗਾਲ੍ਹਾਂ ਲਿਖੀਆਂ ਗਈਆਂ ਹਨ। ਕੁਝ ਹਿੰਦੂ ਇਸ ਗੱਲ ਤੋਂ ਨਰਾਜ਼ ਹਨ ਕਿ ਤੇਰੀ ਹਿੰਮਤ ਕਿਵੇਂ ਹੋਈ ਮੁਸਲਮਾਨ ਹੋ ਕੇ ਮਹਾਂਭਾਰਤ ਦੀ ਪਟਕਥਾ ਲਿਖਣ ਦੀ? ਕੁੱਝ ਮੁਸਲਮਾਨ ਨਰਾਜ਼ ਹਨ ਕਿ ਤੂੰ ਹਿੰਦੂਆਂ ਦੀ ਕਥਾ 'ਤੇ ਸੀਰੀਅਲ ਕਾਹਤੋਂ ਲਿਖਿਆ?"

ਰਾਹੀ ਸਾਹਿਬ ਨੇ ਕਿਹਾ, "ਖ਼ਤਾਂ ਦੀ ਇਹੀ ਸਭ ਤੋਂ ਛੋਟੀ ਗਠੜੀ ਦਰਅਸਲ ਮੈਨੂੰ ਹੌਸਲਾ ਦਿੰਦੀ ਹੈ ਕਿ ਮੁਲਕ ਵਿੱਚ ਭੈੜੇ ਲੋਕ ਕਿੰਨੇ ਥੋੜ੍ਹੇ ਹਨ।"

ਰਾਜ ਸੱਤਾ ਦੀਆਂ ਫਿਰਕੂ ਚਾਲਾਂ ਵਾਲੇ ਅਜੋਕੇ ਦੌਰ ਵਿੱਚ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅੱਜ ਵੀ ਨਫ਼ਰਤ ਫੈਲਾਉਣ ਵਾਲਿਆਂ ਦੀ ਛੋਟੀ ਗੱਠੜੀ ਸਾਡੇ ਪਿਆਰ-ਮੁਹੱਬਤ ਤੇ ਸਾਂਝਾਂ ਦੀ ਵੱਡੀ ਪੰਡ ਨਾਲੋਂ ਬਹੁਤ ਛੋਟੀ ਹੈ।

**ਪੇਸ਼ਕਸ਼: ਪਾਲ ਬਾਗਪੁਰ**



# ਬਾਲ ਪੰਨਾ

-ਬੂਟਾ ਸਿੰਘ ਵਾਕਫ਼



## ਇਲੈਕਟ੍ਰੋਮੈਗਨੇਟਿਕ ਪ੍ਰਦੂਸ਼ਣ

ਬਿਜਲੀ ਦੀਆਂ ਲਾਇਨਾਂ, ਬਿਜਲਈ ਉਪਰਕਣਾਂ, ਮੋਬਾਇਲ ਟਾਵਰਾਂ, ਮੋਬਾਇਲ ਫ਼ੋਨ, ਵਾਇਰਲੈਸ ਯੰਤਰ, ਰਾਡਾਰ, ਘਰਾਂ ਵਿਚ ਵਰਤੇ ਜਾਣ ਵਾਲੇ ਬਿਜਲਈ ਯੰਤਰਾਂ, ਮਾਈਕ੍ਰੋਵੇਵ ਓਵਨ, ਬਿਜਲੀ ਚੁੱਲਾ, ਰੇਡੀਓ, ਕੰਪਿਊਟਰ, ਵਾਈਫਾਈ ਰੂਟਰ, ਬਲਿਊਟੂਥ ਯੰਤਰ, ਇਲੈਕਟ੍ਰਿਕ ਘੜੀਆਂ ਆਦਿ ਤੋਂ ਪੈਦਾ ਹੋਣ ਵਾਲੇ ਬਿਜਲਈ ਚੁੰਬਕੀ ਖੇਤਰ ਰਾਹੀਂ ਹੋਣ ਵਾਲੇ ਪ੍ਰਦੂਸ਼ਣ ਨੂੰ ਇਲੈਕ੍ਰਟੋਮੈਗਨੇਟਿਕ ਪ੍ਰਦੂਸ਼ਣ ਆਖਦੇ ਹਨ। ਅਜਿਹੇ ਪ੍ਰਦੂਸ਼ਣ ਦੇ ਪ੍ਰਭਾਵ ਮਨੁੱਖੀ ਸਿਹਤ 'ਤੇ ਇੱਕ ਦਮ ਨਜ਼ਰ ਨਹੀਂ ਆਉਂਦੇ ਪ੍ਰੰਤੂ ਲੰਮੇ ਸਮੇਂ ਤੱਕ ਬਿਜਲਈ ਚੁੰਬਕੀ ਪ੍ਰਭਾਵ ਵਾਲੇ ਖੇਤਰਾਂ ਵਿਚ ਰਹਿਣ ਵਾਲੇ ਮਨੁੱਖਾਂ ਤੇ ਹੋਰਨਾਂ ਜੀਵ ਜੰਤੂਆਂ 'ਤੇ ਇਹ ਪ੍ਰਭਾਵ ਹੌਲੀ-



ਹੌਲੀ ਨਜ਼ਰ ਆਉਂਦੇ ਹਨ। ਇਲੈਕ੍ਰਟੋਮੈਗਨੇਟਿਕ ਪ੍ਰਦੂਸ਼ਣ ਮਨੁੱਖ ਤੇ ਹੋਰਨਾਂ ਜੀਵਾਂ ਦੇ ਸੁਭਾਅ ਵਿਚ ਤਬਦੀਲੀਆਂ ਜਾਹਿਰ ਕਰਦਾ ਹੈ ਜਿਸ ਬਾਰੇ ਆਪਾਂ ਇਸ ਲੇਖ ਵਿਚ ਪੜ੍ਹਾਂਗੇ।

**ਇਲੈਕਟ੍ਰੋਮੈਗਨੇਟਿਕ ਤਰੰਗਾਂ**

ਤੁਸੀਂ ਕਦੇ ਨਾ ਕਦੇ ਉੱਤਰੀ ਤੇ ਦੱਖਣੀ ਰੌਸ਼ਨੀਆਂ (northern and southern lights) ਦੇ ਰੰਗਦਾਰ ਨਮੂਨੇ ਜਰੂਰ ਦੇਖੇ ਹੋਣਗੇ। ਰੌਸ਼ਨੀਆਂ ਦੇ ਇਹ ਨਮੂਨੇ ਧਰਤੀ ਦੇ ਉੱਤਰੀ ਤੇ ਦੱਖਣੀ ਧਰੁਵਾਂ 'ਤੇ ਸ਼ਾਨਦਾਰ ਰੰਗਾਂ ਵਿਚ ਦੇਖੇ ਜਾ ਸਕਦੇ ਹਨ। ਵਿਗਿਆਨੀਆਂ ਅਨੁਸਾਰ ਜਦੋਂ ਸੂਰਜ ਦੁਆਰਾ ਚਾਰਜਿਤ ਕਣ ਧਰਤੀ ਦੇ ਚੁੰਬਕੀ ਖੇਤਰਾਂ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਇਹ ਕਣ ਰੌਸ਼ਨੀ ਪੈਦਾ ਕਰਦੇ ਹਨ। ਇਹ ਉੱਤਰੀ ਜਾਂ ਦੱਖਣੀ ਰੌਸ਼ਨੀਆਂ ਇਲੈਕਟ੍ਰੋਮੈਗਨੇਟਿਕ ਤਰੰਗਾਂ ਦੀ ਇੱਕ ਸੁੰਦਰ ਤੇ ਸੰਪੂਰਨ ਉਦਾਹਰਣ ਹਨ।



ਏਦਾਂ ਹੀ ਦੂਰ ਦੁਰਾਡੇ ਦੀਆਂ ਗਲੈਕਸੀਆਂ ਤੋਂ ਸਾਡੇ ਤੱਕ ਪਹੁੰਚਣ ਵਾਲੀਆਂ ਗਾਮਾ ਕਿਰਣਾਂ, ਬ੍ਰਹਿਮੰਡ ਵਿਚ ਪੈਦਾ ਹੋ ਰਹੀਆਂ ਐਕਸ ਰੇਅ ਕਿਰਣਾਂ ਤੋਂ ਇਲਾਵਾ ਰਸੋਈ ਵਿਚ ਰੱਖੇ ਮਾਈਕ੍ਰੋਵੇਵ, ਰੂਮ ਹੀਟਰ, ਤੇ ਘਰ ਵਿਚ ਵਰਤੇ ਜਾਣ ਵਾਲੇ ਹੋਰਨਾਂ ਬਿਜਲਈ ਯੰਤਰਾਂ ਤੋਂ ਪੈਦਾ ਹੋਣ ਵਾਲੀਆਂ ਇਨਫਰਾਰੈੱਡ ਕਿਰਣਾਂ, ਰੇਡੀਓ ਤੇ ਮੋਬਾਇਲ ਫੋਨ ਸਮੇਤ ਸੰਚਾਰ ਦੇ ਯੰਤਰਾਂ ਤੋਂ ਪੈਦਾ ਹੋਣ ਵਾਲੀਆਂ ਇਲੈਕਟ੍ਰੋਮੈਗਨੇਟਿਕ ਤਰੰਗਾਂ ਇਸ ਦੀਆਂ ਸਭ ਤੋਂ ਵਧੀਆ ਉਦਾਹਰਣਾਂ ਹਨ। ਹਾਲਾਂ ਕਿ ਮਨੁੱਖ ਇਨ੍ਹਾਂ ਕਿਰਣਾਂ ਨੂੰ ਸਧਾਰਨ ਅੱਖ ਨਾਲ ਵੇਖਣ ਦੇ ਸਮਰੱਥ ਨਹੀਂ ਹਨ ਪਰ ਇਹ ਕਿਰਣਾਂ ਲਗਾਤਾਰ ਸਾਡੇ ਦੁਆਲੇ ਮੰਡਰਾ ਰਹੀਆਂ ਹਨ।

**ਇਲੈਕਟ੍ਰੋਮੈਗਨੇਟਿਕ ਫੀਲਡ**

ਵੋਲਟੇਜ਼ ਵਿਚਲੇ ਅੰਤਰ ਨਾਲ ਇਲੈਕ੍ਰਟੋਮੈਗਨੇਟਿਕ ਫੀਲਡ ਬਣਦਾ ਹੈ। ਜਿੰਨਾ ਜਿਆਦਾ ਵੋਲਟੇਜ ਹੋਵੇਗਾ ਇਲੈਕਟ੍ਰੋਮੈਗਨੇਟਿਕ ਫੀਲਡ ਉਤਨਾ ਹੀ ਮਜ਼ਬੂਤ ਹੋਵੇਗਾ। ਵੋਲਟੇਜ਼ ਜਿੰਨਾ ਘੱਟ ਹੋਵੇਗਾ ਇਹ ਫੀਲਡ ਉਨਾ ਹੀ ਕਮਜ਼ੋਰ ਹੋਵੇਗਾ। ਚੁੰਬਕੀ ਖੇਤਰ ਉਦੋਂ ਬਣਦਾ ਹੈ ਜਦੋਂ ਬਿਜਲਈ ਕਰੰਟ ਵਹਿੰਦਾ ਹੈ। ਕਰੰਟ ਜਿੰਨਾ ਜਿਆਦਾ ਵਹੇਗਾ, ਬਿਜਲਈ ਚੁੰਬਕੀ ਖੇਤਰ ਉਨਾ ਹੀ ਮਜਬੂਤ ਬਣੇਗਾ। ਇਹ ਦੋ ਕਿਸਮ ਦਾ ਹੁੰਦਾ ਹੈ:

**1. ਕੁਦਰਤੀ ਸਰੋਤਾਂ ਤੋਂ ਪੈਦਾ ਹੋਇਆ ਇਲੈਕਟ੍ਰੋਮੈਗਨੇਟਿਕ ਖੇਤਰ**

ਇਹ ਇਲੈਕਟ੍ਰੋਮੈਗਨੇਟਿਕ ਫੀਲਡ ਸਾਡੇ ਵਾਤਾਰਵਣ ਵਿਚ ਹਰ ਜਗਾਹ ਮੌਜੂਦ ਹੈ ਪਰ ਮਨੁੱਖ ਇਸ ਨੂੰ ਨੰਗੀ ਅੱਖ ਨਾਲ ਨਹੀਂ ਵੇਖ ਸਕਦਾ। ਧਰਤੀ ਖ਼ੁਦ ਚੁੰਬਕ ਦਾ ਕਾਰਜ ਕਰਦੀ ਹੈ ਤੇ ਇਸ ਦੇ ਦੁਆਲੇ ਚੁੰਬਕੀ ਖੇਤਰ ਹਰ ਸਮੇਂ ਮੌਜੂਦ ਹੈ ਜਿਹੜਾ ਮਨੁੱਖ, ਪੰਛੀਆਂ ਤੇ ਮੱਛੀਆਂ ਲਈ ਨੈਵੀਗੇਸ਼ਨ ਦਾ ਕੰਮ ਵਿਚ ਸਹਾਈ ਹੁੰਦਾ ਹੈ। ਬੱਦਲਾਂ ਦੀ ਗਰਜਣ ਸਮੇਂ ਵੀ ਅਜਿਹੇ ਖੇਤਰ ਕੁਦਰਤੀ ਤੌਰ 'ਤੇ ਪੈਦਾ ਹੁੰਦੇ ਹਨ।



**2. ਮਨੁੱਖ ਦੁਆਰਾ ਸਿਰਜਿਆ ਇਲੈਕਟ੍ਰੋਮੈਗਨੇਟਿਕ ਖੇਤਰ**

ਇਸ ਬਾਰੇ ਅਸੀਂ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ

ਕਿ ਹਰ ਬਿਜਲਈ ਯੰਤਰ ਜਿਸ ਦਾ ਨਿਰਮਾਣ ਮਨੁੱਖ ਨੇ ਆਪਣੀ ਸਹੂਲਤ ਲਈ ਕੀਤਾ ਹੈ, ਇਲੈਕਟ੍ਰੋਮੈਗਨੇਟਿਕ ਫੀਲਡ ਬਣਾਉਂਦਾ ਹੈ। ਇਸ ਵਿਚ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਤੀਬਰਤਾ ਪੈਦਾ ਕਰਨ ਵਾਲੇ ਯੰਤਰ ਸ਼ਾਮਲ ਹਨ।

**ਇਲੈਕਟ੍ਰੋਮੈਗਨੇਟਿਕ ਪ੍ਰਦੂਸ਼ਣ ਦੇ ਪ੍ਰਭਾਵ**

ਇਲੈਕਟ੍ਰੋਮੈਗਨੇਟਿਕ ਪ੍ਰਦੂਸ਼ਣ ਉਨ੍ਹਾਂ ਸਾਰੇ ਅਣਚਾਹੇ ਪ੍ਰਭਾਵਾਂ ਨੂੰ ਦਰਸਾਉਂਦਾ ਹੈ ਜਿਹੜੇ ਬਿਜਲਈ ਚੁੰਬਕੀ ਖੇਤਰਾਂ ਦੀ ਰੇਡੀਏਸ਼ਨ ਕਾਰਨ ਮਨੁੱਖੀ ਸਰੀਰ ਵਿਚ ਪੈਦਾ ਹੋ ਸਕਦੇ ਹਨ। ਕੈਂਸਰ ਤੇ ਖੋਜ ਕਰਨ ਵਾਲੀ ਅੰਤਰਰਾਸ਼ਟਰੀ ਏਜੰਸੀ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਇਲੈਕਟ੍ਰੋਮੈਗਨੇਟਿਕ ਫੀਲਡ ਮਨੁੱਖੀ ਸਿਹਤ 'ਤੇ ਧੀਮੀ ਗਤੀ ਨਾਲ ਮਾੜਾ ਪ੍ਰਭਾਵ ਪਾਉਂਦਾ ਹੈ। ਇਸ ਗੱਲ ਦੀ ਪੁਸ਼ਟੀ ਵਿਸ਼ਵ ਸਿਹਤ ਸੰਸਥਾ ਨੇ ਵੀ ਕੀਤੀ ਹੈ।



ਅਸੀਂ 21ਵੀਂ ਸਦੀ ਭਾਵ ਕੰਪਿਊਟਰ ਤੇ ਇੰਨਰਨੈਟ ਯੁੱਗ ਦੇ ਵਾਸੀ ਕਹਾਉਂਦੇ ਹਾਂ। ਅੱਜ ਇੰਨਰਨੈਟ ਤੋਂ ਬਿਨ੍ਹਾਂ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕੀ ਅਸੀਂ ਈਮੇਲ ਦੀ ਵਰਤੋਂ ਛੱਡ ਕਾਗਜ਼ ਤੇ ਪੈੱਨ ਚੁੱਕ ਚਿੱਠੀਆਂ ਲਿਖਣਾ ਪਸੰਦ ਕਰਾਂਗੇ ? ਨਹੀਂ। ਕੀ ਅਸੀਂ ਘਰ ਬੈਠੇ ਕਰਿਆਨੇ ਦਾ ਆਰਡਰ ਕਰਨ ਦੀ ਬਜਾਏ ਬਾਜ਼ਾਰਾਂ ਵਿਚ ਘੁੰਮਣਾ ਪਸੰਦ ਕਰਾਂਗੇ ? ਬਿਲਕੁਲ ਨਹੀਂ। ਕੀ ਅਸੀਂ ਐਡਵਾਂਸ ਬੁਕਿੰਗ ਕਰਵਾਉਣ ਤੋਂ ਪਹਿਲਾਂ ਕਿਸੇ ਹਿਲ ਸਟੇਸ਼ਨ 'ਤੇ ਘੁੰਮਣ ਜਾਣਾ ਪਸੰਦ ਕਰਾਂਗੇ ? ਬਿਲਕੁਲ ਨਹੀਂ। ਕੀ ਅਸੀਂ ਮੋਬਾਇਲ ਫੋਨ ਤੋਂ ਕਿਨਾਰਾ ਕਰ ਸਕਦੇ ਹਾਂ ? ਸੰਭਵ ਨਹੀਂ, ਕਿਉਂਕਿ ਇਹ ਸਾਰਾ ਕੁਝ ਅੱਜ ਸਾਡੀ ਜਿਉਂਦੀ ਜਾਗਦੀ ਲੋੜ ਬਣ ਚੁੱਕਾ ਹੈ। ਘਰ ਵਿਚ ਵੀ ਹਰ ਪਰਿਵਾਰਕ ਮੈਂਬਰ ਕੋਲ ਵੱਖਰਾ ਵੱਖਰਾ ਮੋਬਾਇਲ ਫੋਨ ਹੈ। ਇਸ ਕਰਕੇ ਹਰ ਇੱਕ ਵਿਅਕਤੀ ਚਾਹੇ ਉਹ ਦੁਨੀਆਂ ਦੇ ਕਿਸੇ ਵੀ ਖੇਤਰ ਵਿਚ ਰਹਿ ਰਿਹਾ ਹੋਵੇ, ਕਿਸੇ ਨਾ ਕਿਸੇ ਹੱਦ ਤੱਕ ਇਲੈਕਟ੍ਰੋਮੈਗਨੇਟਿਕ ਰੇਡੀਏਸ਼ਨ ਨਾਲ ਘਿਰਿਆ ਹੀ ਰਹਿੰਦਾ ਹੈ। ਮੋਬਾਇਲ ਟਾਵਰਾਂ ਵਿਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ, ਮੋਬਾਇਲ ਫੋਨਾਂ ਦੀ ਗਿਣਤੀ ਨਿੱਤ ਦਿਨ ਵਧਦੀ ਜਾ ਰਹੀ ਹੈ। ਹਰ ਘਰ ਵਿਚ ਇਲੈਕਟ੍ਰਾਨਿਕ ਯੰਤਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜਿਸ ਕਾਰਨ



ਇਲੈਕਟ੍ਰੋਮੈਗਨੇਟਿਕ ਰੇਡੀਏਸ਼ਨ ਘੱਟ ਹੋਣ ਦੀ ਬਜਾਏ ਲਗਾਤਾਰ ਵਧਦੀ ਜਾ ਰਹੀ ਹੈ।

ਇਲੈਕਟ੍ਰੋਮੈਗਨੇਟਿਕ ਤਰੰਗਾਂ ਦੀ ਰੇਡੀਏਸ਼ਨ ਕਾਰਣ ਇਸ ਖੇਤਰ ਵਿਚ ਲਗਾਤਾਰ ਰਹਿਣ ਵਾਲੇ ਮਨੁੱਖਾਂ ਲਈ ਇਹ ਅਣਸੁਖਾਵੇਂ ਲੱਛਣ ਪੈਦਾ ਕਰਦੀ ਹੈ। ਸਿਰ ਦਰਦ, ਘਬਰਾਹਟ, ਚਿੰਤਾ, ਉਦਾਸੀ, ਥਕਾਵਟ, ਕਿਸੇ ਵੀ ਕੰਮ ਵਿਚ ਦਿਲਚਸਪੀ ਦੀ ਘਾਟ ਤੇ ਖੁਦਕੁਸ਼ੀ ਵਰਗੇ ਵਰਤਾਰਿਆਂ ਦਾ ਸਾਹਮਣਾ ਕਰਨਾ ਇਸ ਤਰ੍ਹਾਂ ਦੇ ਪ੍ਰਦੂਸ਼ਣ ਦੇ ਆਮ ਲੱਛਣ ਸਾਹਮਣੇ ਆ ਰਹੇ ਹਨ। ਇਸ ਨਾਲ ਮਨੁੱਖੀ ਸੁਭਾਅ ਵਿਚ ਸਵਾਰਥੀਪਣ ਤੇ ਚਿੜਚਿੜਾਪਣ ਵੀ ਆਉਂਦਾ ਹੈ। ਇਸ ਵਰਤਾਰੇ ਲਈ ਇਲੈਕਟ੍ਰੋਮੈਗਨੇਟਿਕ ਰੇਡੀਏਸ਼ਨ ਦੇ ਨਾਲ-ਨਾਲ ਸ਼ੋਰ ਪ੍ਰਦੂਸ਼ਣ, ਵਾਤਾਵਰਣਕ ਤੇ ਪਰਿਵਾਰਕ ਕਾਰਣ ਵੀ ਨਾਲੋਂ ਨਾਲ ਜ਼ਿੰਮੇਵਾਰ ਹਨ।

ਸ਼ਿਕਾਗੋ ਟ੍ਰਿਬਿਊਨ ਦੇ ਖੋਜਕਾਰਾਂ ਨੇ 2019 ਵਿਚ ਸਮਾਰਟ ਫੋਨ ਵਿਚੋਂ ਪੈਦਾ ਹੋਣ ਵਾਲੀ ਰੇਡੀਏਸ਼ਨ ਤੇ ਖੋਜ ਕਾਰਜ ਦੌਰਾਨ ਇਹ ਪਾਇਆ ਕਿ ਸਮਾਰਟ ਫੋਨ ਤੋਂ ਪੈਦਾ ਹੋਣ ਵਾਲੀ ਰੇਡੀਏਸ਼ਨ ਸੁਰੱਖਿਆ ਪੱਧਰ ਦਾ ਘੇਰਾ ਤੋੜ ਕੇ ਅੱਗੇ ਲੰਘ ਆਈ ਹੈ। ਉਨ੍ਹਾਂ ਇਹ ਤੱਥ ਵੀ ਪੇਸ਼ ਕੀਤੇ ਕਿ ਮਨੁੱਖੀ ਬਸਤੀਆਂ ਵਿਚੋਂ ਚਿੜੀਆਂ ਤੇ ਹੋਰਨਾਂ ਪੰਛੀਆਂ ਦੀ ਘਟ ਰਹੀ ਆਬਾਦੀ ਲਈ ਇਲੈਕਟ੍ਰੋਮੈਗਨੇਟਿਕ ਤਰੰਗਾਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਇਨ੍ਹਾਂ ਤਰੰਗਾਂ ਦਾ ਚਿੜੀਆਂ ਦੇ ਆਂਡਿਆਂ 'ਤੇ ਮਾਰੂ ਪ੍ਰਭਾਵ ਪੈਂਦਾ ਹੈ। ਇਹ ਤਰੰਗਾਂ ਅੰਡੇ ਵਿਚ ਪਲ ਰਹੇ ਭਰੂਣ ਦੀ ਖੋਪੜੀ ਦੀ ਪਰਤ ਨੂੰ ਪਤਲਾ ਕਰ ਦਿੰਦੀਆਂ ਹਨ ਜਿਸ ਦੇ ਫਲਸਰੂਪ ਅੰਡੇ ਵਿਚੋਂ ਤੰਦਰੁਸਤ ਬੋਟ ਬਾਹਰ ਨਹੀਂ ਨਿਕਲ ਸਕਦਾ ਜਾਂ ਫਿਰ ਅੰਡੇ ਵਿਚ ਹੀ ਭਰੂਣ ਦੀ ਮੌਤ ਹੋ ਜਾਂਦੀ ਹੈ। ਇਸੇ ਤਰ੍ਹਾਂ ਮੋਬਾਇਲ ਟਾਵਰਾਂ ਦੇ 50 ਮੀਟਰ ਦੇ ਘੇਰੇ ਅੰਦਰ ਰਹਿਣ ਵਾਲੇ ਮਨੁੱਖ ਤੇ ਹੋਰ ਜੀਵ ਜੰਤੂ ਵੀ ਰੇਡੀਏਸ਼ਨ ਤੋਂ ਇਸ ਹੱਦ ਤੱਕ ਪ੍ਰਭਾਵਿਤ ਹੁੰਦੇ ਹਨ ਜਿਸ ਕਾਰਣ ਉਨ੍ਹਾਂ ਦੇ ਵਿਵਹਾਰ ਵਿਚ ਮਨੋਵਿਗਿਆਨਕ ਤਬਦੀਲੀਆਂ ਆਉਂਦੀਆਂ ਹਨ।



**ਇਲੈਕਟ੍ਰੋਮੈਗਨੇਟਿਕ ਪ੍ਰਦੂਸ਼ਣ ਤੋਂ ਬਚਾਓ ਤੇ ਸਾਵਧਾਨੀਆਂ**

ਇੰਟਰਨੈਟ ਤੇ ਬਿਜਲੀ ਸਾਡੇ ਜੀਵਨ ਦਾ ਅਟੁੱਟ ਅੰਗ ਬਣ ਚੁੱਕਾ ਹੈ। ਇਨਾਂ ਤੋਂ ਬਿਨ੍ਹਾਂ ਜੀਵਨ ਦਾ ਕਿਆਸ ਅਸੰਭਵ ਹੈ। ਜਿਵੇਂ-ਜਿਵੇਂ ਬਿਜਲਈ ਉਪਰਕਰਣਾਂ ਦੀ ਮੰਗ ਵਧ ਰਹੀ ਹੈ, ਇਲੈਕਟ੍ਰੋਮੈਗਨੇਟਿਕ ਫੀਲਡ ਵਿਚ ਵਾਧਾ ਹੋਣਾ

ਤੇ ਇਸ ਦੇ ਸੰਪਰਕ ਵਿਚ ਆਉਣਾ ਭਵਿੱਖ ਵਿਚ ਸਿਹਤ ਲਈ ਗੰਭੀਰ ਖਤਰੇ ਪੈਦਾ ਕਰ ਸਕਦਾ ਹੈ। ਪਰ ਇਸ ਤਕਨੀਕ ਦੀ ਵਰਤੋਂ ਨਾਲ ਹੋਣ ਵਾਲੇ ਲਾਭਾਂ ਨੂੰ ਵੀ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਇਨ੍ਹਾਂ ਯੰਤਰਾਂ ਦੀ ਸੁਚੱਜੀ ਵਰਤੋਂ ਕਰਨੀ ਜਰੂਰੀ ਹੋ ਜਾਂਦੀ ਹੈ।




ਜਨਤਕ ਸਿਹਤ ਦੀ ਸੁਰੱਖਿਆ ਖਾਤਰ ਇਲੈਕਟ੍ਰੋਮੈਗਨੇਟਿਕ ਖੇਤਰਾਂ ਲਈ ਅੰਤਰਰਾਸ਼ਟਰੀ ਦਿਸ਼ਾ ਨਿਰਦੇਸ਼ ਵਿਕਸਿਤ ਕੀਤੇ ਗਏ ਹਨ ਜਿਨ੍ਹਾਂ ਤੋਂ ਹਰ ਇੱਕ ਵਿਅਕਤੀ ਨੂੰ ਜਾਣੂ ਹੋਣਾ ਚਾਹੀਦਾ ਹੈ। ਉਦਾਹਰਣ ਦੇ ਤੌਰ 'ਤੇ ਮੋਬਾਇਲ ਫੋਨ ਦੀ ਐਸ. ਏ.ਆਰ. ਵੈਲਿਯੂ 1.6W/kg ਨਿਰਧਾਰਤ ਕੀਤੀ ਗਈ ਹੈ। ਇਸ ਲਈ ਕੋਈ ਵੀ ਮੋਬਾਇਲ ਫੋਨ ਖਰੀਦਦੇ ਸਮੇਂ ਇਹ ਵੈਲਿਯੂ ਜ਼ਰੂਰ ਚੈੱਕ ਕਰ ਲੈਣੀ ਚਾਹੀਦੀ ਹੈ। ਇਸ ਤੋਂ ਵੱਧ ਵੈਲਿਯੂ ਵਾਲੇ ਮੋਬਾਇਲ ਫੋਨ ਵਰਤਣੇ ਸਿਹਤ ਲਈ ਖਤਰੇ ਪੈਦਾ ਕਰ ਸਕਦੇ ਹਨ। ਇਸੇ ਤਰ੍ਹਾਂ ਹਰੇਕ ਬਿਜਲਈ ਉਪਰਕਣ ਖਰੀਦਣ ਤੋਂ ਪਹਿਲਾਂ ਨਿਰਧਾਰਤ ਸ਼ਰਤਾਂ ਤੋਂ ਜਾਣੂ ਹੋਣਾ ਜਰੂਰੀ ਹੈ।




ਕਿਸੇ ਵੀ ਸ਼ਕਤੀਸ਼ਾਲੀ ਚੁੰਬਕੀ ਖੇਤਰ ਵਿਚ ਦਾਖਲ ਹੋਣ ਤੋਂ ਪਹਿਲਾਂ ਸਾਵਧਾਨ ਰਹਿਣਾ ਚਾਹੀਦਾ ਹੈ। ਅਜਿਹੇ ਖੇਤਰਾਂ ਵਿਚ ਜਨਤਾ ਨੂੰ ਸੁਚੇਤ ਕਰਨ ਲਈ ਸਾਈਨ ਬੋਰਡ ਵੀ ਲਗਾਏ ਹੁੰਦੇ ਹਨ। ਕਿਸੇ ਵੀ ਉਪਰਕਣ ਦੀ ਵਰਤੋਂ ਸੰਜਮ ਨਾਲ ਹੀ ਕਰਨੀ ਚਾਹੀਦੀ ਹੈ। ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਕੁਝ ਸਮਾਂ ਪਰਿਵਾਰ, ਦੋਸਤਾਂ-ਮਿੱਤਰਾਂ ਤੇ ਕੁਦਰਤ ਦੇ ਸੰਗ ਮਾਨਣ ਦੀ ਆਦਤ ਜਰੂਰ ਪਾਉਣੀ ਚਾਹੀਦੀ ਹੈ।

: 98762-24461

ਨਾ ਮਜ਼ਬ ਨੂੰ ਕੋਈ ਪਤਾ ਹੈ, ਨਾ ਧਰਮ ਕੋਈ ਜਾਣੇ,
ਇਸ ਖੇਡ ਅੱਗ ਦੀ ਨੇ, ਮੁੱਕਣਾ ਕਿੱਥੇ ਕੁ ਜਾ ਕੇ।

ਮੈਂ ਤਾਂ ਏਨਾ ਕਿਹਾ ਸੀ, ਇਹ ਰਾਜ ਨ੍ਹੇਰ ਦਾ ਹੈ,
ਮੱਥੇ ਮੇਰੇ ਚ ਮਾਰੇ, ਪੱਥਰ ਤੁਸੀਂ ਵਗਾਹ ਕੇ।

ਸੁਕਰਾਤ ਜੇ ਤੂੰ ਬਣਨਾ, ਕਰ ਪਾਰਖੂ ਨਜ਼ਰ ਤੂੰ,
ਤੇ ਸੱਚ ਨੂੰ ਬਚਾਵੀਂ ਹੋਠਾਂ 'ਤੇ ਜ਼ਹਿਰ ਲਾ ਕੇ।

**ਸੁਰਿੰਦਰ ਗੀਤ**

ਪ੍ਰੇਰਕ ਪ੍ਰਸੰਗ

## ਪ੍ਰਵਾਜ਼

ਸਕੂਲ ਦੀ ਇੱਕ ਸੁਖ਼ਦ ਘਟਨਾ ਮਨ ਦੇ ਅੰਬਰ 'ਤੇ ਉੱਕਰੀ ਹੈ। ਜਦ ਕਿਸੇ ਵਿਦਿਆਰਥਣ ਦਾ ਜਨਮ ਦਿਨ ਹੁੰਦਾ ਤਾਂ ਲੜਕੀਆਂ ਅਕਸਰ ਟਾਫੀਆਂ ਵਾਲਾ ਲਿਫ਼ਾਫ਼ਾ ਲੈ ਕੇ ਪਹਿਲਾਂ ਪ੍ਰਿੰਸੀਪਲ ਸਰ ਕੋਲ਼ ਜਾਂਦੀਆਂ। ਫ਼ਿਰ ਸਾਰੇ ਅਧਿਆਪਕਾਂ ਕੋਲ਼ ਤੇ ਆਖਰ ਆਪਣੀ ਸਾਰੀ ਕਲਾਸ ਵਿੱਚ ਟਾਫੀਆਂ ਵੰਡਦੀਆਂ। ਉਸ ਦਿਨ ਪ੍ਰਿੰਸੀਪਲ ਸਰ ਦਾ ਜਨਮ ਦਿਨ ਸੀ। ਉਨ੍ਹਾਂ ਸਵੇਰ ਦੀ ਸਭਾ ਵਿੱਚ ਦੱਸਿਆ। ਖ਼ੁਸ਼ੀ ਮੂੰਹ ਮਿੱਠਾ ਕਰਨ ਤੱਕ ਸੀਮਤ ਨਹੀਂ ਹੁੰਦੀ। ਖ਼ੁਸ਼ੀ ਕਰਮ ਵਿੱਚ ਹੁੰਦੀ ਹੈ। ਅਮਲਾਂ ਵਿੱਚ ਝਲਕਦੀ ਹੈ। ਖ਼ੁਸ਼ੀ ਵਿਖਾਵੇ ਤੋਂ ਮੁਕਤ ਹੁੰਦੀ ਹੈ। ਜੇਕਰ ਅਸੀਂ ਇਹ ਖ਼ੁਸ਼ੀ ਆਪਣੇ ਕੰਮ ਵਿੱਚੋਂ ਲੱਭਣ ਦੀ ਜਾਂਚ ਸਿੱਖ ਜਾਈਏ ਤਾਂ ਜ਼ਿੰਦਗੀ ਸੰਵਰ ਸਕਦੀ ਹੈ। ਆਪਣੇ ਜਨਮ ਦਿਨ 'ਤੇ ਆਪਣੇ ਆਪ ਨਾਲ਼ ਕੋਈ ਵਾਅਦਾ ਕਰਨਾ। ਸ਼ਬਦਾਂ ਨਾਲ ਸਾਂਝ, ਪੁਸਤਕਾਂ ਨਾਲ ਪਿਆਰ ਜਿਹੀ ਚੰਗੀ ਆਦਤ ਅਪਣਾਉਣ ਦਾ ਫ਼ੈਸਲਾ ਕਰਨਾ। ਜਨਮ ਦਿਨ ਮਨਾਉਣ ਦਾ ਸੱਚਾ ਸੁੱਚਾ ਕਰਮ ਹੈ। ਤਾੜੀਆਂ ਦੀ ਗੂੰਜ ਉਨ੍ਹਾਂ ਦੇ ਬੋਲਾਂ 'ਤੇ ਚੜ੍ਹਾਏ ਫੁੱਲਾਂ ਸਮਾਨ ਸੀ। ਉਸ ਦਿਨ ਤੋਂ ਬਾਅਦ ਸਕੂਲ ਦੀਆਂ ਲੜਕੀਆਂ ਆਪਣੇ ਜਨਮ ਦਿਨ 'ਤੇ ਲਾਇਬਰੇਰੀ ਨੂੰ ਇੱਕ ਪੁਸਤਕ ਭੇਟ ਕਰਨ ਦਾ ਰਾਹ ਫੜ੍ਹ ਲਿਆ।

ਸਕੂਲ ਦੇ ਮੁਖੀ ਅਕਸਰ ਆਖਦੇ, ਸਿਆਣੀਓ ਇਹ ਵਕਤ ਵਾਰ ਵਾਰ ਨਹੀਂ ਆਉਣਾ। ਇਸ ਨੂੰ ਪੜ੍ਹਾਈ, ਲਿਖਾਈ ਤੇ ਪੁਸਤਕਾਂ ਸੰਗ ਬਿਤਾਇਆ ਤਾਂ ਮੰਜ਼ਿਲ ਆਪ ਚੱਲ ਕੇ ਤੁਹਾਡੇ ਪਾਸ ਆਏਗੀ। ਕਿਸਮਤ ਬੇਹਿੰਮਤੇ ਲੋਕਾਂ ਦਾ ਯਕੀਨ ਹੁੰਦੀ ਹੈ। ਹਿੰਮਤ ਵਾਲੇ ਆਪਣੀ ਕਿਸਮਤ ਖ਼ੁਦ ਲਿਖਦੇ ਹਨ। ਉਸ ਕਰਮਯੋਗੀ ਸਕੂਲ ਮੁਖੀ ਦੇ ਸੁਪਨਿਆਂ ਦੀ ਪ੍ਰਵਾਜ਼ ਮੇਰੇ ਅੰਦਰ ਜਿਉਂਦੀ ਹੈ। ਜਿਹੜੀ ਮਿਹਨਤ, ਉੱਦਮ ਨਾਲ ਅੱਗੇ ਵਧਣ ਤੇ ਮੰਜ਼ਿਲ ਪਾਉਣ ਲਈ ਪ੍ਰੇਰਦੀ ਹੈ।

**ਅਵਨੀਤ ਕੌਰ** (#15 ਸੀ, ਚੰਡੀਗੜ੍ਹ)

**ਗੁਲਦਸਤਾ**

ਜੀਵਨ ਦੇ ਕਈ ਰੰਗ ਨੇ। ਹਰ ਰੰਗ ਦਾ ਆਪਣਾ ਅਸਰ ਹੈ। ਜਿਵੇਂ ਗੁਲਦਸਤੇ ਵਿੱਚ ਵੱਖ ਵੱਖ ਫ਼ੁੱਲਾਂ ਦੇ ਰੰਗ ਉਸਦੀ ਪਹਿਚਾਣ ਬਣਦੇ ਹਨ। ਉਸੇ ਤਰ੍ਹਾਂ ਸਨੇਹ, ਸਹਿਯੋਗ ਤੇ ਏਕਾ ਜ਼ਿੰਦਗੀ ਦਾ ਗੁਲਦਸਤਾ ਹਨ ਜਿਸ ਵਿੱਚ ਰਿਸ਼ਤਿਆਂ ਦੀ ਸੁੱਚਮ ਹੈ। ਮੰਜ਼ਿਲਾਂ ਨੂੰ ਸਰ ਕਰਨ ਦਾ ਬਲ ਹੈ। ਹੱਕਾਂ ਹਿਤਾਂ ਦੇ ਸੰਘਰਸ਼ ਦੀ ਲੋਅ ਹੈ। ਸਫ਼ਲਤਾ ਵੱਲ ਜਾਂਦਾ ਰਾਹ ਹੈ।

# 5 ਜੀ: ਤਕਨੀਕ, ਖ਼ਦਸ਼ੇ ਅਤੇ ਤੱਥ



**ਹਰਜੀਤ ਸਿੰਘ**

ਕੋਈ ਨਵੀਂ ਤਕਨੀਕ ਜਦ ਆਉਂਦੀ ਹੈ, ਨਾਲ ਹੀ ਲੈ ਕੇ ਆਉਂਦੀ ਹੈ ਅਫ਼ਵਾਹਾਂ ਦੀ ਹਨੇਰੀ। ਭਾਖੜਾ ਡੈਮ ਬਣਨ ਵੇਲੇ ਅਫਵਾਹ ਉੱਡੀ ਸੀ ਕਿ ਪਾਣੀ 'ਚੋਂ ਬਿਜਲੀ ਕੱਢਣ ਤੋਂ ਬਾਅਦ 'ਚ ਬਚੇ "ਫੋਕੇ ਪਾਣੀ" ਨਾਲ ਫਸਲ ਨਹੀਂ ਉੱਗਣੀ। LHC (ਲਾਰਜ ਹੈਡਰੋਨ ਕੋਲਾਈਡਰ) ਚਾਲੂ ਹੋਣ ਤੋਂ ਪਹਿਲਾਂ ਅਫ਼ਵਾਹ ਉੱਡੀ ਸੀ ਕਿ ਇਸ ਦੇ ਚਾਲੂ ਹੋਣ 'ਤੇ ਬਲੈਕ ਹੋਲ ਬਣ ਜਾਵੇਗਾ। ਇਨ੍ਹਾਂ ਗੱਲਾਂ ਨੂੰ ਓਸ ਸਮੇਂ ਦੇ ਅਖ਼ਬਾਰਾਂ ਨੇ ਵੀ ਵਧਾ ਚੜ੍ਹਾ ਕੇ ਛਾਪਿਆ ਸੀ। ਤੇ ਹੁਣ ਜਦੋਂ ਦੁਨੀਆਂ 5ਜੀ ਲਈ ਤਿਆਰ ਹੋ ਰਹੀ ਹੈ ਤਾਂ ਅਫ਼ਵਾਹਾਂ ਦਾ ਬਜ਼ਾਰ ਇੱਕ ਵਾਰ ਫੇਰ ਗਰਮ ਹੈ। ਲੋਕ ਇਸਨੂੰ ਕੈਂਸਰ, ਕੋਰੋਨਾ ਅਤੇ ਪੰਛੀਆਂ ਦੇ ਮਰਨ ਨਾਲ ਜੋੜ ਕੇ ਦੇਖ ਰਹੇ ਹਨ। ਅਮਰੀਕਾ ਵਿੱਚ 5ਜੀ ਲਾਂਚ ਹੋਣ ਤੋਂ ਬਾਅਦ ਰੱਦ ਹੋਣ ਵਾਲੀਆਂ ਹਵਾਈ ਉਡਾਣਾਂ ਨੇ ਇਨ੍ਹਾਂ ਅਫਵਾਹਾਂ ਨੂੰ ਹੋਰ ਜ਼ਿਆਦਾ ਹਵਾ ਦਿੱਤੀ ਹੈ। ਇਹ ਗੱਲਾਂ ਸੱਚ ਹੋ ਵੀ ਸਕਦੀਆਂ ਨੇ ਤੇ ਨਹੀਂ ਵੀ। ਬਿਨ੍ਹਾਂ ਕਿਸੇ ਜਾਣਕਾਰੀ ਤੋਂ ਕਿਸੇ ਵੀ ਨਿਰਣੇ 'ਤੇ ਪਹੁੰਚਣਾ ਸਹੀ ਨਹੀਂ ਹੋਵੇਗਾ। ਇਸ ਲੇਖ ਦੇ ਵਿੱਚ ਅਸੀਂ 5ਜੀ ਬਾਰੇ ਜਾਣਕਾਰੀ ਲੈਣ ਦੀ ਕੋਸਿਸ਼ ਕਰਾਂਗੇ ਅਤੇ ਮੇਰੀ ਇਹ ਕੋਸ਼ਿਸ਼ ਹੋਵੇਗੀ ਕਿ ਕੋਈ ਫੈਸਲਾ ਸੁਣਾਉਣ ਦੀ ਬਜਾਏ ਪਾਠਕ ਨੂੰ ਏਨੀ ਕੁ ਜਾਣਕਾਰੀ ਦੇ ਸਕਾਂ ਕਿ ਉਹ ਪੜ੍ਹ ਕੇ ਖ਼ੁਦ ਕਿਸੇ ਸਿੱਟੇ 'ਤੇ ਪਹੁੰਚ ਸਕੇ।

**5 ਜੀ ਕੀ ਹੈ ?**

ਕਿਸੇ ਵੀ ਕਿਸਮ ਦੇ ਮੋਬਾਈਲ ਨੈੱਟਵਰਕ ਨੂੰ ਬਿਜਲ-ਚੁੰਬਕੀ (Electromagnetic) ਤਰੰਗਾਂ ਦੀ ਲੋੜ ਪੈਂਦੀ ਹੈ। ਜਿਹੜੀਆਂ ਤਰੰਗਾਂ ਡਾਟਾ ਟਰਾਂਸਫਰ ਲਈ ਵਰਤੀਆਂ ਜਾਂਦੀਆਂ ਹਨ, ਉਹਨਾਂ ਨੂੰ ਰੇਡੀਓ ਤਰੰਗਾਂ ਕਹਿੰਦੇ ਹਨ। ਇਹ ਤਰੰਗਾਂ 3 ਕਿੱਲੋ ਹਰਟਜ ਤੋਂ 300 ਗੀਗਾ ਹਰਟਜ ਦੀ ਫ਼੍ਰੀਕੁਐਂਸੀ ਦੀਆਂ ਹੁੰਦੀਆਂ ਹਨ। ਇਹਨਾਂ ਤਰੰਗਾਂ ਨੂੰ ਡਾਟਾ ਟਰਾਂਸਫਰ ਸਪੀਡ ਦੇ ਅਧਾਰ 'ਤੇ ਜਨਰੇਸ਼ਨਜ਼ ਚ ਵੰਡਿਆ ਗਿਆ ਹੈ। 5ਜੀ ਪੰਜਵੀਂ ਪੀੜ੍ਹੀ ਦੀ ਬਿਜਲ ਚੁੰਬਕੀ ਤਰੰਗ ਹੈ। ਇਸ ਵਿੱਚ G ਅੱਖਰ ਦਾ ਮਤਲਬ ਜਨਰੇਸ਼ਨ ਜਾਂ ਪੀੜ੍ਹੀ ਹੈ। ਇਸ ਤੋਂ ਪਹਿਲਾਂ 1ਜੀ ਤੋਂ 4ਜੀ ਨੈੱਟਵਰਕ ਦੀਆਂ ਚਾਰ ਪੀੜ੍ਹੀਆਂ ਨੂੰ ਅਸੀਂ ਸਾਰਿਆਂ ਨੇ ਵਰਤਿਆ ਹੈ।

ਪਹਿਲੀ ਜਨਰੇਸ਼ਨ ਦੀ ਘੱਟ ਸਪੀਡ ਦਾ ਕਾਰਨ ਇਹਨਾਂ ਦੀ ਘੱਟ ਫ਼੍ਰੀਕੁਐਂਸੀ ਹੈ। ਜਿੰਨੀ ਘੱਟ ਫ਼੍ਰੀਕੁਐਂਸੀ ਓਨੀ ਘੱਟ ਸਪੀਡ। 5G ਹੁਣ ਤੱਕ ਦਾ ਸਭ ਤੋਂ ਵੱਧ ਫ਼੍ਰੀਕੁਐਂਸੀ ਵਾਲਾ ਸਪੈਕਟ੍ਰਮ ਹੈ, ਇਸ ਲਈ ਸਭ ਤੋਂ ਵੱਧ ਤੇਜ਼ ਡਾਟਾ ਟਰਾਂਸਫਰ ਕਰ ਸਕਦਾ ਹੈ। ਇੰਨੀ ਜ਼ਿਆਦਾ ਸਪੀਡ ਬਹੁਤ ਕੁੱਝ ਬਦਲ ਦੇਵੇਗੀ। ਤੇਜ਼ ਇੰਟਰਨੈਟ ਨਾਲ ਹਰ ਮਸ਼ੀਨ ਬੋਲਣ ਲੱਗੇਗੀ, ਗੱਲਾਂ ਕਰੇਗੀ, ਕਾਰ ਬਿਨ੍ਹਾਂ ਡਰਾਈਵਰ ਤੋਂ ਚੱਲ ਸਕੇਗੀ, ਤੁਹਾਡਾ ਫਰਿੱਜ ਤੁਹਾਨੂੰ ਦੱਸੇਗਾ ਕਿ ਸਬਜ਼ੀ/ਦੁੱਧ ਖਤਮ ਹੈ, ਮਾਇਕਰੋਵੇਵ ਪਾਣੀ ਉਬਲਣ ਤੋਂ ਪਹਿਲਾਂ ਬੰਦ ਹੋ ਜਾਏਗਾ। ਪ੍ਰਿੰਟਰ ਸਿਰਫ਼ ਕਾਗਜ ਨਹੀਂ ਸਗੋਂ ਚੀਜ਼ਾਂ ਵੀ ਬਣਾ ਦਿਆ ਕਰਨਗੇ, ਇਹ ਰੋਬੋਟ ਵਰਗੇ ਦਿਸਣਗੇ। ਵੀਡੀਓ ਕਾਲ 3ਡੀ ਹੋ ਜਾਏਗੀ ਬਿਲਕੁਲ ਜਿਵੇਂ ਸਿਨੇਮੇ ਵਿੱਚ ਫਿਲਮ ਵੇਖਦੇ ਹੋ 3ਡੀ ਵਿੱਚ। ਹੋਰ ਵੀ ਕਿੰਨਾ ਕੁੱਝ ਬਦਲ ਜਾਏਗਾ। ਪ੍ਰੰਤੂ ਜਿੰਨੀ ਜਿਆਦਾ ਫ਼੍ਰੀਕੁਐਂਸੀ ਓਨਾ ਨਜ਼ਦੀਕ ਟਾਵਰ , ਇੰਝ 5ਜੀ ਦੇ ਟਾਵਰ ਬਹੁਤ ਨੇੜੇ ਨੇੜੇ ਹੋਣਗੇ ਕਿਉਂਕਿ ਇਹ ਕੰਧਾਂ ਤੇ ਹੋਰ ਰੁਕਾਵਟਾਂ ਨੂੰ ਪਾਰ ਨਹੀਂ ਕਰ ਸਕਦੀ। ਬਿਲਕੁਲ ਉਵੇਂ ਜਿਵੇਂ ਵਾਈ ਫਾਈ ਦੀ ਰੇਂਜ਼ ਖਤਮ ਹੋ ਜਾਂਦੀ ਹੈ।

**ਬਿਜਲਚੁੰਬਕੀ ਰੇਡੀਏਸ਼ਨ ਦੀਆਂ ਕਿਸਮਾਂ:**

ਬਿਜਲਚੁੰਬਕੀ ਰੇਡੀਏਸ਼ਨ ਨੂੰ ਵਿਆਪਕ ਰੂਪ ਵਿੱਚ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ: ਆਇਓਨਾਈਜ਼ਿੰਗ ਅਤੇ ਨਾਨ-ਆਇਓਨਾਈਜ਼ਿੰਗ ਰੇਡੀਏਸ਼ਨ। ਆਇਓਨਾਈਜ਼ੇਸ਼ਨ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਇੱਕ ਪਰਮਾਣੂ ਜਾਂ ਅਣੂ ਇਲੈਕਟ੍ਰੌਨ ਪ੍ਰਾਪਤ ਕਰਕੇ ਜਾਂ ਗੁਆ ਕੇ ਰਿਣਾਤਮਕ ਜਾਂ ਧਨਾਤਮਕ ਚਾਰਜ ਪ੍ਰਾਪਤ ਕਰਦਾ ਹੈ ਅਤੇ ਨਤੀਜੇ ਵਜੋਂ ਚਾਰਜ ਹੋਏ ਪਰਮਾਣੂ ਜਾਂ ਅਣੂ ਨੂੰ ਆਇਨ ਕਿਹਾ ਜਾਂਦਾ ਹੈ। ਨਾਨ-ਆਇਓਨਾਈਜ਼ਿੰਗ ਰੇਡੀਏਸ਼ਨ ਪਰਮਾਣੂਆਂ ਜਾਂ ਅਣੂਆਂ ਨੂੰ ਆਇਓਨਾਈਜ ਕਰਨ ਲਈ ਲੋੜੀਂਦੀ ਊਰਜਾ ਨਹੀਂ ਦਿੰਦੀ। ਰੇਡੀਓ ਤਰੰਗਾਂ ਅਤੇ ਮਾਈਕਰੋ ਤਰੰਗਾਂ ਇਸ ਸ਼੍ਰੇਣੀ ਵਿੱਚ ਆਉਂਦੀਆਂ ਨੇ। ਆਇਓਨਾਈਜ਼ਿੰਗ ਰੇਡੀਏਸ਼ਨ ਉਹ ਬਿਜਲਚੁੰਬਕੀ ਰੇਡੀਏਸ਼ਨ ਹੁੰਦੀ ਹੈ ਜਿਸ ਵਿੱਚ ਇਲੈਕਟ੍ਰੌਨਾਂ ਨੂੰ ਅਲੱਗ ਕਰਕੇ ਪਰਮਾਣੂਆਂ ਜਾਂ ਅਣੂਆਂ ਨੂੰ ਆਇਨਾਈਜ਼ ਕਰਨ ਲਈ ਲੋੜੀਂਦੀ ਊਰਜਾ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਐਕਸ ਰੇਜ਼ ਅਤੇ ਗਾਮਾ ਰੇਜ਼।

**ਆਇਨਾਈਜ਼ਿੰਗ ਰੇਡੀਏਸ਼ਨ ਦੇ ਮਨੁੱਖੀ ਸਰੀਰ 'ਤੇ ਦੋ ਤਰ੍ਹਾਂ ਦੇ ਪ੍ਰਭਾਵ ਹੁੰਦੇ ਹਨ:**

*** ਸਟੋਕੈਸਟਿਕ (Stochastic)/ਸੰਭਾਵੀ ਪ੍ਰਭਾਵ:**

ਇਹ ਪ੍ਰਭਾਵ ਸੰਭਾਵੀ ਹੁੰਦੇ ਹਨ ਅਤੇ ਘੱਟ ਰੇਡੀਏਸ਼ਨ

ਡੋਜ਼ 'ਤੇ ਦੇਖਣ ਨੂੰ ਮਿਲਦੇ ਹਨ। ਇਹਨਾਂ ਪ੍ਰਭਾਵਾਂ ਲਈ ਕੋਈ ਘੱਟੋ-ਘੱਟ ਡੋਜ਼ ਨਹੀਂ ਹੁੰਦੀ ਅਤੇ ਡੋਜ਼ ਦੇ ਵਧਣ ਨਾਲ ਪ੍ਰਭਾਵ ਦੀ ਸੰਭਾਵਨਾ ਵਧਦੀ ਹੈ। ਉਦਾਹਰਣ ਵਜੋਂ ਕੈਂਸਰ ਇੱਕ Stochastic ਪ੍ਰਭਾਵ ਹੈ ਅਤੇ ਰੇਡੀਏਸ਼ਨ ਡੋਜ਼ ਦੀ ਕਿਸੇ ਵੀ ਮਾਤਰਾ 'ਤੇ ਕੈਂਸਰ ਦੇ ਹੋਣ ਦੀ ਸੰਭਾਵਨਾ ਹੁੰਦੀ ਹੈ ਜੋ ਕਿ ਡੋਜ਼ ਦੇ ਵਧਣ ਨਾਲ ਵਧਦੀ ਹੈ, ਪਰ ਕਿਸੇ ਵਿਅਕਤੀ ਨੂੰ ਕਿਸੇ ਖਾਸ ਰੇਡੀਏਸ਼ਨ ਡੋਜ਼ 'ਤੇ ਕੈਂਸਰ ਹੋਵੇਗਾ ਜਾਂ ਨਹੀਂ, ਇਹ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ।

**ਨਿਰਣਾਇਕ (Deterministic) ਪ੍ਰਭਾਵ:** ਇਹਨਾਂ ਪ੍ਰਭਾਵਾਂ ਨੂੰ ਇੱਕ ਖਾਸ ਘੱਟੋ ਘੱਟ ਡੋਜ਼ ਤੋਂ ਬਾਅਦ ਹੀ ਦੇਖਿਆ ਜਾਂਦਾ ਹੈ। ਉਦਾਹਰਣ ਵਜੋਂ ਰੇਡੀਏਸ਼ਨ ਕਰਕੇ ਚਮੜੀ ਮੱਚਣਾ ਇਕ ਨਿਰਣਾਇਕ ਪ੍ਰਭਾਵ ਹੈ ਜੋ ਕਿ ਤਕਰੀਬਨ 2Gy ਰੇਡੀਏਸ਼ਨ ਡੋਜ਼ ਤੋਂ ਬਾਅਦ ਹੀ ਦੇਖਣ ਨੂੰ ਮਿਲਦੇ ਹਨ।

**ਕੀ ਇਹ ਖ਼ਤਰਨਾਕ ਹੈ ?**

ਫ੍ਰੀਕੁਐਂਸੀ ਦੇ ਵਧਣ ਨਾਲ ਤਰੰਗ ਇੱਕ ਸੈਕਿੰਡ ਵਿੱਚ ਜ਼ਿਆਦਾ ਵਾਰ ਉੱਤੇ-ਥੱਲ੍ਹੇ ਹੁੰਦੀ ਹੈ ਜਾਂ ਸੁੰਗੜ ਜਾਂਦੀ ਹੈ। ਇਸ ਨਾਲ ਅਸੀਂ ਇੱਕ ਸੈਕਿੰਡ ਵਿੱਚ ਇਸਦਾ ਜਿਆਦਾ ਹਿੱਸਾ ਪ੍ਰਾਪਤ ਕਰਦੇ ਹਾਂ ਅਤੇ ਸਾਡੇ ਵੱਲੋਂ ਇੱਕ ਸੈਕਿੰਡ ਵਿੱਚ ਪ੍ਰਾਪਤ ਕੀਤੀ ਜਾਂਦੀ ਊਰਜਾ ਵੀ ਵਧ ਜਾਂਦੀ ਹੈ। ਇਹ ਕਿਸੇ ਤਰੰਗ ਦੀ ਊਰਜਾ ਹੀ ਹੈ ਜਿਹੜੀ ਉਸ ਨੂੰ ਖ਼ਤਰਨਾਕ ਜਾਂ ਸੁਰੱਖਿਅਤ ਬਣਾਉਂਦੀ ਹੈ। ਜਿੰਨੀ ਕਿਸੇ ਤਰੰਗ ਦੀ ਫ੍ਰੀਕੁਐਂਸੀ ਜ਼ਿਆਦਾ ਹੁੰਦੀ ਹੈ, ਓਨੀ ਹੀ ਉਸਦੀ ਊਰਜਾ ਵੀ ਜ਼ਿਆਦਾ ਹੁੰਦੀ ਹੈ ਅਤੇ ਫ੍ਰੀਕੁਐਂਸੀ ਘਟਣ ਨਾਲ ਇਹ ਊਰਜਾ ਵੀ ਘਟ ਜਾਂਦੀ ਹੈ। ਇਸ ਲਈ ਜਿਆਦਾ ਫ੍ਰੀਕੁਐਂਸੀ ਵਾਲੀਆਂ ਤਰੰਗਾਂ ਖਤਰਨਾਕ ਹੁੰਦੀਆਂ ਹਨ ਅਤੇ ਘੱਟ ਫ੍ਰੀਕੁਐਂਸੀ ਵਾਲੀਆਂ ਤਰੰਗਾਂ ਆਮ ਤੌਰ 'ਤੇ ਖ਼ਤਰਨਾਕ ਨਹੀਂ ਹੁੰਦੀਆਂ। 300 ਗੀਗਾ ਹਰਟਜ ਤੋਂ ਜ਼ਿਆਦਾ ਫ੍ਰੀਕੁਐਂਸੀ ਦੀਆਂ ਬਿਜਲ-ਚੁੰਬਕੀ ਤਰੰਗਾਂ ਵਿੱਚ ਆਇਨ ਬਣਾਉਣ ਦੀ ਸਮਰੱਥਾ ਹੁੰਦੀ ਹੈ। ਇਸ ਲਈ ਇਹ ਸਿਹਤ ਲਈ ਖ਼ਤਰਨਾਕ ਹੁੰਦੀਆਂ ਹਨ। ਰੇਡੀਓ ਤਰੰਗਾਂ ਦੀ ਫ੍ਰੀਕੁਐਂਸੀ 3 ਕਿੱਲੋ ਤੋਂ 300 ਗੀਗਾ ਹਰਟਜ਼ ਹੁੰਦੀ ਹੈ। ਇਸ ਲਈ ਆਮ ਤੌਰ 'ਤੇ ਰੇਡੀਓ ਤਰੰਗਾਂ ਖਤਰਨਾਕ ਨਹੀਂ ਹੁੰਦੀਆਂ।

ਅੱਜ ਕੱਲ੍ਹ ਚੱਲ ਰਹੇ 4ਜੀ ਨੈੱਟਵਰਕ ਦੀਆਂ ਰੇਡੀਓ ਤਰੰਗਾਂ ਦੀ ਫ੍ਰੀਕੁਐਂਸੀ 2-8 ਗੀਗਾ ਹਰਟਜ ਹੈ, ਇਸ 4ਜੀ ਤੋਂ ਸਾਡੀ ਸਿਹਤ ਨੂੰ ਕੋਈ ਖਤਰਾ ਨਹੀਂ ਹੈ। 5ਜੀ ਦੀ ਫ੍ਰੀਕੁਐਂਸੀ 3 ਤੋਂ 300 ਗੀਗਾ ਹਰਟਜ ਹੈ ਜਿਹੜੀ ਕਿ ਖਤਰਨਾਕ ਸੀਮਾ ਨੂੰ ਪਾਰ ਨਹੀਂ ਕਰਦੀ। ਨਾਲ ਹੀ, ਚਾਹੇ 5ਜੀ ਦੀ ਫ੍ਰੀਕੁਐਂਸੀ 4ਜੀ ਨਾਲੋਂ ਕਰੀਬ 30-40 ਗੁਣਾ ਤੱਕ ਵੱਧ ਹੈ, ਪਰ ਐਨੇ 'ਚ ਹੀ ਇਹ 100 ਗੁਣਾ ਵਧਦਾ ਕੁਨੈਕਸ਼ਨ ਦੇ ਸਕਦੀ ਹੈ। ਕੁੱਲ ਰੇਡੀਏਸ਼ਨ ਕਰੀਬ ਕਰੀਬ ਓਨੀ ਹੀ ਰਹੇਗੀ।

ਮੋਬਾਈਲ ਰੇਡੀਏਸ਼ਨ ਤੋਂ ਇਲਾਵਾ ਵੀ ਰੇਡੀਏਸ਼ਨ ਦੇ ਕਈ ਸ੍ਰੋਤ ਹਨ। ਕੀ ਤੁਸੀਂ ਜਾਣਦੇ ਹੋ ਕਿ ਸਾਡਾ ਸਰੀਰ 80 ਵਾਟ ਬੱਲਬ ਦੀ ਤਰ੍ਹਾਂ ਨਾਨ-ਆਇਓਨਾਈਜ਼ਿੰਗ ਪਰਾਲਾਲ (ਇਨਫਰਾਰੈੱਡ) ਰੇਡੀਏਸ਼ਨ ਛੱਡਦਾ ਹੈ। ਜਦੋਂ ਤੁਸੀਂ ਆਪਣੇ ਦੋਸਤ ਨੂੰ ਜੱਫੀ ਪਾਉਂਦੇ ਹੋਂ, ਤੁਸੀਂ ਇੱਕ 5G ਟਾਵਰ ਤੋਂ ਕਈ ਗੁਣਾ ਜ਼ਿਆਦਾ ਨਾਨ-ਆਇਓਨਾਈਜ਼ਿੰਗ ਰੇਡੀਏਸ਼ਨ ਮਹਿਸੂਸ ਕਰਦੇ ਹੋ। ਸਾਰੇ ਬ੍ਰਹਿਮੰਡ ਵਿੱਚ 0.3 ਤੋਂ 300 ਗੀਗਾ ਹਰਟਜ ਦੀ ਰੇਡੀਏਸ਼ਨ ਹੈ ਜਿਸਨੂੰ Cosmic Microwave Background Radiation ਕਹਿੰਦੇ ਹਨ। ਇਸ ਦੀ ਫ੍ਰੀਕੁਐਂਸੀ 5G ਨੂੰ ਵੀ Cover ਕਰਦੀ ਹੈ। ਜੇ ਇਹ ਖ਼ਤਰਨਾਕ ਹੁੰਦੀ ਤਾਂ ਸਾਡੇ ਵਿੱਚੋਂ ਕੋਈ ਜ਼ਿੰਦਾ ਨਹੀਂ ਹੋਣਾ ਸੀ। ਕੇਲੇ ਵਿੱਚ ਕੁਦਰਤੀ ਤੌਰ 'ਤੇ ਪੋਟਾਸ਼ੀਅਮ ਦਾ ਰੇਡੀਓਐਕਟਿਵ ਆਈਸੋਟੋਪ ਪੋਟਾਸ਼ੀਅਮ-40 ਹੁੰਦਾ ਹੈ ਜਿਸਨੂੰ ਅਸੀਂ ਖਾਂਦੇ ਹਾਂ ਅਤੇ ਇਹ ਸਰੀਰ ਨੂੰ ਰੇਡੀਏਸ਼ਨ ਡੋਜ਼ ਦਿੰਦਾ ਹੈ।

ਬਿਜਲ-ਚੁੰਬਕੀ ਤਰੰਗਾਂ ਦੇ ਸਾਡੀ ਸਿਹਤ 'ਤੇ ਮੁੱਖ ਤੌਰ 'ਤੇ ਦੋ ਪ੍ਰਭਾਵ ਹੋ ਸਕਦੇ ਹਨ: ਬਾਹਰੀ ਚਮੜੀ ਦੇ ਟਿਸ਼ੂਆਂ ਦਾ ਮੱਚ ਜਾਣਾ ਜਾਂ ਕੈਂਸਰ। ਰੇਡੀਓ ਵਿਕਿਰਣਾਂ ਦਾ ਜਿਆਦਾ ਤੋਂ ਜ਼ਿਆਦਾ ਨੁਕਸਾਨ ਸਰੀਰ ਦੇ ਟਿਸ਼ੂਆਂ ਦਾ ਗਰਮ ਹੋ ਕੇ ਮੱਚ ਜਾਣਾ ਹੈ। ਰੇਡੀਓ ਤਰੰਗਾਂ ਸਰੀਰ ਵਿੱਚ ਦਾਖਲ ਹੋ ਕੇ ਸਰੀਰ ਦੇ ਟਿਸ਼ੂਆਂ ਦੇ ਅਣੂਆਂ ਤੇ ਪ੍ਰਮਾਣੂਆਂ ਵਿੱਚ ਕੰਪਨ ਪੈਦਾ ਕਰ ਸਕਦੀਆਂ ਹਨ। ਇਸ ਕੰਪਨ ਨਾਲ ਗਰਮੀ ਪੈਦਾ ਹੁੰਦੀ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਸਾਡੇ ਸਰੀਰ ਅੰਦਰ ਬਹੁਤ ਸਾਰੀਆਂ ਕਿਰਿਆਵਾਂ ਤੋਂ ਗਰਮੀ ਪੈਦਾ ਹੁੰਦੀ ਹੈ ਅਤੇ ਸਾਡਾ ਸਰੀਰ ਇੱਕ ਪੱਧਰ ਤੱਕ ਤਾਪਮਾਨ ਨੂੰ ਕੰਟਰੋਲ ਕਰ ਸਕਦਾ ਹੈ। ਹੁਣ ਤੱਕ ਹੋਏ ਅਧਿਐਨ ਵਿੱਚ ਤਰੰਗਾਂ ਦਾ ਲੰਬੇ ਸਮੇਂ ਤੱਕ ਰਹਿਣ ਵਾਲਾ ਕੋਈ ਪ੍ਰਭਾਵ ਦਰਜ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਕਿਸੇ ਵੀ ਅਧਿਐਨ ਵਿੱਚ ਰੇਡੀਓ ਤਰੰਗਾਂ ਦਾ ਸਿਰ ਦਰਦ, ਦਿਲ, ਦਿਮਾਗ, ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਅਤੇ ਨੀਂਦ 'ਤੇ ਕੋਈ ਪ੍ਰਭਾਵ ਨਹੀਂ ਵੇਖਿਆ ਗਿਆ। ਪਰ ਕੁਝ ਅਧਿਐਨਾਂ ਨੇ ਇਹ ਦਰਸਾਇਆ ਹੈ ਕਿ ਰੇਡੀਓ ਵਿਕਿਰਣਾਂ ਦਿਮਾਗ ਵਿੱਚ ਕੁੱਝ ਖਾਸ ਟਿਊਮਰਾਂ ਦੇ ਬਣਨ ਦੀ ਸੰਭਾਵਨਾ ਨੂੰ ਵਧਾ ਸਕਦੀਆਂ ਹਨ। ਇਹਨਾਂ ਖ਼ਦਸ਼ਿਆਂ ਦੀ ਪੁਸ਼ਟੀ ਕਰਨ ਲਈ ਕੰਨ ਨਾਲ ਜ਼ਿਆਦਾ ਫ਼ੋਨ ਲਗਾ ਕੇ ਰੱਖਣ ਵਾਲੇ ਲੋਕਾਂ 'ਤੇ ਅਧਿਐਨ ਕੀਤੇ ਗਏ ਪਰ ਇਹਨਾਂ ਵਿੱਚੋਂ ਕਿਸੇ ਵੀ ਅਧਿਐਨ ਵਿੱਚ ਅਜਿਹਾ ਪ੍ਰਭਾਵ ਨਹੀਂ ਦਰਜ ਕੀਤਾ ਗਿਆ।

ਕੈਂਸਰ ਦੀ ਗੱਲ ਕਰੀਏ ਤਾਂ ਇਹ ਇੱਕਦਮ ਹੋਣ ਵਾਲੀ ਬਿਮਾਰੀ ਨਹੀਂ ਹੈ ਬਲਕਿ ਇਹ ਸਰੀਰ ਵਿੱਚ ਹੌਲੀ-ਹੌਲੀ ਪਣਪਦਾ ਹੈ। ਹੁਣ ਅਸੀਂ ਜ਼ਿਆਦਾ ਆਵਿਰਤੀ ਵਾਲੀਆਂ ਰੇਡੀਓ ਤਰੰਗਾਂ ਵਿੱਚ ਲਗਪਗ 20 ਸਾਲਾਂ ਤੋਂ ਰਹਿ ਰਹੇ ਹਾਂ। ਦੁਨੀਆਂ ਦੀ ਕੈਂਸਰ 'ਤੇ ਬਣੀ ਸਭ ਤੋਂ ਵੱਡੀ ਸੰਸਥਾ IARC ਨੇ ਮੋਬਾਇਲ ਫੋਨਾਂ ਦੀ ਵਰਤੋਂ ਅਤੇ ਦਿਮਾਗ ਦੇ ਕੈਂਸਰ ਵਿਚਕਾਰ ਕੋਈ ਸੰਬੰਧ ਬਾਰੇ ਅੱਜ ਤੱਕ ਦਾ ਸਭ ਤੋਂ ਵੱਡਾ ਅਧਿਐਨ ਕੀਤਾ। ਇਸ ਅਧਿਐਨ ਵਿੱਚ 13 ਦੇਸ਼ਾਂ ਦੇ ਪਿਛਲੇ 10 ਸਾਲਾਂ ਤੋਂ ਜਿਆਦਾ ਫ਼ੋਨ ਵਰਤ ਰਹੇ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ। ਅਧਿਐਨ ਦੇ ਐਨੇ ਵੱਡੇ ਪੱਧਰ ਦੇ ਹੋਣ ਦੇ ਬਾਵਜੂਦ ਵੀ ਇਸ ਵਿੱਚ ਕੈਂਸਰ ਦਾ ਕੋਈ ਠੋਸ ਸਬੂਤ ਨਹੀਂ ਪਾਇਆ ਗਿਆ। ਇਸ ਅਧਿਐਨ ਦੀ ਸੀਮਾ ਹੈ ਕਿ ਇਸ ਵਿੱਚ 15 ਸਾਲਾਂ ਦਾ ਡਾਟਾ ਹੀ ਵਰਤਿਆ ਗਿਆ ਹੈ ਕਿਉਂਕਿ ਲਗਪਗ ਐਨੇ ਸਾਲਾਂ ਤੋਂ ਹੀ ਜ਼ਿਆਦਾ ਆਵਿਰਤੀ ਵਾਲੇ ਮੋਬਾਇਲ ਫੋਨਾਂ ਦੀ ਵਰਤੋਂ ਹੋ ਰਹੀ ਹੈ। ਇਸ ਲਈ ਇਸ ਅਧਿਐਨ ਦੇ ਦੁਬਾਰਾ ਭਵਿੱਖ ਵਿੱਚ ਹੋਰ ਜ਼ਿਆਦਾ ਸ਼ੁੱਧਤਾ ਨਾਲ ਕੀਤੇ ਜਾਣ ਦੀ ਉਮੀਦ ਹੈ। ਪਰ ਓਨੇ ਸਮੇਂ ਲਈ ਰੇਡੀਓ ਤਰੰਗਾਂ ਨੂੰ ਸੰਭਾਵਿਤ ਕੈਂਸਰੀ ਕਾਰਕਾਂ ਵਿੱਚ ਰੱਖਿਆ ਗਿਆ ਹੈ।

5ਜੀ ਲਈ ਬੇਸ ਐਨਟੀਨੇ ਜ਼ਿਆਦਾ ਲਗਾਏ ਜਾਣਗੇ ਜਿਸ ਕਾਰਨ ਵੀ ਲੋਕਾਂ ਵਿੱਚ ਡਰ ਬਣਿਆ ਹੋਇਆ ਹੈ। ਪਰ ਐਨਟੀਨਿਆਂ ਦੀ ਗਿਣਤੀ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਹੀ ਵਧਾਈ ਗਈ ਹੈ। ਜੇ ਪੂਰੇ ਪੰਜਾਬ ਵਿੱਚ 5ਜੀ ਦਾ ਇੱਕ ਐਨਟੀਨਾ ਲਗਾਇਆ ਜਾਂਦਾ ਹੈ ਤਾਂ ਪੂਰੇ ਪੰਜਾਬ ਦੇ ਕੋਨੇ-ਕੋਨੇ ਤੱਕ ਡਾਟਾ ਪਹੁੰਚਾਉਣ ਲਈ ਆਵਿਰਤੀ ਅਤੇ ਇਸਦੀ ਮਜਬੂਤੀ ਨੂੰ ਜ਼ਿਆਦਾ ਰੱਖਣਾ ਪਵੇਗਾ ਅਤੇ ਇਸ ਲਈ ਘੱਟੋ-ਘੱਟ ਐਕਸ ਤਰੰਗਾਂ ਤਾਂ ਵਰਤਣੀਆਂ ਹੀ ਪੈਣਗੀਆਂ। ਅਜਿਹਾ ਕਰਨ ਨਾਲ ਐਨਟੀਨੇ ਦੇ ਨੇੜੇ ਰਹਿਣ ਵਾਲੇ ਜਿਲ੍ਹੇ ਕੈਂਸਰ ਤੇ ਹੋਰਨਾਂ ਬਿਮਾਰੀਆਂ ਦਾ ਸ਼ਿਕਾਰ 100% ਹੋਣਗੇ। ਇਸ ਲਈ ਐਨਟੀਨਿਆਂ ਦੀ ਗਿਣਤੀ 4ਜੀ ਤੋਂ ਵੀ ਵਧਾਈ ਗਈ ਹੈ ਤਾਂ ਕਿ ਇੱਕ ਐਨਟੀਨਾ ਥੋੜ੍ਹੇ ਖੇਤਰ ਵਿੱਚ ਘੱਟ ਮਜਬੂਤੀ ਦੀਆਂ ਰੇਡੀਓ ਤਰੰਗਾਂ ਛੱਡੇ ਅਤੇ ਇਹ ਤਰੰਗਾਂ ਉਸ ਖੇਤਰ ਦੇ ਲੋਕਾਂ ਲਈ 5ਜੀ ਦੀ ਸੁਵਿਧਾ ਪ੍ਰਦਾਨ ਕਰਨ ਵਾਸਤੇ ਕਾਫ਼ੀ ਹੋਣ।

ਸੋ ਇਸ ਲੇਖ ਵਿੱਚ ਅਸੀਂ 5ਜੀ ਦੀ ਤਕਨੀਕ, ਇਸਦੇ ਬਾਰੇ ਚਲਦੀਆਂ ਅਫ਼ਵਾਹਾਂ ਅਤੇ ਵਿਗਿਆਨਕ ਤੱਥ ਪੇਸ਼ ਕੀਤੇ ਹਨ। ਉਮੀਦ ਹੈ ਕਿ ਤੁਸੀਂ ਇਹ ਲੇਖ ਪੜ੍ਹਨ ਤੋਂ ਬਾਅਦ ਆਜ਼ਾਦ ਨਿਰਣੇ 'ਤੇ ਪਹੁੰਚ ਸਕੋਗੇ ਕਿ 5ਜੀ ਸਾਡੇ ਲਈ ਨੁਕਸਾਨਦੇਹ ਹੈ ਕਿ ਨਹੀਂ।

**ਵਿਗਿਆਨੀ -ਇਸਰੋ (ISRO), ਤ੍ਰਿਵੇਂਦ੍ਰਮ 99957 65095**

## ਦਿਨ...ਜੋ ਇਤਿਹਾਸ ਬਣੇ

7 ਨਵੰਬਰ : ਮਹਾਨ ਰੂਸੀ ਇਨਕਲਾਬ (1917)
8 ਨਵੰਬਰ : ਐਕਸਰੇ ਦੀ ਖੋਜ (1896)
14 ਨਵੰਬਰ : ਬਾਲ ਦਿਵਸ
16 ਨਵੰਬਰ : ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਛੇ ਹੋਰ ਸਾਥੀਆਂ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਫਾਂਸੀ (1915)
28 ਨਵੰਬਰ : ਜਨਮ ਦਿਨ (ਫਰੈਡਰਿਕ ਏਂਗਲਜ) 1820 (ਕਾਰਲ ਮਾਰਕਸ ਦਾ ਸਾਥੀ)
1 ਦਸੰਬਰ : ਵਿਸ਼ਵ ਏਡਜ ਦਿਵਸ
2 ਦਸੰਬਰ : ਕੌਮੀ ਪ੍ਰਦਸ਼ਣ ਰੋਕੂ ਦਿਵਸ
3 ਦਸੰਬਰ : ਵਿਸ਼ਵ ਅਪਾਹਜ ਦਿਵਸ
3 ਦਸੰਬਰ : ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)
9 ਦਸੰਬਰ : ਭ੍ਰਿਸ਼ਟਾਚਾਰ ਵਿਰੋਧੀ ਦਿਵਸ
10 ਦਸੰਬਰ : ਮਨੁੱਖੀ ਅਧਿਕਾਰ ਦਿਵਸ
14 ਦਸੰਬਰ : ਕੌਮੀ ਊਰਜਾ ਬਚਾਉ ਦਿਵਸ
17 ਦਸੰਬਰ : ਭਗਤ ਸਿੰਘ ਅਤੇ ਰਾਜਗੁਰੂ ਵੱਲੋਂ ਸਾਂਡਰਸ ਦਾ ਕਤਲ (1929)
17 ਦਸੰਬਰ : ਕਾਕੋਰੀ ਸ਼ਹੀਦ ਰਾਜੇਂਦ੍ਰ ਲਾਹਿੜੀ ਨੂੰ ਫਾਂਸੀ (1927)
19 ਦਸੰਬਰ : ਸ਼ਹੀਦ ਰਾਮ ਪ੍ਰਸਾਦ ਬਿਸਮਿਲ, ਅਸ਼ਫ਼ਾਕ ਉੱਲਾ, ਰੌਸ਼ਨ ਸਿੰਘ ਨੂੰ ਕਾਕੋਰੀ ਟ੍ਰੇਨ ਡਕੈਤੀ ਕਾਂਡ ਵਿਚ ਫਾਂਸੀ ਦਿੱਤੀ (1927)
22 ਦਸੰਬਰ : ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887)
26 ਦਸੰਬਰ : ਜਨਮ (ਸ਼ਹੀਦ ਊਧਮ ਸਿੰਘ) (1899)
26 ਦਸੰਬਰ : ਜਨਮ (ਮਾਓ ਜ਼ੇ ਤੁੰਗ) (1893)

**ਸ਼ੋਕ ਮਤਾ -** ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਠਿੰਡਾ ਦੇ ਜਥੇਬੰਦਕ ਮੁਖੀ ਬਲਰਾਜ ਮੌੜ ਦੇ ਪਿਤਾ ਸੁਖਦੇਵ ਸਿੰਘ ਮੌੜ ਜੀ ਦੇ ਦਿਹਾਂਤ ਉਪਰੰਤ ਉਨ੍ਹਾਂ ਦਾ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਏਮਜ਼ ਬਠਿੰਡਾ ਨੂੰ ਸੌਂਪਿਆ ਗਿਆ। ਵਰਣਨਯੋਗ ਹੈ ਕਿ ਇਸ ਤੋਂ ਇੱਕ ਮਹੀਨਾ ਪਹਿਲਾਂ ਉਨ੍ਹਾਂ ਦੀ ਮਾਤਾ ਗੁਰਨਾਮ ਕੌਰ ਜੀ ਦੀ ਮ੍ਰਿਤਕ ਦੇਹ ਵੀ ਏਮਜ਼ ਬਠਿੰਡਾ ਨੂੰ ਹੀ ਭੇਟ ਕੀਤੀ ਗਈ ਸੀ। ਸੂਬਾ ਆਗੂ ਜੋਗਿੰਦਰ ਕੁੱਲੇਵਾਲ ਜੀ ਦੇ ਪਿਤਾ ਕੈਪਟਨ ਨਿਰੰਜਣ ਸਿੰਘ ਜੀ ਦੀ ਮੌਤ ਉਪਰੰਤ ਉਹਨਾਂ ਦੇ ਸਤਿਕਾਰ ਸਮਾਗਮ 'ਤੇ ਵਿਲੱਖਣ ਤਰਕਸ਼ੀਲ ਸਮਾਗਮ ਕੀਤਾ ਗਿਆ। ਇਕਾਈ ਭੀਖੀ ਦੇ ਵਿੱਤ ਮੁਖੀ ਜਸਪਾਲ ਅਤਲਾ ਜੀ ਦੇ ਮਾਤਾ ਰਾਣੀ ਕੌਰ ਜੀ ਦੇ ਅਤੇ ਇਹਨਾਂ ਦਿਹਾਂਤਾਂ 'ਤੇ ਤਰਕਸ਼ੀਲ ਸੁਸਾਇਟੀ ਪੰਜਾਬ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹੈ।

ਮਨੁੱਖੀ ਅਧਿਕਾਰ ਦਿਵਸ

# ਮਨੁੱਖੀ ਅਧਿਕਾਰਾਂ ਪ੍ਰਤੀ ਹਕੂਮਤਾਂ ਦਾ ਗੈਰ ਮਨੁੱਖੀ ਵਤੀਰਾ



ਸੁਮੀਤ ਸਿੰਘ

ਅੰਗਰੇਜ਼ਾਂ ਵੱਲੋਂ ਹਿੰਦੋਸਤਾਨ ਉੱਤੇ ਕਬਜਾ ਕਰਨ ਤੋਂ ਬਾਅਦ ਦੇਸ਼ ਵਿਚ ਅਜਿਹੇ ਸਖ਼ਤ ਕਾਨੂੰਨ ਲਾਗੂ ਕੀਤੇ ਗਏ ਤਾਂ ਕਿ ਲੋਕ ਬਰਤਾਨਵੀ ਹਕੂਮਤ ਦੇ ਖਿਲਾਫ਼ ਕਿਸੇ ਵੀ ਤਰ੍ਹਾਂ ਦਾ ਵਿਰੋਧ ਜਾਂ ਬਗਾਵਤ ਕਰਨ ਦੀ ਜੁੱਅਰਤ ਨਾ ਵਿਖਾ ਸਕਣ। ਦੇਸ਼ ਆਜ਼ਾਦੀ ਤੋਂ ਬਾਅਦ ਭਾਰਤੀ ਹੁਕਮਰਾਨਾਂ ਦਾ ਫਰਜ ਬਣਦਾ ਸੀ ਕਿ ਅੰਗਰੇਜ਼ਾਂ ਵੱਲੋਂ ਲਾਗੂ ਕੀਤੇ ਸਾਰੇ ਲੋਕ ਵਿਰੋਧੀ ਕਾਲੇ ਕਾਨੂੰਨ ਖਤਮ ਕੀਤੇ ਜਾਂਦੇ ਪਰ ਭਾਰਤੀ ਹੁਕਮਰਾਨਾਂ ਵੱਲੋਂ ਦੇਸ਼ ਦੀ ਜਨਤਾ ਦੇ ਖਿਲਾਫ਼ ਅਜਿਹੇ ਬਸਤੀਵਾਦੀ ਕਾਲੇ ਕਾਨੂੰਨਾਂ ਨੂੰ ਹੋਰ ਵੀ ਵੱਧ ਖਤਰਨਾਕ ਢੰਗ ਨਾਲ ਲਾਗੂ ਕੀਤਾ ਗਿਆ ਹੈ ਅਤੇ ਆਮ ਲੋਕਾਂ ਦੀਆਂ ਬੁਨਿਆਦੀ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਹੱਲ ਕਰਨ ਦੀ ਥਾਂ ਨਾਗਰਿਕਾਂ ਦੇ ਸੰਵਿਧਾਨਿਕ ਅਤੇ ਮਨੁੱਖੀ ਅਧਿਕਾਰਾਂ ਨੂੰ ਹੀ ਕੁਚਲਿਆ ਗਿਆ ਹੈ।

ਹਕੂਮਤਾਂ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਅਤੇ ਸੰਵਿਧਾਨਿਕ ਹੱਕਾਂ ਦੀ ਉਲੰਘਣਾ ਦੇ ਖਿਲਾਫ ਸਮੇਂ ਸਮੇਂ 'ਤੇ ਦੇਸ਼ ਵਿਚ ਉੱਠੀਆਂ ਲੋਕਪੱਖੀ ਜਨਤਕ ਲਹਿਰਾਂ ਨੂੰ ਸਖਤੀ ਨਾਲ ਦਬਾਉਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਐਸਮਾ, ਕੌਮੀ ਸੁਰੱਖਿਆ ਐਕਟ, ਪੀ.ਐਸ.ਏ, ਮੀਸਾ, ਟਾਡਾ, ਪੋਟਾ, ਅਫਸਪਾ, ਮਕੋਕਾ, ਪੀ.ਐਮ.ਐਲ.ਏ. ਅਤੇ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਆਦਿ ਅੰਗਰੇਜ਼ਾਂ ਤੋਂ ਵੀ ਵੱਧ ਖਤਰਨਾਕ ਕਾਨੂੰਨ ਲਾਗੂ ਕੀਤੇ ਗਏ ਹਨ ਜਿਨ੍ਹਾਂ ਦਾ ਲਗਾਤਾਰ ਇਸਤੇਮਾਲ ਕਰਕੇ ਆਮ ਜਨਤਾ ਦੇ ਜਮਹੂਰੀ ਅਧਿਕਾਰਾਂ ਨੂੰ ਖਤਮ ਕੀਤਾ ਗਿਆ ਹੈ ਅਤੇ 2014 ਵਿੱਚ ਭਾਜਪਾ ਸੰਘ ਦੀ ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਜ਼ਬਰ ਨੂੰ ਹੋਰ ਤਿੱਖਿਆਂ ਕੀਤਾ ਜਾ ਰਿਹਾ ਹੈ। ਬੇਸ਼ੱਕ ਭਾਰਤ ਵਲੋਂ ਸੰਯੁਕਤ ਰਾਸ਼ਟਰ ਦੇ ਸੰਨ 1948 ਵਿੱਚ ਪੇਸ਼ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਨੂੰ ਸਵੀਕਾਰ ਕਰਕੇ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਨੂੰ ਅਮਲੀ ਪੱਧਰ 'ਤੇ ਲਾਗੂ ਕਰਨ ਦਾ ਅਹਿਦ ਕੀਤਾ ਗਿਆ ਸੀ ਅਤੇ ਇਸ ਸੰਬੰਧੀ ਕੌਮੀ ਅਤੇ ਸੂਬਾਈ ਪੱਧਰ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਸਥਾਪਿਤ ਕੀਤੇ ਗਏ ਪਰ ਖ਼ੁਦ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਦਮਨਕਾਰੀ ਨੀਤੀਆਂ ਅਤੇ ਫਾਸ਼ੀਵਾਦੀ ਕਾਨੂੰਨ ਲਾਗੂ ਕਰਕੇ ਨਾਗਰਿਕਾਂ ਦੇ ਮਨੁੱਖੀ ਹੱਕਾਂ ਦੀ ਲਗਾਤਾਰ ਵੱਡੇ ਪੱਧਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ। ਮਿਸਾਲ ਦੇ ਤੌਰ 'ਤੇ ਸਿਆਸੀ ਵਿਰੋਧੀਆਂ ਉੱਤੇ ਝੂਠੇ ਪੁਲਿਸ ਕੇਸ ਦਰਜ ਕਰਨੇ, ਗੈਰ ਕਾਨੂੰਨੀ ਗ੍ਰਿਫਤਾਰੀਆਂ, ਗੈਰ ਕਾਨੂੰਨੀ ਬੁਲਡੋਜਰ ਕਾਰਵਾਈ, ਕੇਸਾਂ ਦੇ ਫੈਸਲਿਆਂ ਵਿੱਚ ਲੰਮੀ ਦੇਰੀ, ਪੁਲਿਸ ਹਿਰਾਸਤ 'ਚ ਮੌਤਾਂ, ਝੂਠੇ ਪੁਲਿਸ ਮੁਕਾਬਲੇ, ਕੈਦੀਆਂ ਨਾਲ ਕੁੱਟ ਮਾਰ, ਦਫਾ 144 ਲਾ ਕੇ ਲੋਕਾਂ ਨੂੰ ਰੋਸ ਪ੍ਰਦਰਸ਼ਨ ਕਰਨ ਤੋਂ ਰੋਕਣਾ, ਅਗਵਾ, ਬਲਾਤਕਾਰ, ਔਰਤਾਂ ਵਿਰੁੱਧ ਹਿੰਸਾ, ਫ਼ਿਰਕੂ ਨਫ਼ਰਤੀ ਭਾਸ਼ਣ, ਹਜੂਮੀਂ ਫ਼ਿਰਕੂ ਹਿੰਸਾ, ਘੱਟ ਗਿਣਤੀਆਂ, ਖੱਬੇ ਪੱਖੀਆਂ, ਦਲਿਤਾਂ ਅਤੇ ਆਦਿਵਾਸੀਆਂ ਉੱਤੇ ਯੋਜਨਾਬੱਧ ਹਿੰਸਕ ਹਮਲੇ, ਬਾਲ ਮਜਦੂਰੀ, ਬੰਧੂਆ ਮਜਦੂਰੀ, ਮਿਲਾਵਟਖੋਰੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਡਰੱਗਜ ਮਾਫੀਆ, ਗੈਂਗਸਟਰ ਮਾਫੀਆ, ਸਹੀ ਇਲਾਜ ਖੁਣੋਂ ਮੌਤਾਂ, ਜਮਹੂਰੀ ਹੱਕ ਮੰਗਦੇ ਲੋਕਾਂ ਉੱਤੇ ਲਾਠੀ-ਗੋਲੀ ਦੀ ਵਰਤੋਂ, ਝੂਠੇ ਕੇਸਾਂ ਹੇਠ ਅਣਮਿੱਥੇ ਸਮੇਂ ਲਈ ਨਜ਼ਰਬੰਦੀ ਅਤੇ ਜੇਲ੍ਹ ਵਿੱਚ ਅੰਡਾ ਸੈੱਲ ਦੀ ਕੈਦ ਆਦਿ ਖੇਤਰਾਂ ਵਿਚ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ 'ਤੇ ਲਗਾਤਾਰ ਉਲੰਘਣਾ ਕੀਤੀ ਜਾ ਰਹੀ ਹੈ। ਅਜਿਹਾ ਗੈਰ ਮਨੁੱਖੀ ਢਾਂਚਾ ਭਾਰਤੀ ਹਕੂਮਤ ਦੀ ਦਹਿਸ਼ਤਗਰਦੀ ਦਾ ਹੀ ਘਿਨਾਉਣਾ ਰੂਪ ਹੈ ਅਤੇ ਸੰਸਦ ਭਵਨ ਅਤੇ ਵਿਧਾਨ ਸਭਾਵਾਂ ਵਿਚ ਬੈਠੇ ਸੰਗੀਨ ਅਪਰਾਧਾਂ ਦੇ ਦੋਸ਼ੀ ਸਿਆਸਤਦਾਨ ਭਾਰਤੀ ਲੋਕਤੰਤਰ ਦੇ ਮੱਥੇ 'ਤੇ ਸ਼ਰਮਨਾਕ ਕਲੰਕ ਬਣੇ ਹੋਏ ਹਨ।

ਪਿਛਲੇ ਕਈ ਦਹਾਕਿਆਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਛੱਤੀਸਗੜ੍ਹ, ਉੜੀਸਾ, ਝਾਰਖੰਡ, ਬਿਹਾਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਮਹਾਂਰਾਸ਼ਟਰ ਵਿਚਲੇ ਆਦਿਵਾਸੀ ਇਲਾਕਿਆਂ ਦੇ ਕੁਦਰਤੀ ਸੋਮਿਆਂ ਜਲ, ਜੰਗਲ, ਜਮੀਨ ਅਤੇ ਕੁਦਰਤੀ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਲੁਟਾ ਕੇ ਪਿਛੜੇ ਆਦਿਵਾਸੀ ਅਤੇ ਕਬਾਇਲੀ ਲੋਕਾਂ ਨੂੰ ਭੁੱਖਿਆਂ ਮਾਰਨ ਅਤੇ ਉਜਾੜਨ 'ਤੇ ਤੁਲੀਆਂ ਹੋਈਆਂ ਹਨ। ਮਾਓਵਾਦ ਨੂੰ ਖਤਮ ਕਰਨ ਦੀ ਆੜ ਹੇਠ ਕੇਂਦਰੀ ਸੁਰੱਖਿਆ ਬਲਾਂ, ਪੁਲਿਸ ਅਤੇ ਗੈਰ ਕਾਨੂੰਨੀ ਹਥਿਆਰਬੰਦ ਜਥੇਬੰਦੀ ਸਲਵਾ ਜੁਡਮ ਵੱਲੋਂ ਪਿਛਲੇ ਸਾਲਾਂ ਵਿੱਚ ਸੈਂਕੜੇ ਨਿਰਦੋਸ਼ ਆਦਿਵਾਸੀਆਂ ਨੂੰ ਓਪਰੇਸ਼ਨ ਗ੍ਰੀਨ ਹੰਟ ਤਹਿਤ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਗਿਆ ਹੈ, ਝੂਠੇ ਕੇਸਾਂ ਹੇਠ ਜੇਲ੍ਹਾਂ ਵਿੱਚ ਡੱਕਿਆ

ਗਿਆ ਹੈ, ਆਦਿਵਾਸੀ ਔਰਤਾਂ ਨਾਲ ਬਲਾਤਕਾਰ ਅਤੇ ਹੱਤਿਆ ਕੀਤੀ ਗਈ ਹੈ ਅਤੇ 650 ਤੋਂ ਵੱਧ ਪਿੰਡਾਂ ਦੀ ਸਾੜ ਫੂਕ ਕੀਤੀ ਗਈ ਹੈ। ਜੇਕਰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮਾਜਿਕ ਜਥੇਬੰਦੀਆਂ, ਬੁੱਧੀਜੀਵੀ, ਵਕੀਲ, ਪੱਤਰਕਾਰ ਅਤੇ ਸਮਾਜਿਕ ਕਾਰਕੁਨ ਸਰਕਾਰਾਂ ਦੀਆਂ ਅਜਿਹੀਆਂ ਲੋਕ ਮਾਰੂ ਨੀਤੀਆਂ ਅਤੇ ਕਾਲੇ ਕਾਨੂੰਨਾਂ ਦਾ ਜਮਹੂਰੀ ਢੰਗ ਨਾਲ ਵਿਰੋਧ ਕਰਦੇ ਹੋਏ ਪੀੜਤਾਂ ਦੇ ਹੱਕ ਵਿਚ ਆਵਾਜ ਉਠਾਉਂਦੇ ਹਨ ਤਾਂ ਉਨ੍ਹਾਂ ਨੂੰ ਮਾਓਵਾਦੀ, ਦੇਸ਼ ਧ੍ਰੋਹੀ ਅਤੇ ਅਰਬਨ ਨਕਸਲ ਕਹਿ ਕੇ ਝੂਠੇ ਕੇਸਾਂ ਵਿਚ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ। ਕੀ ਇਸਨੂੰ ਲੋਕਤੰਤਰ ਕਿਹਾ ਜਾ ਸਕਦਾ ਹੈ ? ਇਹ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਸੁਫਨਿਆਂ ਦਾ ਭਾਰਤ ਨਹੀਂ ਹੈ ਅਤੇ ਨਾ ਹੀ ਇਸਨੂੰ ਮੋਦੀ ਸਰਕਾਰ ਵੱਲੋਂ ਮਨਾਏ ਜਾ ਰਹੇ ਆਜ਼ਾਦੀ ਦੇ 75ਵੇਂ ਅੰਮ੍ਰਿਤ ਕਾਲ ਦਾ ਮਹਾਂਉਤਸਵ ਕਿਹਾ ਜਾ ਸਕਦਾ ਹੈ।

ਇਹ ਸਰਾਸਰ ਹਕੂਮਤੀ ਦਹਿਸ਼ਤਵਾਦ ਹੈ ਕਿ ਭੀਮਾ ਕੋਰੇਗਾਉਂ ਕਥਿਤ ਹਿੰਸਾ ਵਿੱਚ ਦੇਸ਼ ਦੇ ਵੀਹ ਤੋਂ ਵੱਧ ਨਾਮਵਰ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਪਿਛਲੇ ਸਾਢੇ ਪੰਜ ਸਾਲ ਤੋਂ ਕੇਸ ਦੀ ਸੁਣਵਾਈ ਦੇ ਬਿਨਾਂ ਯੂ.ਏ.ਪੀ.ਏ. ਦੇ ਝੂਠੇ ਦੋਸ਼ਾਂ ਹੇਠ ਜੇਲ੍ਹਾਂ ਵਿਚ ਨਜਰਬੰਦ ਕੀਤਾ ਗਿਆ ਹੈ ਅਤੇ ਗੰਭੀਰ ਬਿਮਾਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜਮਾਨਤ ਦੇਣ ਤੋਂ ਵਾਰ ਵਾਰ ਇਨਕਾਰ ਕੀਤਾ ਜਾ ਰਿਹਾ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋ.ਜੀ.ਐਨ. ਸਾਈ ਬਾਬਾ ਜੋ ਕਿ ਸਰੀਰਕ ਪੱਖੋਂ ਨੱਬੇ ਫੀਸਦੀ ਅਪਾਹਜ ਅਤੇ ਵੀਲ੍ਹ ਚੇਅਰ ਉੱਤੇ ਹਨ, ਉਨ੍ਹਾਂ ਨੂੰ ਇਕ ਝੂਠੇ ਕੇਸ ਵਿਚ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈਲ ਵਿਚ ਕੈਦ ਰੱਖਿਆ ਗਿਆ ਹੈ। ਕਈ ਗੰਭੀਰ ਸਰੀਰਕ ਬਿਮਾਰੀਆਂ ਤੋਂ ਪੀੜਤ ਹੋਣ ਕਰਕੇ ਸਰਕਾਰੀ ਡਾਕਟਰਾਂ ਨੇ ਉਨਾਂ ਨੂੰ ਪੂਰਨ ਬਿਸਤਰ ਆਰਾਮ, ਸਰਜਰੀ ਅਤੇ ਫਿਜਿਓਥਰੇਪੀ ਦੀ ਸਲਾਹ ਦਿਤੀ ਹੈ ਪਰ ਨਾ ਤਾਂ ਜੇਲ੍ਹ ਪ੍ਰਸ਼ਾਸ਼ਨ ਵਲੋਂ ਉਨਾਂ ਦਾ ਮਾਹਿਰ ਡਾਕਟਰਾਂ ਤੋਂ ਸਹੀ ਇਲਾਜ ਕਰਵਾਇਆ ਜਾ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਰਾਈਟਸ ਆਫ ਪਰਸਨਜ ਵਿੱਚ ਡਿਸਐਬਿਲਟੀ ਐਕਟ-2016 ਤਹਿਤ ਮਿਲੇ ਵਿਸ਼ੇਸ਼ ਮੌਲਿਕ ਅਧਿਕਾਰਾਂ ਤਹਿਤ ਰਿਹਾਅ ਕੀਤਾ ਜਾ ਰਿਹਾ ਹੈ। ਗੰਭੀਰ ਬਿਮਾਰੀ ਅਤੇ ਸਹੀ ਇਲਾਜ ਨਾ ਹੋਣ ਕਾਰਨ 82 ਸਾਲਾਂ ਪਾਦਰੀ ਸਟੇਨ ਸਵਾਮੀ ਅਤੇ ਸਮਾਜਿਕ ਕਾਰਕੁਨ ਪਾਂਡੂ ਨਰੋਟਾ ਨੂੰ ਨਿਆਂਇਕ ਹਿਰਾਸਤ ਦੌਰਾਨ ਜਾਨ ਤੋਂ ਹੱਥ ਧੋਣੇ ਪਏ ਸਨ। ਇਹ ਕਿਸੇ ਜਾਣ ਬੁੱਝ ਕੇ ਕੀਤੇ ਕਤਲ ਤੋਂ ਘੱਟ ਅਪਰਾਧ ਨਹੀਂ ਸੀ।

ਕੇਂਦਰੀ ਹਕੂਮਤ ਦਾ ਅਜਿਹਾ ਫਾਸ਼ੀਵਾਦੀ ਵਤੀਰਾ ਨਾਗਰਿਕਾਂ ਨੂੰ ਸੰਵਿਧਾਨ ਦੀ ਧਾਰਾ 21 ਤਹਿਤ ਮਿਲੇ ਜਿਉਣ ਅਤੇ ਨਿੱਜੀ ਆਜਾਦੀ ਦੇ ਅਧਿਕਾਰ ਦੀ ਸਖਤ ਉਲੰਘਣਾ ਹੈ ਪਰ ਕਿਸੇ ਪੱਧਰ ਦੀ ਨਿਆਂਪਾਲਿਕਾ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਅਜਿਹੇ ਸੰਗੀਨ ਅਪਰਾਧ ਲਈ ਦੋਸ਼ੀ ਪੁਲਿਸ ਅਤੇ ਜਾਂਚ ਅਧਿਕਾਰੀਆਂ ਦੇ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਹਰੇਕ ਨਾਗਰਿਕ ਨੂੰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਸੰਵਿਧਾਨਿਕ ਹੱਕ ਦਿੱਤਾ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਪਿਛਲੇ ਨੌਂ ਸਾਲਾਂ ਤੋਂ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਫ਼ਿਰਕੂ ਅਤੇ ਸਾਮਰਾਜ ਪੱਖੀ ਆਰਥਿਕ ਨੀਤੀਆਂ ਦੇ ਖਿਲਾਫ ਜਮਹੂਰੀ ਢੰਗ ਨਾਲ ਆਵਾਜ਼ ਉਠਾਉਣ, ਵਿਗਿਆਨਕ ਸੋਚ ਦਾ ਪ੍ਰਗਟਾਵਾ ਕਰਨ ਜਾਂ ਕਿਸੇ ਕੌਮੀ ਮੁੱਦੇ 'ਤੇ ਅਸਹਿਮਤੀ ਦੇ ਵਿਚਾਰ ਪ੍ਰਗਟਾਉਣ ਵਾਲੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਪ੍ਰਕਾਸ਼ਕਾਂ, ਤਰਕਸ਼ੀਲਾਂ ਅਤੇ ਨਾਟਕਕਾਰਾਂ ਦੀ ਆਜ਼ਾਦੀ ਦੇ ਸੰਵਿਧਾਨਿਕ ਹੱਕਾਂ ਉੱਤੇ ਸਖਤ ਪਾਬੰਦੀਆਂ ਲਾ ਕੇ ਯੂ.ਏ.ਪੀ.ਏ. ਦੇ ਕਾਲੇ ਕਾਨੂੰਨ ਹੇਠ ਉਨ੍ਹਾਂ ਦੀ ਜਬਾਨਬੰਦੀ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1975 ਵਿਚ ਐਮਰਜੈਂਸੀ ਲਾ ਕੇ ਨਾਗਰਿਕਾਂ ਅਤੇ ਮੀਡੀਏ ਦੀ ਆਜਾਦੀ ਦੇ ਜਮਹੂਰੀ ਅਧਿਕਾਰਾਂ ਨੂੰ ਮਨਸੂਖ ਕਰ ਦਿੱਤਾ ਗਿਆ ਸੀ।

ਯੂ ਏ ਪੀ ਏ ਇਕ ਅਜਿਹਾ ਖ਼ਤਰਨਾਕ ਕਾਨੂੰਨ ਹੈ ਜਿਸ ਤਹਿਤ ਕੌਮੀ ਜਾਂਚ ਏਜੰਸੀ ਵੱਲੋਂ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਅੱਤਵਾਦੀ ਐਲਾਨ ਕੇ ਬਿਨਾਂ ਮੁਕੱਦਮਾ ਚਲਾਏ ਅਣਮਿੱਥੇ ਸਮੇਂ ਲਈ ਜੇਲ੍ਹ ਵਿੱਚ ਕੈਦ ਕੀਤਾ ਜਾ ਸਕਦਾ ਹੈ ਅਤੇ ਇਸ ਵਿੱਚ ਜਮਾਨਤ ਮਿਲਣ ਦੀ ਕੋਈ ਗੁੰਜਾਇਸ ਨਹੀਂ ਹੁੰਦੀ। ਕੌਮੀ ਜਾਚ ਏਜੰਸੀ ਨੂੰ ਸੂਬਿਆਂ ਦੀ ਮੰਜ਼ੂਰੀ ਤੋਂ ਬਗੈਰ ਕਿਸੇ ਦੇ ਵੀ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਦੇ ਅਧਿਕਾਰ ਦਿੱਤੇ ਗਏ ਹਨ। ਮੋਦੀ ਹਕੂਮਤ ਵੱਲੋਂ ਐਨ ਆਈ ਏ, ਈ ਡੀ ਅਤੇ ਸੀ ਬੀ ਆਈ ਦੀ ਸਿਆਸੀ ਵਿਰੋਧੀਆਂ ਦੇ ਖਿਲਾਫ਼ ਸ਼ਰੇਆਮ ਦੁਰਵਰਤੋਂ ਕੀਤੀ ਜਾ ਰਹੀ ਹੈ। ਯੂ ਏ ਪੀ ਏ ਦੀ ਦੁਰਵਰਤੋਂ ਦਾ ਵੱਡਾ ਸਬੂਤ ਇਹ ਹੈ ਕਿ ਸੰਨ 2015 ਤੋਂ 2020 ਤੱਕ 8371 ਲੋਕਾਂ ਉੱਤੇ ਇਹ ਕੇਸ ਦਰਜ ਕੀਤੇ ਗਏ ਪਰ ਅਦਾਲਤੀ ਕਾਰਵਾਈ ਵਿਚ 8136 ਲੋਕਾਂ ਨੂੰ ਬੇਗੁਨਾਹ ਹੋਣ ਕਰਕੇ ਬਰੀ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਆਰਮਡ ਫੋਰਸਜ ਸਪੈਸ਼ਲ ਪਾਵਰਜ ਐਕਟ (ਅਫਸਪਾ) ਅਜਿਹਾ ਕਾਲਾ ਕਾਨੂੰਨ ਹੈ ਜਿਸ ਤਹਿਤ

ਅਰਧ ਸੁਰੱਖਿਆ ਬਲਾਂ ਅਤੇ ਫੌਜ ਨੂੰ ਕਿਸੇ ਵੀ ਨਾਗਰਿਕ ਨੂੰ ਸ਼ੱਕ ਦੇ ਅਧਾਰ 'ਤੇ ਬਿਨਾ ਵਾਰੰਟ ਗ੍ਰਿਫਤਾਰ ਕਰਨ, ਅਣਮਿੱਥੇ ਸਮੇਂ ਲਈ ਨਜਰਬੰਦ ਰੱਖਣ,ਉਸਦਾ ਘਰ ਢਾਹੁਣ, ਜਾਇਦਾਦ ਕੁਰਕ ਕਰਨ ਅਤੇ ਗੋਲੀ ਮਾਰ ਕੇ ਜਾਨੋਂ ਮਾਰਨ ਦੇ ਅੰਨੇ ਅਧਿਕਾਰ ਦਿੱਤੇ ਗਏ ਹਨ ਅਤੇ ਇਸ ਸੰਬੰਧੀ ਉਨ੍ਹਾਂ ਖਿਲਾਫ਼ ਕੇਂਦਰੀ ਗ੍ਰਹਿ ਮੰਤਰਾਲੇ ਦੀ ਮੰਜ਼ੂਰੀ ਤੋਂ ਬਿਨਾਂ ਪੁਲਿਸ ਜਾਂ ਫੌਜ ਵਲੋਂ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਜਾ ਸਕਦਾ। ਹਕੀਕਤ ਇਹ ਹੈ ਕਿ ਜਿਆਦਾਤਰ ਕੇਸਾਂ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਹ ਮੰਜੂਰੀ ਨਹੀਂ ਦਿੱਤੀ ਜਾਂਦੀ। ਇਹੀ ਵਜ੍ਹਾ ਹੈ ਕਿ ਉੱਤਰ ਪੂਰਬੀ ਰਾਜਾਂ ਅਤੇ ਜੰਮੂ ਕਸ਼ਮੀਰ ਵਿੱਚ ਪਿਛਲੇ 50 ਸਾਲ ਤੋਂ ਲਾਗੂ ਅਫਸਪਾ ਦੀ ਆੜ ਹੇਠ ਸੁਰੱਖਿਆ ਬਲਾਂ ਵੱਲੋਂ ਆਪਣੇ ਜਮਹੂਰੀ ਹੱਕ ਮੰਗਦੇ ਹਜਾਰਾਂ ਨਿਰਦੋਸ਼ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ ਹੈ ਪਰ ਹਕੂਮਤੀ ਸਰਪ੍ਰਸਤੀ ਕਾਰਨ ਦੋਸ਼ੀਆਂ ਨੂੰ ਸਜਾਵਾਂ ਨਹੀਂ ਦਿੱਤੀਆਂ ਗਈਆਂ।

ਮਨੀਪੁਰ ਦੀ ਸਮਾਜਿਕ ਕਾਰਕੁਨ ਇਰੋਮ ਸ਼ਰਮੀਲਾ ਨੇ ਅਫਸਪਾ ਦੇ ਇਸ ਕਾਲੇ ਕਾਨੂੰਨ ਨੂੰ ਖਤਮ ਕਰਵਾਉਣ ਲਈ ਪੂਰੇ 16 ਸਾਲ ਭੁੱਖ ਹੜਤਾਲ ਰੱਖੀ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨ ਅਤੇ ਯੂਰਪੀਅਨ ਯੂਨੀਅਨ ਵੱਲੋਂ ਸਖਤ ਵਿਰੋਧ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਇਸ ਜਮਹੂਰੀਅਤ ਵਿਰੋਧੀ ਕਾਨੂੰਨ ਨੂੰ ਅਜੇ ਤਕ ਰੱਦ ਨਹੀਂ ਕੀਤਾ ਗਿਆ। ਪੰਜਾਬ ਵਿਚ ਅੱਤਵਾਦ ਵੇਲੇ ਪੁਲਿਸ ਅਤੇ ਸੁਰੱਖਿਆ ਬਲਾਂ ਵੱਲੋਂ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਸੰਸਕਾਰ ਅਤੇ ਜੰਮੂ ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਹਜਾਰਾਂ ਅਣਪਛਾਤੀਆਂ ਕਬਰਾਂ ਦੀ ਨਿਸ਼ਾਨਦੇਹੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਗੰਭੀਰ ਮਾਮਲੇ ਸਾਹਮਣੇ ਆਏ ਹਨ ਪਰ ਹਕੂਮਤਾਂ ਅਤੇ ਜਾਂਚ ਏਜੰਸੀਆਂ ਵੱਲੋਂ ਇਸਦੀ ਜਾਂਚ ਪੜਤਾਲ ਤੋਂ ਇਨਕਾਰ ਕਰਕੇ ਦੋਸ਼ੀਆਂ ਨੂੰ ਸਜਾਵਾਂ ਨਹੀਂ ਦਿੱਤੀਆਂ ਗਈਆਂ।

ਮੌਤ ਦੀ ਸਜਾ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ ਹੈ। ਕਿਸੇ ਮੁਜਰਮ ਨੂੰ ਸੁਧਾਰਨ ਦੀ ਥਾਂ ਉਸ ਤੋਂ ਜਿਊਣ ਦਾ ਹੱਕ ਖੋਹ ਕੇ ਉਸਨੂੰ ਕਿਸੇ ਮਿਥੀ ਹੋਈ ਤਰੀਕ ਅਤੇ ਸਮੇਂ 'ਤੇ ਸਟੇਟ ਵਲੋਂ ਮੌਤ ਦੇ ਘਾਟ ਉਤਾਰ ਦੇਣਾ ਭਾਰਤੀ ਸੰਵਿਧਾਨ ਦੀ ਧਾਰਾ 21 ਦੇ ਅਧਿਕਾਰ ਦੀ ਵੱਡੀ ਉਲੰਘਣਾ ਹੈ ਅਤੇ ਇੱਕ ਸਭਿਅਕ ਸਮਾਜ ਦੇ ਸੰਕਲਪ ਦੇ ਬਿਲਕੁਲ ਉਲਟ ਹੈ। ਦੇਸ਼-ਵਿਦੇਸ਼ ਵਿਚ ਬੀਤੇ ਸਮੇਂ ਆਏ ਕੁੱਝ ਅਦਾਲਤੀ ਫੈਸਲਿਆਂ ਵਿਚ ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਨਿਰਦੋਸ਼ ਮੁਲਜਮਾਂ ਨੂੰ ਫਾਂਸੀ ਦੀ ਸਜਾ ਦਿੱਤੀ ਗਈ ਪਰ ਬਾਅਦ ਵਿਚ ਅਸਲ ਤੱਥ ਪ੍ਰਗਟ ਹੋਣ 'ਤੇ ਉਨ੍ਹਾਂ ਨੂੰ 'ਬਾਇਜਤ ਬਰੀ' ਕਰ ਦਿੱਤਾ ਗਿਆ। ਬਹੁਤ ਸਾਰੇ ਕਾਨੂੰਨੀ ਵਿਸ਼ਲੇਸਕਾਂ ਦਾ ਵੀ ਕਹਿਣਾ ਹੈ ਕਿ ਸਮਾਜ ਵਿੱਚੋਂ ਦਹਿਸ਼ਤਗਰਦੀ, ਕਤਲੋਗਾਰਤ, ਫ਼ਿਰਕੂ ਦੰਗੇ ਫਸਾਦ, ਬਲਾਤਕਾਰ ਅਤੇ ਹੋਰ ਘਿਨਾਉਣੇ ਅਪਰਾਧ ਖਤਮ ਕਰਨ ਵਿਚ ਮੌਤ ਦੀ ਸਜਾ ਹੁਣ ਤਕ ਕੋਈ ਕਾਰਗਰ ਹਥਿਆਰ ਸਾਬਤ ਨਹੀਂ ਹੋ ਸਕੀ। ਜ਼ਿਕਰਯੋਗ ਹੈ ਕਿ ਦੁਨੀਆਂ ਦੇ ਵੱਡੀ ਗਿਣਤੀ ਦੇਸ਼ ਵੀ ਆਪਣੀ ਨਿਆਂ ਪ੍ਰਣਾਲੀ 'ਚੋਂ ਮੌਤ ਦੀ ਸਜਾ ਨੂੰ ਖਤਮ ਕਰ ਚੁੱਕੇ ਹਨ।

ਸਾਡੇ ਦੇਸ਼ ਦੀ ਪੁਲਿਸ, ਜਾਂਚ ਪ੍ਰਣਾਲੀ ਅਤੇ ਨਿਆਂਇਕ ਢਾਂਚੇ ਵਿਚਲੀਆਂ ਘਾਟਾਂ-ਕਮੀਆਂ, ਭ੍ਰਿਸ਼ਟਾਚਾਰ ਅਤੇ ਵਕੀਲਾਂ ਦੀ ਫੀਸ ਨਾ ਦੇਣ ਕਾਰਨ ਮੁਲਜਮਾਂ ਨੂੰ ਨਿਆਂ ਮਿਲਣ ਵਿੱਚ ਹੁੰਦੀ ਲੰਮੀ ਦੇਰੀ ਦੇ ਨਤੀਜੇ ਵਜੋਂ ਲੱਖਾਂ ਹੀ ਬੇਗੁਨਾਹ ਲੋਕ ਕਈ ਕਈ ਸਾਲਾਂ ਤੋਂ ਜੇਲ੍ਹਾਂ ਵਿੱਚ ਨਜਾਇਜ ਸੜ ਰਹੇ ਹਨ ਅਤੇ ਇਨਸਾਫ ਲੈਣ ਲਈ ਉੱਚ ਅਦਾਲਤਾਂ ਤੱਕ ਪਹੁੰਚ ਕਰਨਾ ਆਮ ਵਿਅਕਤੀ ਦੀ ਸਮਰੱਥਾ ਤੋਂ ਬਾਹਰ ਹੋ ਚੁੱਕਾ ਹੈ। ਦੇਸ਼ ਦੀਆਂ ਹੇਠਲੀਆਂ ਅਤੇ ਉੱਪਰਲੀਆਂ ਅਦਾਲਤਾਂ ਵਿੱਚ ਜੱਜਾਂ ਦੀਆਂ ਸੈਂਕੜੇ ਖਾਲੀ ਆਸਾਮੀਆਂ ਨਾ ਭਰਨ ਕਾਰਨ ਕਰੋੜਾਂ ਕੇਸ ਸੁਣਵਾਈ ਲਈ ਲਮਕੇ ਪਏ ਹਨ। ਮਤਲਬ ਇਹ ਕਿ ਇਨਸਾਫ ਵਿੱਚ ਦੇਰੀ ਦਾ ਮਤਲਬ ਹੀ ਇਨਸਾਫ ਦੇਣ ਤੋਂ ਇਨਕਾਰ ਕਰਨਾ ਹੈ ਅਤੇ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਭ ਤੋਂ ਵੱਧ ਗੰਭੀਰ ਮਾਮਲਾ ਹੈ ਜਿਸ ਪ੍ਰਤੀ ਸਾਡੀਆਂ ਸਰਕਾਰਾਂ ਜਾਣ ਬੁਝ ਕੇ ਅਵੇਸਲੀਆਂ ਹੋਈਆਂ ਪਈਆਂ ਹਨ।

ਬੇਹੱਦ ਸ਼ਰਮਨਾਕ ਹੈ ਕਿ ਪੰਜਾਬ ਵਿਚ ਅੱਸੀਵਿਆਂ ਦੇ ਖਾਲਿਸਤਾਨੀ ਅੱਤਵਾਦ ਵੇਲੇ ਕਤਲ ਕੀਤੇ ਹਿੰਦੂ ਫਿਰਕੇ ਦੇ ਲੋਕਾਂ, ਝੂਠੇ ਪੁਲੀਸ ਮੁਕਾਬਲਿਆਂ, 1984 ਦੇ ਸਿੱਖ ਵਿਰੋਧੀ ਕਤਲੇਆਮ, 1992 ਵਿੱਚ ਬਾਬਰੀ ਮਸਜਿਦ ਗਿਰਾਉਣ, 2002 ਦੇ ਮੁਸਲਿਮ ਵਿਰੋਧੀ ਕਤਲੇਆਮ, 2013 ਦੇ ਮੁਜੱਫਰਪੁਰ ਫ਼ਿਰਕੂ ਦੰਗੇ ਫਸਾਦ, 2020 ਦੇ ਦਿੱਲੀ ਫਿਰਕੂ ਦੰਗੇ ਫਸਾਦ ਆਦਿ ਯੋਜਨਾਬੱਧ ਫ਼ਿਰਕੂ ਘਟਨਾਵਾਂ ਲਈ ਜ਼ਿੰਮੇਵਾਰ ਸਿਆਸੀ ਰਸੂਖਵਾਨ ਦੋਸ਼ੀਆਂ ਅਤੇ ਪੁਲੀਸ ਅਧਿਕਾਰੀਆਂ ਨੂੰ ਹਕੂਮਤੀ ਸਰਪ੍ਰਸਤੀ ਕਾਰਣ ਸਜਾਵਾਂ ਨਹੀਂ ਦਿੱਤੀਆਂ ਜਾ ਸਕੀਆਂ। ਇਸਦੇ ਬਿਲਕੁਲ ਉਲਟ ਉਪਰੋਕਤ ਘਟਨਾਵਾਂ ਦੇ ਪੀੜਤਾਂ ਦੀ ਕਾਨੂੰਨੀ ਮਦਦ ਕਰਨ ਵਾਲੇ ਨਾਮਵਰ ਸਮਾਜਿਕ ਕਾਰਕੁਨਾਂ ਤੀਸਤਾ ਸੀਤਲਵਾੜ, ਹਿਮਾਂਸ਼ੂ ਕੁਮਾਰ, ਸਿਦੀਕੀ ਕੱਪਨ ਅਤੇ ਹੋਰਨਾਂ ਪੱਤਰਕਾਰਾਂ ਨੂੰ ਝੂਠੇ ਮੁੱਕਦਮਿਆਂ ਵਿੱਚ ਫਸਾਇਆ ਗਿਆ ਹੈ। ਸਭ ਤੋਂ ਵੱਧ ਸ਼ਰਮ

ਦੀ ਗੱਲ ਇਹ ਹੈ ਕਿ ਦੇਸ਼ ਦਾ ਗੋਦੀ ਮੀਡੀਆ ਸਿੱਖਿਆ, ਸਿਹਤ, ਰੁਜਗਾਰ, ਭੁੱਖਮਰੀ, ਖੁਦਕਸ਼ੀਆਂ, ਵਿਦੇਸ਼ਾਂ ਨੂੰ ਪ੍ਰਵਾਸ, ਭ੍ਰਿਸ਼ਟਾਚਾਰ, ਅਮਨ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਆਦਿ ਗੰਭੀਰ ਮੁੱਦਿਆਂ ਉੱਤੇ ਗੱਲ ਕਰਨ ਦੀ ਥਾਂ ਹਿੰਦੂ, ਮੁਸਲਿਮ ਅਤੇ ਮੰਦਿਰ ਮਸਜਿਦ ਉੱਤੇ ਆਮ ਜਨਤਾ ਨੂੰ ਗੁੰਮਰਾਹ ਕਰਕੇ ਮੋਦੀ ਹਕੂਮਤ ਦੇ ਹੱਕ ਵਿਚ ਭੁਗਤ ਦੇ ਰਿਹਾ ਹੈ। ਇਸ ਲਈ ਲੋਕਤੰਤਰ ਦਾ ਮੁਖੌਟਾ ਪਾ ਕੇ ਤਾਨਾਸ਼ਾਹੀ ਨਿਜਾਮ ਸਥਾਪਤ ਕਰਨ ਵਾਲੇ ਭਾਰਤੀ ਹੁਕਮਰਾਨਾਂ ਦੀਆਂ ਅਜਿਹੀਆਂ ਅਣਮਨੁੱਖੀ ਵਧੀਕੀਆਂ ਅਤੇ ਬੇਇਨਸਾਫੀਆਂ ਦੇ ਖਿਲਾਫ਼ ਸਾਨੂੰ ਸਖਤ ਗੁੱਸਾ ਆਉਣਾ ਚਾਹੀਦਾ ਹੈ ਅਤੇ ਇਸਦਾ ਇਜਹਾਰ ਇਕ ਸਾਂਝੇ ਮੰਚ ਹੇਠ ਜੱਥੇਬੰਦ ਹੋ ਕੇ ਫੈਸਲਾਕੁੰਨ ਜਨਤਕ ਸੰਘਰਸ਼ਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ।

ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਅਜਿਹਾ ਲੋਕਪੱਖੀ ਅਤੇ ਵਿਕਸਤ ਰਾਜ ਪ੍ਰਬੰਧ ਸਥਾਪਿਤ ਕਰਨ ਦੀ ਲੋੜ ਹੈ ਜਿਸ ਵਿਚ ਹਰੇਕ ਵਿਅਕਤੀ ਲਈ ਬਿਨਾਂ ਕਿਸੇ ਵਿਤਕਰੇ ਦੇ ਪੂਰਨ ਆਜਾਦੀ, ਬਰਾਬਰੀ, ਸਮਾਜਿਕ ਨਿਆਂ ਅਤੇ ਵਿਕਾਸ ਦੇ ਜਮਹੂਰੀ ਹੱਕਾਂ ਅਤੇ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾਇਆ ਜਾਵੇ। ਲੋਕ ਵਿਰੋਧੀ ਨੀਤੀਆਂ ਅਤੇ ਫ਼ਿਰਕੂ ਰਾਜਨੀਤੀ ਦਾ ਮੁਕੰਮਲ ਖਾਤਮਾ ਹੋਵੇ। ਦੇਸ਼ ਧ੍ਰੋਹ, ਯੂ ਏ ਪੀ ਏ, ਅਫਸਪਾ, ਐਨ ਐਸ ਏ ਸਮੇਤ ਜਮਹੂਰੀਅਤ ਵਿਰੋਧੀ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ, ਜਾਂਚ ਏਜੰਸੀਆਂ ਅਤੇ ਪੁਲੀਸ ਨੂੰ ਆਜਾਦਾਨਾ ਕੰਮ ਕਰਨ ਦਿੱਤਾ ਜਾਵੇ ਅਤੇ ਕਾਨੂੰਨ ਅਤੇ ਸਜਾ ਪ੍ਰਣਾਲੀ ਵਿੱਚੋਂ ਮੌਤ ਦੀ ਸਜਾ ਖਤਮ ਕੀਤੀ ਜਾਵੇ। ਇਸ ਲਈ ਨਿਆਂਪਾਲਿਕਾ ਅਤੇ ਕੌਮੀ ਤੇ ਸੂਬਾਈ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਆਮ ਲੋਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਲਗਾਤਾਰ ਕਾਰਵਾਈ ਕਰਦੇ ਹੋਏ ਆਪਣੀ ਕਾਨੂੰਨੀ ਅਤੇ ਨੈਤਿਕ ਜਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣ ਦੀ ਲੋੜ ਹੈ। ਆਉਣ ਵਾਲਾ ਸਮਾਂ ਬੇਹੱਦ ਚੁਣੌਤੀਆਂ ਭਰਪੂਰ ਹੈ। ਇਸ ਲਈ ਦੇਸ਼ ਦੀਆ ਸਮੂਹ ਲੋਕ ਪੱਖੀ ਪ੍ਰਗਤੀਸ਼ੀਲ ਅਤੇ ਜਮਹੂਰੀ ਅਧਿਕਾਰ ਸੰਸਥਾਵਾਂ ਨੂੰ ਆਮ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ ਸਥਾਨਕ ਅਤੇ ਕੌਮੀ ਪੱਧਰ 'ਤੇ ਜਾਗਰੂਕਤਾ ਲਹਿਰ ਉਸਾਰ ਕੇ ਉਨ੍ਹਾਂ ਨੂੰ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਜਥੇਬੰਦਕ ਸੰਘਰਸ਼ਾਂ ਦੇ ਰਾਹ ਤੋਰਨ ਵਿਚ ਯੋਗ ਅਗਵਾਈ ਕਰਨੀ ਚਾਹੀਦੀ ਹੈ।

***

**ਪੰਨਾ 15 ਦਾ ਬਾਕੀ** ਹਾਕਮ ਸਾਡੀ ਏਕਤਾ ਨੂੰ ਤੋੜਣ 'ਤੇ ਲੱਗੇ ਹੋਏ ਹਨ। ਸਾਡੇ ਵਿੱਚ ਫੁੱਟ ਪਾ ਕੇ ਦੇਸ਼ ਪੂੰਜੀਪਤੀਆਂ/ਸਰਮਾਏਦਾਰਾਂ/ਕਾਰਪੋਰੇਟਾਂ/ਬਹੁ-ਕੌਮੀ ਕੰਪਨੀਆਂ/ਸਾਮਰਾਜੀ ਮੁਲਕਾਂ ਦੇ ਹਵਾਲੇ ਕਰ ਰਹੇ ਹਨ। ਮੁਸਲਮਾਨਾਂ ਨੂੰ ਸਾਡੇ ਸਭ ਤੋਂ ਵੱਡੇ ਦੁਸ਼ਮਣ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਿਆਸਤ ਨੂੰ ਸਮਝਣ ਅਤੇ ਇਸ ਦਾ ਟਾਕਰਾ ਕਰਨ ਦੀ ਲੋੜ ਹੈ। "ਗ਼ਦਰ" ਪਾਰਟੀ ਦੀ ਮਹਾਨ ਵਿਰਾਸਤ ਵਿੱਚ ਵਿਦੇਸ਼ੀ ਗੁਲਾਮੀ ਖ਼ਿਲਾਫ਼ ਲੜਨ ਵਾਲੇ ਕਾਫ਼ਲੇ ਵਿੱਚ ਸਾਨੂੰ ਰਹਿਮਤ ਅਲੀ ਵਜੀਦਕੇ, ਬਰਕਤ ਉੱਲਾ ਖਾਂ ਆਦਿ ਕਿੰਨੇ ਹੀ ਲੋਕ ਖੜ੍ਹੇ ਦਿਖਾਈ ਦਿੰਦੇ ਹਨ। ਫਿਰ ਉਹ ਸਾਡੇ ਦੁਸ਼ਮਣ ਕਿਵੇਂ ਹੋਏ?

"ਗ਼ਦਰ ਪਾਰਟੀ" ਦੀ ਮਹਾਨ ਵਿਰਾਸਤ ਨੂੰ ਅੱਗੇ ਵਧਾ ਕੇ ਹੀ ਅਸੀਂ ਸਹੀ ਅਰਥਾਂ ਵਿੱਚ ਉਸ ਨੂੰ ਯਾਦ ਕਰ ਸਕਦੇ ਹਾਂ। ਗ਼ਦਰ ਪਾਰਟੀ ਦੇ ਸਮੁੱਚੇ ਸਾਹਿਤ ਅਤੇ ਉਸ ਸੰਬੰਧੀ ਰਚੇ ਸਾਹਿਤ ਦਾ ਅਧਿਐਨ ਕਰੀਏ। ਉਸ ਦੀ ਅਸਫਲਤਾ ਤੋਂ ਵੀ ਸਿੱਖਦੇ ਹੋਏ ਅੱਗੇ ਵਧੀਏ।

**ਸ੍ਰੋਤ ਕਿਤਾਬਾਂ :**


1. "ਗ਼ਦਰ ਲਹਿਰ ਦੀ ਗਾਥਾ"- ਵਰਿਆਮ ਸਿੰਘ ਸੰਧੂ
2. "ਗ਼ਦਰ ਪਾਰਟੀ ਦਾ ਇਤਿਹਾਸ"- ਗੁਰਚਰਨ ਸਿੰਘ ਸੈਂਸਰਾ
3. "ਗ਼ਦਰ ਪਾਰਟੀ ਲਹਿਰ"- ਜਗਜੀਤ ਸਿੰਘ
4. "ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ" - ਸੋਹਨ ਸਿੰਘ ਜੋਸ਼
5. "ਗ਼ਦਰ ਲਹਿਰ ਦੀ ਲਹੂ-ਰੰਗੀ ਕਹਾਣੀ" - ਗਿਆਨੀ ਹੀਰਾ ਸਿੰਘ ਦਰਦ
6. "ਗ਼ਦਰ ਪਾਰਟੀ ਦਾ ਸਾਹਿਤ" - ਰਾਕੇਸ਼ ਕੁਮਾਰ
7. "ਗ਼ਦਰ ਲਹਿਰ ਦੀ ਕਵਿਤਾ" - ਕੇਸਰ ਸਿੰਘ


ਨਾਵਲਕਾਰ **98153-17028**

ਰੱਬ ਇੱਕ ਗੁੰਝਲਦਾਰ ਬੁਝਾਰਤ
ਰੱਬ ਇੱਕ ਗੋਰਖ ਧੰਦਾ।
ਖੋਲ੍ਹਣ ਲੱਗਿਆ ਪੇਚ ਏਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋਂ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀ
ਲਾਈਲੱਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।

**- ਪ੍ਰੋਫ਼ੈਸਰ ਮੋਹਨ ਸਿੰਘ**

## ਬੋਲ ਸਦੀਵੀਂ

# ਵਿਚਾਰਾਂ ਦੇ ਪੈਰ



ਹੂਬ ਨਾਥ

ਜੀ ਹਾਂ
ਵਿਚਾਰਾਂ ਦੇ ਵੀ
ਪੈਰ ਹੁੰਦੇ ਨੇ
ਉਹ ਚੱਲ ਕੇ
ਇੱਕ ਜਗ੍ਹਾ ਤੋਂ ਦੂਜੀ ਜਗ੍ਹਾ
ਨਾ ਸਿਰਫ਼ ਜਾਂਦੇ ਹੀ ਨੇ
ਸਗੋਂ
ਬਹੁਤਿਆਂ ਨੂੰ
ਹੱਕ ਕੇ
ਨਾਲ ਲਿਜਾਂਦੇ ਵੀ ਨੇ

ਕਦੇ ਚੱਕ ਕੇ
ਲੈ ਜਾਂਦੇ ਨੇ
ਅੰਨ੍ਹੀਆਂ ਗੁਫ਼ਾਵਾਂ
ਕੁੰਦਰਾਂ 'ਚ

ਤੇ ਕਦੇ
ਬਿਠਾਅ ਕੇ
ਰੌਸ਼ਨੀ ਦੇ ਜਹਾਜ਼ 'ਤੇ
ਠੇਲ੍ਹ ਦਿੰਦੇ ਨੇ
ਸਮੁੰਦਰਾਂ 'ਚ

ਜੀ ਹਾਂ
ਵਿਚਾਰਾਂ ਦੇ ਵੀ
ਪੈਰ ਹੁੰਦੇ ਨੇ

ਮੈਂ ਉਨ੍ਹਾਂ ਨੂੰ
ਚਲਦੇ
ਟਹਿਲਦੇ
ਦੌੜਦੇ
ਤੇ ਕਦੇ ਕਦੇ
ਘਿਸੜਦੇ ਵੀ
ਦੇਖਿਆ ਹੈ

ਵਿਚਾਰਾਂ ਦੇ ਪੈਰ ਕੱਟ ਕੇ
ਕਸਾਈ ਦੇ ਢਾਰੇ 'ਚ.
ਉਨ੍ਹਾਂ ਦੀ ਖੱਲ
ਉਧੜਦੇ ਵੀ
ਮੈਂ ਦੇਖਿਆ ਹੈ

ਇਨ੍ਹਾਂ ਵਿਚਾਰਾਂ ਦਾ
ਗੁਨਾਹ ਇਹ ਸੀ
ਕਿ ਉਹ
ਪਸ਼ੂਆਂ ਨੂੰ
ਇਨਸਾਨ ਬਣਨ ਦੇ
ਹੁਨਰ ਸਿਖਾ ਰਹੇ ਸਨ

ਜਦ ਸਾਰਾ ਆਲਮ
ਜ਼ਮੂਦ ਦੀ
ਗ੍ਰਿਫ਼ਤ 'ਚ ਹੋਵੇ
ਤਾਂ ਵਿਚਾਰਾਂ ਦੇ ਪੈਰ
ਬਗ਼ਾਵਤ ਬਣ ਜਾਂਦੇ ਨੇ

ਤੇ ਜੋ ਸਜ਼ਾ
ਬਾਗ਼ੀਆਂ ਦੀ
ਉਹ ਸਜ਼ਾ
ਵਿਚਾਰ ਹੰਢਾਂਦੇ ਨੇ

ਸੱਪਾਂ ਵਾਂਗ
ਜਿਨ੍ਹਾਂ ਵਿਚਾਰਾਂ ਦੇ
ਪੈਰ ਨਹੀਂ ਦਿਸਦੇ
ਉਹ ਵਿਚਾਰ
ਜ਼ਹਿਰੀਲੇ ਬਣ ਜਾਂਦੇ ਨੇ

ਜੀ ਹਾਂ
ਮੈਂ ਸੱਚ ਕਹਿ ਰਿਹਾ ਹਾਂ
ਵਿਚਾਰਾਂ ਦੇ ਵੀ
ਪੈਰ ਹੁੰਦੇ ਨੇ

**ਪੰਜਾਬੀ ਰੂਪ:**
**ਯਸ਼ ਪਾਲ, ਵਰਗ ਚੇਤਨਾ**
**98145-35005**

# ਸਰਕਾਰਾਂ, ਕਾਰਪੋਰੇਟ ਅਤੇ ਮਜ਼ਦੂਰ



ਡਾ. ਕੇਸਰ ਸਿੰਘ ਭੰਗੂ

ਦੁਨੀਆਂ ਭਰ ਵਿੱਚ ਕਾਰਪੋਰੇਟ ਘਰਾਣਿਆਂ/ ਪੂੰਜੀਪਤੀਆਂ ਅਤੇ ਸਰਕਾਰਾਂ ਦੀ ਮਿਲੀਭੁਗਤ ਕਾਰਨ ਸਦੀਆਂ ਤੋਂ ਮਜ਼ਦੂਰਾਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਹੁੰਦਾ ਆਇਆ ਹੈ। ਇਸ ਸ਼ੋਸ਼ਣ ਤੋਂ ਛੁਟਕਾਰਾ ਪਾਉਣ ਲਈ ਦੁਨੀਆਂ ਭਰ ਦੇ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੇ ਪਿਛਲੀ ਸਦੀ ਦੇ ਸ਼ੁਰੂ ਦੇ ਸਾਲਾਂ ਵਿੱਚ ਸੰਗਠਤ ਹੋ ਕੇ ਤਿੱਖੇ ਅਤੇ ਵੱਡੇ ਸੰਘਰਸ਼ ਕਰਕੇ ਆਪਣੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਲਈ ਬਹੁਤ ਸਾਰੇ ਕਿਰਤ ਕਾਨੂੰਨ ਬਣਾਉਣ ਤੇ ਲਾਗੂ ਕਰਵਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਇਸ ਨਾਲ ਦੁਨੀਆਂ ਭਰ ਵਿੱਚ ਕਿਰਤ ਮਿਆਰਾਂ ਵਿੱਚ ਇਕਸਾਰਤਾ ਲਿਆਉਣ ਲਈ ਅਤੇ ਕਾਮਿਆਂ ਦੀ ਲੁੱਟ-ਖਸੁੱਟ ਅਤੇ ਸ਼ੋਸ਼ਣ ਬੰਦ ਕਰਵਾਉਣ ਦੇ ਮਕਸਦ ਨਾਲ 1919 ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਸੰਗਠਨ ਦੀ ਹੋਂਦ ਸਭ ਤੋ ਂ ਵੱਧ ਜ਼ਿਕਰਯੋਗ ਘਟਨਾ ਹੈ ਅਤੇ ਇਹ ਮਜ਼ਦੂਰਾਂ ਸਬੰਧੀ ਕਾਨੂੰਨਾਂ ਅਤੇ ਮਸਲਿਆਂ ਦੇ ਨਬੇੜੇ ਲਈ ਮੀਲ ਪੱਥਰ ਸਾਬਤ ਹੋਈ ਹੈ। ਇਸੇ ਹੀ ਮਕਸਦ ਨਾਲ ਭਾਰਤ ਵਿੱਚ ਵੀ ਮਜ਼ਦੂਰੀ ਦੀਆਂ ਦਰਾਂ ਲਈ, ਮਜ਼ਦੂਰਾਂ ਦੀ ਸਿਹਤ ਤੇ ਸੁਰੱਖਿਆ ਲਈ, ਮਜ਼ਦੂਰਾਂ ਦੇ ਕਲਿਆਣ ਲਈ, ਮਜ਼ਦੂਰ ਯੂਨੀਅਨਾਂ ਲਈ, ਸਨਅਤੀ ਝਗੜੇ ਸੁਲਝਾਉਣ, ਰੁਜ਼ਗਾਰ ਦੀ ਸੁਰੱਖਿਆ ਅਤੇ ਮਜ਼ਦੂਰਾਂ ਤੇ ਕਰਮਚਾਰੀਆਂ ਦੇ ਹੋਰ ਮਸਲਿਆਂ ਸਬੰਧੀ ਅਨੇਕਾਂ ਕਾਨੂੰਨ ਬਣੇ ਅਤੇ ਲਾਗੂ ਕੀਤੇ ਗਏ। ਇੱਥੇ ਇਹ ਵਰਨਣ ਕਰਨਾ ਉਚਿਤ ਹੋਵੇਗਾ ਕਿ ਮਜ਼ਦੂਰਾਂ ਸਬੰਧੀ ਲਾਗੂ ਕੀਤੇ ਗਏ ਕਾਨੂੰਨਾਂ ਨੇ ਬਿਨ੍ਹਾਂ ਸ਼ੱਕ ਕੁੱਝ ਹੱਦ ਤੱਕ ਮਜ਼ਦੂਰ ਜਮਾਤ ਨੂੰ ਲੋੜੀਂਦੀ ਰਾਹਤ ਅਤੇ ਸੁਰੱਖਿਆ ਮੁਹੱਈਆ ਕਰਵਾਈ ਸੀ। ਕਾਨੂੰਨਾਂ ਵਿੱਚ ਲੋੜ ਅਨੁਸਾਰ ਸਮੇਂ-ਸਮੇਂ 'ਤੇ ਤਬਦੀਲੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਸਨ।

ਸੰਸਾਰ ਪੱਧਰ 'ਤੇ ਉਦਾਰਵਾਦੀ ਨੀਤੀਆਂ ਲਾਗੂ ਹੋਣ ਤੋਂ ਬਾਅਦ ਅੰਤਰ-ਰਾਸ਼ਟਰੀ ਸੰਸਥਾਵਾਂ ਜਿਵੇਂ ਵਿਸ਼ਵ ਬੈਂਕ, ਅੰਤਰ ਰਾਸ਼ਟਰੀ ਮੁਦਰਾ ਕੋਸ਼ ਅਤੇ ਸਾਮਰਾਜੀ ਤੇ ਪੂੰਜੀਪਤੀ ਸ਼ਕਤੀਆਂ ਨੇ ਸਮੇਂ ਸਮੇਂ ਦੀਆਂ ਸਰਕਾਰਾਂ 'ਤੇ ਨਿਵੇਸ਼ ਵਧਾਉਣ ਅਤੇ ਆਰਥਿਕ ਤਰੱਕੀ ਦੀ ਦਰ ਉੱਚੀ ਕਰਨ ਦੇ ਬਹਾਨੇ ਇਹ ਦਬਾਅ ਬਣਾਇਆ ਕਿ ਮੌਜੂਦਾ ਮਜ਼ਦੂਰਾਂ ਸਬੰਧੀ ਕਾਨੂੰਨਾਂ ਵਿੱਚ ਕਾਰਪੋਰੇਟ ਘਰਾਣਿਆਂ, ਸਰਮਾਏਦਾਰਾਂ ਅਤੇ ਪੂੰਜੀਪਤੀਆਂ ਦੇ ਪੱਖ ਵਿੱਚ ਤਬਦੀਲੀਆਂ ਕੀਤੀਆਂ ਜਾਣ। ਦੁਨੀਆਂ ਭਰ ਵਿੱਚ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਨਾਲ ਗੰਢਤੁੱਪ ਕਰਕੇ ਯੋਜਨਾਬੱਧ ਤਰੀਕੇ ਨਾਲ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਦੇ ਵਿਰੁੱਧ ਨਰਮ ਕੀਤਾ ਜਾਂ ਖਤਮ ਕੀਤਾ ਹੈ। ਭਾਰਤ ਵਿੱਚ ਵੀ 1990ਵਿਆਂ ਤੋਂ ਬਾਅਦ ਕਾਰਪੋਰੇਟ ਸਨਅਤਕਾਰਾਂ ਅਤੇ ਸਰਮਾਏਦਾਰਾਂ, ਅਤੇ ਵੱਖ-ਵੱਖ ਕੇਂਦਰ ਸਰਕਾਰਾਂ ਦੀ ਯੋਜਨਾਬੱਧ ਮਿਲੀ ਭੁਗਤ ਨਾਲ ਮਜ਼ਦੂਰਾਂ ਦੇ ਹੱਕਾਂ ਅਤੇ ਅਧਿਕਾਰਾਂ ਦੇ ਖਿਲਾਫ਼ ਮਜ਼ਦੂਰਾਂ ਸਬੰਧੀ ਕਾਨੂੰਨਾਂ ਵਿੱਚ ਸੋਧਾਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਅੱਜ ਉਹ ਆਪਣੇ ਇਸ ਮਕਸਦ ਵਿੱਚ ਸਫਲ ਹੋਏ ਹਨ। ਇਸੇ ਸੰਦਰਭ ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਦੂਜੇ ਕਿਰਤ ਕਮਿਸ਼ਨ ਦਾ 1999 ਵਿੱਚ ਗਠਨ ਕੀਤਾ ਸੀ। ਇਸ ਕਮਿਸ਼ਨ ਨੇ 2002 ਵਿੱਚ 40 ਤੋਂ ਵੱਧ ਕੇਂਦਰੀ ਅਤੇ 100 ਦੇ ਨੇੜੇ ਸੂਬਿਆਂ ਦੇ ਮਜ਼ਦੂਰਾਂ ਸਬੰਧੀ ਕਾਨੂੰਨਾਂ ਨੂੰ ਚਾਰ ਕਿਰਤ ਕੋਡਜ਼ ਵਿੱਚ ਇਕੱਠਾ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਸਨ। ਮੌਜੂਦਾ ਸਰਕਾਰ ਨੇ ਮਜ਼ਦੂਰਾਂ ਸਬੰਧੀ ਸਾਰੇ ਕਾਨੂੰਨਾਂ ਨੂੰ ਚਾਰ ਕਿਰਤ ਕੋਡਜ਼, ਜਿਹੜੇ ਕਿ ਮੋਟੇ ਰੂਪ ਵਿੱਚ ਮਜ਼ਦੂਰ ਅਤੇ ਕਰਮਚਾਰੀ ਵਿਰੋਧੀ ਹਨ, ਵਿੱਚ ਇਕੱਠਾ ਕਰ ਦਿੱਤਾ ਹੈ। ਇਸੇ ਤਰ੍ਹਾਂ ਸਰਕਾਰਾਂ ਨੇ ਆਪਣੇ ਦਫ਼ਤਰਾਂ ਅਤੇ ਅਦਾਰਿਆਂ ਵਿੱਚ ਕਰਮਚਾਰੀਆਂ ਸਬੰਧੀ ਕਾਨੂੰਨਾਂ ਅਤੇ ਨਿਯਮਾਂ ਵਿੱਚ ਸੋਧਾਂ ਕਰਕੇ ਪਾਰਟ ਟਾਇਮ/ਕੱਚੀਆਂ ਨੌਕਰੀਆਂ ਨੂੰ ਨਵੀਆਂ ਵਿਧੀਆਂ ਰਾਹੀਂ ਬਹੁਤ ਹੀ ਘੱਟ ਤਨਖਾਹਾਂ ਦੇਣ ਨੂੰ ਤਰਜੀਹ ਦਿੱਤੀ ਹੈ। ਅੱਜ ਕੱਲ੍ਹ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ/ ਪੂੰਜੀਪਤੀਆਂ ਵੱਲੋਂ ਇਹ ਪ੍ਰਚਾਰਿਆ ਵੀ ਜਾ ਰਿਹਾ ਹੈ ਕਿ ਰੁਜ਼ਗਾਰ ਦੇ ਮੌਕੇ ਘਟ ਗਏ ਹਨ, ਪਰ ਇਹ ਬਿਲਕੁਲ ਗ਼ਲਤ ਹੈ, ਕਿਉਂਕਿ ਜੇ ਪਹਿਲਾਂ ਨਾਲੋਂ ਆਬਾਦੀ ਵਧੀ ਹੈ ਅਤੇ ਮੰਗ ਵੀ ਵਧੀ ਹੈ ਤਾਂ ਰੁਜ਼ਗਾਰ ਦੇ ਮੌਕੇ ਕਿਵੇਂ ਘਟ ਸਕਦੇ ਹਨ? ਅਜਿਹਾ ਪ੍ਰਚਾਰ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਵੱਲੋਂ ਜਾਣਬੁੱਝ ਕੇ ਕੀਤਾ ਜਾ ਰਿਹਾ ਤਾਂ ਕਿ ਉਹ ਆਪਣੇ ਮੁਨਾਫ਼ੇ ਵਧਾਉਣ ਲਈ ਮਜ਼ਦੂਰ ਅਤੇ ਕਰਮਚਾਰੀਆਂ ਦੀਆਂ ਨੌਕਰੀਆਂ ਨੂੰ ਆਰਜ਼ੀ/ਕੱਚੀਆਂ, ਬਹੁਤ ਹੀ ਘੱਟ ਤਨਖਾਹਾਂ 'ਤੇ ਭਰ ਸਕਣ ਅਤੇ ਕਰਮਚਾਰੀਆਂ ਅਤੇ ਮਜ਼ਦੂਰਾਂ ਦੀ ਨੰਗੀ ਚਿੱਟੀ ਲੁੱਟ ਕਰ ਸਕਣ।

ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਨ ਦਾ ਮੁੱਖ ਮੰਤਵ ਮਜ਼ਦੂਰਾਂ ਅਤੇ ਕਰਮਚਾਰੀਆਂ ਦਾ ਵੱਧ ਤੋਂ ਵੱਧ ਸ਼ੋਸ਼ਣ ਕਰਨਾ ਸੀ ਅਤੇ ਹੈ। ਇਨ੍ਹਾਂ ਸੋਧਾਂ ਨੇ ਪੱਕੀਆਂ ਨੌਕਰੀਆਂ ਨੂੰ ਖਤਮ ਕੀਤਾ, ਰੁਜ਼ਗਾਰ ਦੀ ਕੁਆਲਿਟੀ/ਗੁਣਵਤਾ ਨੂੰ ਮਾੜਾ ਕੀਤਾ,

ਨੌਕਰੀਆਂ ਦੀ ਸੁਰੱਖਿਆ ਨੂੰ ਖਤਮ ਕੀਤਾ, ਕੱਚੀਆਂ/ ਪਾਰਟ ਟਾਇਮ ਨੌਕਰੀਆਂ ਨੂੰ ਤਰਜੀਹ ਦਿੱਤੀ ਅਤੇ ਸਾਰੇ ਦਾ ਸਾਰਾ ਰੁਜ਼ਗਾਰ ਠੇਕੇਦਾਰੀ ਸਿਸਟਮ ਅਤੇ ਆਊਟਸੋਰਸਿੰਗ ਵਿਧੀਆਂ ਰਾਹੀਂ ਬਹੁਤ ਹੀ ਘੱਟ ਤਨਖਾਹਾਂ ਉੱਤੇ ਦੇਣ ਦੀ ਪਿਰਤ ਪਾਈ ਹੈ। ਇਸ ਨਾਲ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਦੇ ਮੁਨਾਫ਼ੇ ਵਿੱਚ ਚੋਖਾ ਵਾਧਾ ਹੋਇਆ ਪਰ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਆਰਥਿਕ ਸ਼ੋਸ਼ਣ ਹੋਣ ਕਰਕੇ ਤੰਗੀਆਂ ਤੁਰਸ਼ੀਆਂ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ ਅਤੇ ਉਨ੍ਹਾਂ ਦਾ ਭਵਿੱਖ ਬਰਬਾਦ ਕਰ ਦਿੱਤਾ ਗਿਆ ਹੈ। ਪਿਛਲੇ ਸਮੇਂ ਵਿੱਚ ਭਾਰਤ ਸਮੇਤ ਦੁਨੀਆਂ ਦੇ ਕਾਰਪੋਰੇਟ ਘਰਾਣਿਆਂ ਨੇ ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਵੱਡੇ ਪੱਧਰ 'ਤੇ ਛਾਂਟੀ ਕੀਤੀ ਹੈ ਕਿਉਂਕਿ ਹੁਣ ਇਨ੍ਹਾਂ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਰੁਜ਼ਗਾਰ ਦੀ ਸੁਰੱਖਿਆ ਅਤੇ ਗਰੰਟੀ ਨਹੀਂ ਹੈ। ਛਾਂਟੀ ਕੀਤੇ ਗਏ ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਥਾਂ ਹੁਣ ਰੁਜ਼ਗਾਰ ਠੇਕੇਦਾਰੀ ਸਿਸਟਮ ਅਤੇ ਆਊਟਸੋਰਸਿੰਗ ਵਿਧੀਆਂ ਰਾਹੀਂ ਦਿੱਤਾ ਜਾ ਰਿਹਾ ਹੈ ।

ਹੁਣ ਮਜ਼ਦੂਰਾਂ ਅਤੇ ਕਰਮਚਾਰੀਆਂ ਦਾ ਸਰਕਾਰਾਂ, ਕਾਰਖਾਨਿਆਂ ਦੇ ਮਾਲਕਾਂ ਅਤੇ ਦਫ਼ਤਰਾਂ ਦੇ ਮਾਲਕਾਂ ਨਾਲ ਸਿੱਧਾ ਕੋਈ ਸਬੰਧ ਨਹੀਂ ਕਿਉਂਕਿ ਉਹ ਹੁਣ ਠੇਕੇਦਾਰ ਜਾਂ ਆਊਟਸੋਰਸਿੰਗ ਕੰਪਨੀ ਦੇ ਨੌਕਰ ਹਨ। ਇਸ ਲਈ ਉਹ ਹੁਣ ਕਾਰਖਾਨਿਆਂ ਦੇ ਮਾਲਕਾਂ, ਕਾਰਪੋਰੇਟ ਘਰਾਣਿਆਂ ਅਤੇ ਦਫ਼ਤਰਾਂ ਦੇ ਮਾਲਕਾਂ ਤੋਂ ਆਪਣੇ ਲਈ ਸਹੂਲਤਾਂ ਅਤੇ ਤਨਖਾਹਾਂ ਵਧਾਉਣ ਦੀ ਮੰਗ ਵੀ ਨਹੀਂ ਕਰ ਸਕਦੇ, ਨਾ ਹੀ ਉਹ ਯੂਨੀਅਨਾਂ ਬਣਾ ਸਕਦੇ ਹਨ, ਅਤੇ ਨਾ ਹੀ ਸੰਗਠਤ ਹੋ ਸਕਦੇ ਹਨ। ਇਨ੍ਹਾਂ ਵਿਧੀਆਂ ਰਾਹੀਂ ਭਰਤੀ ਕੀਤੇ ਗਏ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਇੱਕੋ ਹੀ ਅਦਾਰੇ ਵਿੱਚ ਰੁਜ਼ਗਾਰ ਲਈ ਲੰਮੇ ਸਮੇਂ ਤੱਕ ਨਹੀਂ ਭੇਜਿਆ ਜਾਂਦਾ ਹੈ ਕਿਉਂਕਿ ਠੇਕੇਦਾਰ ਅਤੇ ਆਊਟਸੋਰਸਿੰਗ ਕੰਪਨੀ ਇਨ੍ਹਾਂ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਕਾਰਖਾਨਿਆਂ ਅਤੇ ਦਫ਼ਤਰਾਂ ਨੂੰ ਲਗਾਤਾਰ ਬਦਲਦੇ ਰਹਿੰਦੇ ਹਨ।

ਭਾਰਤ ਵਿੱਚ ਕੇਂਦਰ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਆਪਣੇ ਦਫ਼ਤਰਾਂ ਅਤੇ ਅਦਾਰਿਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਖਾਲੀ ਹੋ ਰਹੀਆਂ ਪੱਕੀਆਂ ਨੌਕਰੀਆਂ/ ਅਸਾਮੀਆਂ ਨੂੰ ਮੁੜ ਭਰਨਾ ਬੰਦ ਕੀਤਾ ਹੋਇਆ ਹੈ। ਇਨ੍ਹਾਂ ਨੌਕਰੀਆਂ ਅਤੇ ਅਸਾਮੀਆਂ ਨੂੰ ਪੱਕੇ ਤੌਰ 'ਤੇ ਖਤਮ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਥਾਂ ਨੌਕਰੀਆਂ ਅਤੇ ਅਸਾਮੀਆਂ ਨੂੰ ਆਰਜ਼ੀ ਤੌਰ 'ਤੇ ਬਹੁਤ ਹੀ ਘੱਟ ਤਨਖਾਹਾਂ ਉੱਤੇ ਠੇਕੇਦਾਰੀ ਸਿਸਟਮ ਅਤੇ ਆਊਟਸੋਰਸਿੰਗ ਰਾਹੀਂ ਭਰਿਆ ਜਾ ਰਿਹਾ ਹੈ। ਉਂਝ ਇਸ ਤਹਿਤ ਅਜਿਹੇ ਮਜ਼ਦੂਰਾਂ ਤੇ ਕਰਮਚਾਰੀਆਂ ਨੂੰ ਬਹੁਤ ਵਧੀਆ ਤੇ ਪ੍ਰਭਾਵਸ਼ਾਲੀ ਨਾਮ ਦਿੱਤੇ ਗਏ ਹਨ ਜਿਵੇਂ ਕਿ ਯੋਜਨਾ ਕਰਮੀ, ਆਸ਼ਾ ਵਰਕਰਾਂ, ਮਿੱਡ ਡੇ ਮੀਲ ਕਰਮੀ, ਅਗਨੀਵੀਰ, ਸਿੱਖਿਆ ਕਰਮੀ ਆਦਿ। ਇਸੇ ਤਰ੍ਹਾਂ ਤਕਨੀਕੀ ਪੜ੍ਹਾਈ ਦੇ ਅਦਾਰਿਆਂ ਦੇ ਵਿਦਿਆਰਥੀਆਂ ਨਾਲ ਸੰਬੰਧਿਤ ਸਿਖਾਂਦਰੂ ਐਕਟ, ਟਰੇਨਿੰਗ ਐਕਟ ਆਦਿ ਵਿੱਚ ਵੀ ਸੋਧਾਂ ਕਰਕੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਵੱਲੋਂ ਤਕਨੀਕੀ ਪਾੜ੍ਹਿਆਂ ਦੇ ਸ਼ੋਸਣ ਦਾ ਰਾਹ ਪੱਧਰਾ ਕੀਤਾ ਹੈ।

ਸਰਕਾਰਾਂ, ਇਨ੍ਹਾਂ ਸੋਧਾਂ ਦੀ ਹਮਾਇਤ ਕਰਨ ਵਾਲੇ ਲੋਕ, ਰਾਜਨੀਤਕ ਪਾਰਟੀਆਂ ਮਜ਼ਦੂਰਾਂ ਅਤੇ ਕਰਮਚਾਰੀਆਂ ਸਬੰਧੀ ਕਾਨੂੰਨਾਂ ਵਿੱਚ ਸੋਧਾਂ ਨੂੰ ਮਜ਼ਦੂਰ ਅਤੇ ਕਰਮਚਾਰੀ ਪੱਖੀ, ਉਨ੍ਹਾਂ ਦੀ ਭਲਾਈ ਵਾਲੇ ਅਤੇ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲੇ ਗਰਦਾਨ ਰਹੇ ਹਨ। ਇਹ ਸੋਧਾਂ ਕਰਨ ਵੇਲੇ ਹਾਕਮ ਜਮਾਤ ਨੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਨਾਲ ਮਿਲ ਕੇ ਬੜੀ ਚਲਾਕੀ ਨਾਲ ਇਨ੍ਹਾਂ ਸੋਧਾਂ ਵਿਚ ਮਜ਼ਦੂਰਾਂ ਨੂੰ ਭਰਮਾਉਣ ਵਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ। ਪਰ ਜੇ ਗਹੁ ਨਾਲ ਇਨ੍ਹਾਂ ਦਾ ਨਿਰੀਖਣ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ਸਾਰੀਆਂ ਸੋਧਾਂ ਮਜ਼ਦੂਰਾਂ/ ਕਰਮਚਾਰੀਆਂ ਦੇ ਖਿਲਾਫ਼ ਅਤੇ ਪੂੰਜੀਪਤੀਆਂ/ਕਾਰਪੋਰੇਟਸ ਦੇ ਹਿੱਤਾਂ ਵਿੱਚ ਕੀਤੀਆਂ ਗਈਆਂ ਹਨ। ਉਦਾਹਰਣ ਦੇ ਤੌਰ 'ਤੇ ਟਰੇਡ ਯੂਨੀਅਨ ਐਕਟ 1926 ਤਹਿਤ ਮਜ਼ਦੂਰਾਂ ਨੂੰ ਮਜ਼ਦੂਰ ਸੰਗਠਨ ਬਣਾ ਕੇ ਆਪਣੀਆਂ ਵਿੱਤੀ ਅਤੇ ਹੋਰ ਮੰਗਾਂ ਲਈ ਸੰਘਰਸ਼ ਕਰਨ ਦੀ ਖੁੱਲ੍ਹ ਸੀ ਅਤੇ ਮਜ਼ਦੂਰਾਂ ਦੇ ਸੰਗਠਤ ਹੋਣ ਨਾਲ ਉਨ੍ਹਾਂ ਦੀ ਤਾਕਤ ਵਧਣ ਕਾਰਨ ਮਜ਼ਦੂਰਾਂ ਨੂੰ ਆਪਣੀਆਂ ਮੰਗਾਂ ਦੀ ਪੂਰਤੀ ਵਿੱਚ ਕਾਫੀ ਸਹਾਇਤਾ ਮਿਲਦੀ ਰਹੀ ਹੈ। ਟਰੇਡ ਯੂਨੀਅਨ ਲੀਡਰਾਂ ਨੂੰ ਹੜਤਾਲਾਂ ਅਤੇ ਸੰਘਰਸ਼ ਕਰਨ ਦੇ ਦੌਰਾਨ ਕਈ ਕਿਸਮ ਦੇ ਸਿਵਲ ਅਤੇ ਫੌਜਦਾਰੀ ਕਾਨੂੰਨਾਂ ਤੋਂ ਛੋਟ ਮਿਲੀ ਹੋਈ ਸੀ। ਐਕਟ ਅਧੀਨ ਕਾਰਖਾਨੇ/ਫੈਕਟਰੀ ਦੇ ਕੋਈ ਵੀ 7 ਜਾਂ 7 ਤੋਂ ਵੱਧ ਮਜ਼ਦੂਰ ਆਪਣੇ ਨਾਮ ਅਤੇ ਪਤਾ ਦੱਸ ਕੇ ਸਬੰਧਤ ਰਜਿਸਟਰਾਰ ਕੋਲ ਆਪਣੀ ਯੂਨੀਅਨ ਰਜਿਸਟਰਡ ਕਰਵਾ ਸਕਦੇ ਸਨ। ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀ ਸਨਅਤਕਾਰ ਐਕਟ ਦੀ ਇਸ ਧਾਰਾ ਨੂੰ ਹਮੇਸ਼ਾ ਅੜਿੱਕਾ ਸਮਝਦੇ ਰਹੇ ਹਨ ਅਤੇ ਮੰਗ ਕਰਦੇ ਰਹੇ ਹਨ ਕਿ ਯੂਨੀਅਨ ਰਜਿਸਟਰਡ ਕਰਵਾਉਣ ਲਈ ਮਜ਼ਦੂਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਕੀਤਾ ਜਾਵੇ। ਇਨ੍ਹਾਂ ਸੋਧਾਂ ਨੇ ਮਜ਼ਦੂਰਾਂ ਦੇ ਸੰਗਠਤ ਹੋਣ ਦੇ ਹੱਕ ਨੂੰ ਪੂਰੀ ਤਰ੍ਹਾਂ ਢਾਹ ਲਗਾਈ ਗਈ ਹੈ ਕਿਉਂਕਿ ਹੁਣ ਮਜ਼ਦੂਰ ਯੂਨੀਅਨ ਰਜਿਸਟਰਡ ਕਰਵਾਉਣ ਲਈ ਕਾਰਖਾਨੇ/ਫੈਕਟਰੀ ਵਿਚ **ਬਾਕੀ ਪੰਨਾ 48 'ਤੇ ...**

# ਨਿਵੇਕਲੀਆਂ ਪੈੜਾਂ

## ਅੰਗਹੀਣ ਬੀਬੀ ਰਵੀਤਾ ਸੇਖਾ ਨੇ ਆਪਣਾ ਜੀਵਨ ਲੋਕਾਂ ਦੇ ਅਤੇ ਮੌਤ ਉਪਰੰਤ ਦੇਹ ਵਿਗਿਆਨਕ ਖੋਜਾਂ ਦੇ ਲੇਖੇ ਲਾਈ



ਤਰਕਸ਼ੀਲ ਸੁਸਾਇਟੀ ਪੰਜਾਬ ਦੀ ਬਰਗਾੜੀ ਇਕਾਈ ਦੀ ਲੰਮਾ ਸਮਾਂ ਮੈਂਬਰ ਰਹੀ ਬੀਬੀ ਰਵੀਤਾ ਸੇਖਾ ਮਿਤੀ 22-08- 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਰਵੀਤਾ ਦਾ ਜਨਮ 15 ਅਪ੍ਰੈਲ 1961 ਨੂੰ ਪ੍ਰਸਿੰਨੀ ਦੇਵੀ ਜੀ ਦੀ ਕੁੱਖੋਂ ਪਿਤਾ ਮੰਗੂ ਰਾਮ ਜੀ ਦੇ ਘਰ ਪਿੰਡ ਸੇਖਾ ਕਲਾਂ ਜਿਲ੍ਹਾ ਮੋਗਾ ਵਿਖੇ ਹੋਇਆ। ਬਚਪਨ ਵਿੱਚ ਹੀ ਪੋਲੀਓ ਦਾ ਸ਼ਿਕਾਰ ਹੋਣ ਕਰਕੇ ਬੀਬੀ ਰਵੀਤਾ ਰਾਣੀ ਦੋਵੇਂ ਲੱਤਾਂ ਅਤੇ ਇੱਕ ਬਾਂਹ ਤੋਂ ਅੰਗਹੀਣ ਹੋ ਗਏ ਸਨ ਪਰ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਪਿੰਡ ਸੇਖਾ ਕਲਾਂ ਦੇ ਵੱਡੇ ਸਕੂਲ ਵਿੱਚ ਪਹਿਲਾਂ ਰਿੜ੍ਹ ਕੇ ਅਤੇ ਫਿਰ ਟਰਾਈ ਸਾਈਕਲ ਉੱਤੇ ਜਾ ਕੇ ਦਸਵੀਂ ਪਾਸ ਕੀਤੀ। ਫਿਰ ਪਿੰਡ ਤੋਂ 6 ਕਿਲੋਮੀਟਰ ਦੂਰ ਸਰਕਾਰੀ ਸਕੂਲ ਮੱਲ ਕੇ ਤੋਂ ਹਾਇਰ ਸੈਕੰਡਰੀ ਕੀਤੀ। ਛੋਟੇ ਹੁੰਦਿਆਂ ਬਾਪ ਦਾ ਸਾਇਆ ਸਿਰ ਤੋਂ ਉੱਠ ਜਾਣ ਕਾਰਣ ਆਪਣੀ ਮਾਤਾ ਅਤੇ ਛੋਟੇ ਭਰਾਵਾਂ ਨੂੰ ਪੂਰਨ ਸਹਿਯੋਗ ਦਿੱਤਾ। ਉਹ ਪਿਛਲੇ ਤੀਹ ਸਾਲ ਤੋਂ ਪਿੰਡ ਦੇ ਬਰਾਂਚ ਪੋਸਟ ਮਾਸਟਰ ਦਾ ਕੰਮ ਬਾਖੂਬੀ ਨਿਭਾ ਰਹੇ ਸਨ। ਅੰਗਹੀਣ ਹੋਣ ਦੇ ਬਾਵਜੂਦ ਉਹ ਪਿੰਡ ਦੇ ਹਰ ਦੁੱਖ-ਸੁਖ ਵਿੱਚ ਹਾਜ਼ਰ ਹੁੰਦੇ ਸਨ। ਪਿੰਡ ਦੇ ਲੋਕਾਂ ਦੇ ਘਰੇਲੂ ਮਾਮਲਿਆਂ, ਖਾਸ ਕਰ ਔਰਤਾਂ ਦੇ ਮਸਲਿਆਂ ਨੂੰ ਆਪਣੀ ਤਰਕ-ਬੁੱਧੀ ਨਾਲ ਨਜਿੱਠਦੇ ਸਨ। ਪਿੰਡ ਦੀਆਂ ਔਰਤਾਂ ਉਨ੍ਹਾਂ ਨੂੰ ਆਪਣੀ ਸੱਚੀ ਹਮਦਰਦ ਸਮਝਦੀਆਂ ਸਨ, ਇਥੋਂ ਤੱਕ ਕਿ ਔਰਤਾਂ ਉਨ੍ਹਾਂ ਨੂੰ ਆਪਣੀ ਬੱਚਤ ਦੀ ਰਕਮ ਜਦੋਂ ਚਾਹੇ ਫੜਾ ਜਾਂਦੀਆਂ ਸਨ ਅਤੇ ਜਦੋਂ ਲੋੜ ਹੋਵੇ ਲੈ ਜਾਂਦੀਆਂ ਸਨ। ਇਸ ਤੋਂ ਇਲਾਵਾ ਉਹ ਛੋਟੇ ਬੱਚਿਆਂ ਨੂੰ ਮੁਫਤ ਪੜ੍ਹਾਉਂਦੇ ਸਨ। 1989 ਤੋਂ 2000 ਤੱਕ ਉਹ ਆਪਣੇ ਛੋਟੇ ਭਰਾ ਸੱਤਪਾਲ ਦੇ ਨਾਲ ਜਿੱਥੇ ਇਕਾਈ ਬਰਗਾੜੀ ਦੇ ਮੈਂਬਰ ਰਹੇ, ਉੱਥੇ ਅੰਤ ਸਮੇਂ ਤੱਕ ਤਰਕਸ਼ੀਲ ਸੁਸਾਇਟੀ ਦੇ ਹਮਦਰਦ ਦੇ ਤੌਰ 'ਤੇ ਵਿਚਰਦੇ ਰਹੇ ਅਤੇ ਪਿੰਡ ਵਿੱਚ 'ਤਰਕਸ਼ੀਲ' ਮੈਗਜ਼ੀਨ ਪਾਠਕਾਂ ਤੱਕ ਪਹੁੰਚਾਉਂਦੇ ਰਹੇ। ਬੀਬੀ ਰਵੀਤਾ ਸੇਖਾ ਮਰਹੂਮ ਸਾਥੀ ਕ੍ਰਿਸ਼ਨ ਬਰਗਾੜੀ ਤੋਂ ਬਹੁਤ ਪ੍ਰਭਾਵਿਤ ਸਨ। ਜਿੱਥੇ ਉਨ੍ਹਾਂ ਅੰਤ ਸਮੇਂ ਤੱਕ ਪੜ੍ਹਨ ਪੜ੍ਹਾਉਣ ਦੀ ਰੁਚੀ ਨੂੰ ਬਰਕਰਾਰ ਰੱਖਿਆ, ਉੱਥੇ ਉਨ੍ਹਾਂ ਮਰਨ ਉਪਰੰਤ ਆਪਣੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਨੂੰ ਦੇਣ ਦੀ ਵਸੀਅਤ ਕੀਤੀ ਹੋਈ ਸੀ। ਵਸੀਅਤ ਅਨੁਸਾਰ ਉਸਦੇ ਭਰਾਵਾਂ ਸੱਤਪਾਲ ਸੇਖਾ ਅਤੇ ਨਰੇਸ਼ ਸੇਖਾ ਨੇ ਉਨ੍ਹਾਂ ਦੀ ਸੋਚ ਦੇ ਸਨਮੁੱਖ ਹਰ ਤਰ੍ਹਾਂ ਦੇ ਸਮਾਜਿਕ ਧਾਰਮਿਕ ਰੀਤੀ ਰਿਵਾਜਾਂ ਨੂੰ ਪਾਸੇ ਰਖਦਿਆਂ ਜਿੱਥੇ ਉਨ੍ਹਾਂ ਦੀ ਦੇਹ ਆਦੇਸ਼ ਮੈਡੀਕਲ ਕਾਲਜ ਬਠਿੰਡਾ ਨੂੰ ਇਕਾਈ ਬਰਗਾੜੀ ਦੇ ਸਹਿਯੋਗ ਨਾਲ ਪ੍ਰਦਾਨ ਕੀਤੀ ਉੱਥੇ ਬਗੈਰ ਕਿਸੇ ਧਾਰਮਿਕ ਰਸਮ ਤੋਂ ਸਾਦਾ ਸਤਿਕਾਰ ਸਮਾਗਮ ਆਯੋਜਿਤ ਕੀਤਾ। **ਰਣਜੀਤ ਸਿਵੀਆਂ**

**ਜਥੇਬੰਦਕ ਮੁਖੀ, ਇਕਾਈ ਬਰਗਾੜੀ**

## ਸਤਿਕਾਰ ਸਮਾਗਮ: ਸਰੀਰ ਪ੍ਰਦਾਨੀ ਬਾਪੂ ਸੌਦਾਗਰ ਸਿੰਘ ਲੱਧੂਵਾਲਾ



ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮੁਕਤਸਰ ਲੱਖੇਵਾਲੀ ਇਕਾਈ ਦੇ ਪ੍ਰਧਾਨ ਬਲਦੇਵ ਸਿੰਘ ਲੱਧੂ ਵਾਲਾ, ਲੈਕਚਰਾਰ ਚੰਦ ਸਿੰਘ ਤੇ ਬਲਵਿੰਦਰ ਸਿੰਘ ਦੇ ਪਿਤਾ ਸੌਦਾਗਰ ਸਿੰਘ ਦੀ ਮ੍ਰਿਤਕ ਦੇਹ ਮੈਡੀਕਲ ਖ਼ੋਜ ਕਾਰਜਾਂ ਲਈ 14 ਸਤੰਬਰ 23 ਨੂੰ ਆਦੇਸ਼ ਮੈਡੀਕਲ ਕਾਲਜ ਨੂੰ ਸੌਂਪੀ ਗਈ। ਬਾਪੂ ਸੌਦਾਗਰ ਸਿੰਘ ਨੇ ਆਪਣੀ ਜਿਉਂਦੇ ਜੀਅ ਆਪਣਾ ਸਰੀਰ ਖੋਜ ਕਾਰਜਾਂ ਲਈ ਦੇਣ ਦੀ ਇੱਛਾ ਜਤਾਈ ਸੀ। 22 ਸਤੰਬਰ ਨੂੰ ਹੋਏ ਸਤਿਕਾਰ ਸਮਾਗਮ ਵਿੱਚ ਆਦੇਸ਼ ਕਾਲਜ ਤੋਂ ਆਏ ਡਾ.ਅਰੁਣ ਪੁਰੀ ਨੇ ਮ੍ਰਿਤਕ ਸਰੀਰ ਤੇ ਅੰਗਾਂ ਨੂੰ ਮੈਡੀਕਲ ਖੋਜ ਕਾਰਜਾਂ ਲਈ ਸੌਂਪਣ ਦੇ ਮਹੱਤਵ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਬੋਲਦਿਆਂ ਸੁਸਾਇਟੀ ਦੇ ਸੂਬਾ ਆਗੂ ਰਾਮ ਸਵਰਨ ਲੱਖੇਵਾਲੀ ਨੇ ਮਾਨਵਤਾ ਦੇ ਭਲੇ ਵਾਲੀ ਇਸ ਪਿਰਤ ਨੂੰ ਵਿਗਿਆਨਕ ਚੇਤਨਾ ਦੇ ਪਾਸਾਰ ਦਾ ਅਹਿਮ ਕਾਰਜ ਦੱਸਿਆ। ਇਸ ਮੌਕੇ ਰਿਸ਼ਤੇਦਾਰ ਤੇ ਪਿੰਡ ਦੇ ਪਤਵੰਤੇ, ਫਾਜਿਲਕਾ ਸੁਸਾਇਟੀ ਦੇ ਜ਼ੋਨ ਫਾਜਿਲਕਾ ਦੇ ਮੁਖੀ ਪ੍ਰਵੀਨ ਜੰਡਵਾਲਾ, ਕੁਲਜੀਤ ਡੰਗਰ ਖੇੜਾ, ਬੂਟਾ ਸਿੰਘ ਵਾਕਿਫ, ਅਵਤਾਰ ਦੀਪ, ਗੁਰਦੇਵ ਸਿੰਘ ਤੋਂ ਇਲਾਵਾ ਪ੍ਰੀਵਾਰ ਦੇ ਸਨੇਹੀ ਵੱਡੀ ਗਿਣਤੀ ਵਿੱਚ ਮੌਜੂਦ ਸਨ। ਪਰਿਵਾਰ ਵੱਲੋਂ ਮੁਖੀ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਭੇਂਟ ਕਰਨ ਦੀ ਪਿਰਤ ਤੇ ਪ੍ਰੇਰਨਾ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ।

## ਕੈਪਟਨ ਨਿਰੰਜਣ ਸਿੰਘ ਦੇ ਸਤਿਕਾਰ ਸਮਾਗਮ ਮੌਕੇ ਪੌਦੇ ਅਤੇ ਤਰਕਸ਼ੀਲ ਸਾਹਿਤ ਵੰਡਿਆ



ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਜੋਗਿੰਦਰ ਕੁੱਲੇਵਾਲ ਦੇ ਪਿਤਾ ਕੈਪਟਨ ਨਿਰੰਜਣ ਸਿੰਘ ਦੇ ਸਤਿਕਾਰ ਸਮਾਗਮ 'ਤੇ ਵਿਚਾਰ ਚਰਚਾ ਸਮਾਗਮ ਪਿੰਡ ਕੁੱਲੇਵਾਲ ਵਿਖੇ ਕਰਵਾਇਆ ਗਿਆ। ਇਸ ਮੌਕੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਇਸ ਸਮਾਗਮ ਦੌਰਾਨ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਤਰਕਸ਼ੀਲ ਆਗੂ ਸਤਪਾਲ ਸਲੋਹ, ਨਰੇਸ਼ ਭੰਮੀਆਂ, ਜਗਦੀਸ਼ ਰਾਏਪੁਰ ਡੱਬਾ, ਕਾਮਰੇਡ ਦਰਸ਼ਨ ਸਿੰਘ ਮੱਟੂ, ਐੱਸ. ਪੀ. ਗਿਆਨ ਸਿੰਘ, ਰਣਜੀਤ ਸਿੰਘ ਮਾਨਸਾ, ਕੈਪਟਨ ਦੀਪ ਸਿੰਘ, ਰਜਿੰਦਰ ਸਿੰਘ, ਪ੍ਰੋ. ਜੇ. ਬੀ. ਸੇਖੋਂ, ਉੱਘੇ ਲੇਖਕ ਬੂਟਾ ਸਿੰਘ ਮਹਿਮੂਦਪੁਰ, ਧਰਮਿੰਦਰ ਮਸਾਣੀ, ਮਲਕੀਤ ਬਾਹੋਵਾਲ, ਹਵਾਲਦਾਰ ਰਾਜਿੰਦਰ ਸਿੰਘ, ਰਣਜੀਤ ਸਿੰਘ, ਮਾ. ਸ਼ੰਕਰਦਾਸ ਆਦਿ ਨੇ ਕੈਪਟਨ ਨਿਰੰਜਣ ਸਿੰਘ ਨੂੰ ਸਤਿਕਾਰ ਭੇਂਟ ਕਰਦਿਆਂ ਉਨ੍ਹਾਂ ਦੇ ਜੀਵਨ ਸਫ਼ਰ ਅਤੇ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਨਿਵੇਕਲੇ ਸਮਾਗਮ ਦੌਰਾਨ ਜਿੱਥੇ ਬੁਲਾਰਿਆਂ ਨੇ ਜੀਵਨ, ਮੌਤ, ਗ਼ੈਰ-ਕੁਦਰਤੀ ਮੌਤਾਂ ਤੇ ਜੀਵਨ ਦੇ ਹਰ ਪਹਿਲੂਆਂ 'ਤੇ ਵਿਚਾਰਾਂ ਕੀਤੀਆਂ, ਉੱਥੇ ਜੋਗਿੰਦਰ ਕੁੱਲੇਵਾਲ ਦੇ ਪਰਿਵਾਰ ਵੱਲੋਂ 500 ਦੇ ਕਰੀਬ ਫਲਦਾਰ, ਛਾਂਦਾਰ ਪੌਦੇ ਵੰਡੇ ਗਏ ਅਤੇ ਆਏ ਰਿਸ਼ਤੇਦਾਰਾਂ ਤੇ ਹਾਜ਼ਰੀਨ ਨੂੰ "ਤਰਕਸ਼ੀਲ ਮੈਗਜ਼ੀਨ" ਤੇ ਹੋਰ ਸਾਹਿਤ ਵੀ ਵੰਡਿਆ। ਜਸਵੀਰ ਬੇਗਮਪੁਰੀ ਨੇ ਸਾਹਿਤ ਸਟਾਲ ਲਗਾਇਆ। ਨਰਿੰਦਰ ਮਾਈ ਦਿੱਤਾ ਨੇ ਇਨਕਲਾਬੀ ਪ੍ਰਦਰਸ਼ਨੀ ਲਗਾਈ। ਪਰਿਵਾਰ ਵੱਲੋਂ ਸਾਬਕਾ ਫ਼ੌਜੀਆਂ ਅਤੇ ਸਮਾਜ 'ਚ ਹੋਰ ਅਗਾਂਹਵਧੂ ਪਿਰਤਾਂ ਪਾਉਣ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ। ਪਿਛਾਂਹਖਿੱਚੂ ਰਸਮਾਂ ਰਿਵਾਜਾਂ ਨੂੰ ਤਿਆਗ ਕੇ ਨਵੀਆਂ ਪਿਰਤਾਂ ਪਾਉਣ ਦਾ ਸੁਨੇਹਾ ਦਿੱਤਾ। ਸ਼ੋਕ ਸਮਾਗਮ ਲੋਕਾਂ ਲਈ ਪ੍ਰੇਰਨਾਸ੍ਰੋਤ ਬਣਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਲਵਿੰਦਰ ਹੀਰ, ਮਾ. ਦੇਸ ਰਾਜ, ਮੁਕੰਦ ਲਾਲ, ਲਾਲ ਬਹਾਦਰ ਗਾਂਧੀ, ਕੌਂਸਲਰ ਸੱਤਪਾਲ ਬਲਾਚੌਰ, ਮਨਜੀਤ ਸਿੰਘ ਥਾਣੇਦਾਰ, ਅਮਰਜੀਤ ਸਿੰਘ, ਹਰਬੰਸ ਸਿੰਘ, ਕਾਲਾ ਗੰਗਾ ਨਗਰ, ਰਾਜਪਾਲ ਸਿੰਘ, ਸੁਰਿੰਦਰ ਸ਼ਿੰਦਾ ਰਾਮੂਵਾਲਾ, ਹੰਸ ਰਾਜ ਬੂਲਪੁਰ, ਕੈਪਟਨ ਕਾਬਲ ਸਿੰਘ, ਬਲਜੀਤ ਧਰਮਕੋਟ, ਬਿਮਲਾ ਜਲੰਧਰ, ਜਸਵਿੰਦਰ ਕੌਰ, ਨਰਿੰਦਰ ਮਾਈ ਦਿੱਤਾ, ਰਾਜਵਿੰਦਰ ਕੌਰ, ਰਣਜੀਤ ਬਿੰਬੋ, ਦਵਿੰਦਰ ਗੋਗੋਂ, ਸੁਰਿੰਦਰ ਕਿੱਤਣਾ, ਜਗਤਾਰ ਸਿੰਘ, ਹਰਮੇਸ਼ ਲਾਲ ਸਮੁੰਦੜਾ, ਗੁਰਮੇਲ ਸਿੰਘ, ਸੰਤ ਰਾਮ, ਸੁਰਿੰਦਰ ਸਿੰਘ ਸ਼ਿੰਦਾ ਰਾਮੂਵਾਲ, ਪ੍ਰਕਾਸ਼ ਕੌਰ, ਵਿਕਾਸ ਨਾਰਦ, ਮਾ. ਬਲਵੰਤ ਰਾਮ, ਦਵਿੰਦਰ ਰਾਣਾ, ਕੁਲਭੂਸ਼ਣ ਮਹਿੰਦਵਾਣੀ, ਕੁਲਵਿੰਦਰ ਖਟਕੜ, ਸੁਖਵਿੰਦਰ ਤੂਰ, ਜਸਵਿੰਦਰ ਪੱਪੀ, ਕੁਲਵੰਤ ਕੌਰ ਨਗਰ ਮਾਨਵਤਾ ਕਲਾ ਮੰਚ ਗੁਰਨਾਮ ਹਾਜੀਪੁਰ, ਸੁਖਵਿੰਦਰ ਗੋਗਾ, ਬਲਜੀਤ ਗੋਲਡੀ, ਮਾ. ਰਾਜ ਕੁਮਾਰ, ਸੰਦੀਪ ਬਡੇਸਰੋਂ, ਹਰਭਜਨ ਕਲੇਰ, ਪ੍ਰਿੰਸੀਪਲ ਕਮਲਜੀਤ ਆਦਿ ਆਗੂਆਂ ਨੇ ਸ਼ਰਧਾਜਲੀਆਂ ਭੇਟ ਕੀਤੀਆਂ ਤੇ ਹੋਰ ਸਾਥੀਆਂ ਵੱਲੋਂ ਆਏ ਸ਼ੋਕ ਮਤੇ ਪੜ੍ਹੇ ਗਏ। ਜੋਗਿੰਦਰ ਕੁੱਲੇਵਾਲ, ਹਰਮਿੰਦਰ ਸਿੰਘ, ਸਿਮਰਨਜੀਤ ਸਿੰਘ ਨੇ ਧੰਨਵਾਦ ਕੀਤਾ। **-ਸੱਤਪਾਲ ਸਲੋਹ**

**ਹਾਕਾਂ ਦੇਵਣ ਵਾਲਿਓ !**

ਹਾਕਾਂ ਦੇਵਣ ਵਾਲਿਓ!
ਹਾਕਾਂ ਦੇਵਣ ਵਾਲਿਓ
ਰੁੱਕਿਓ ਨਾ!!
ਥੱਕਿਓ ਨਾ!
ਅੱਕਿਓ ਨਾ!
ਲੋਕ ਸੁੱਤੇ ਹੀ ਨੇ
ਮੋਏ ਤੇ ਨਹੀਂ ਨਾ!!!

**- ਮੁਹੰਮਦ ਆਸਿਫ ਰਜਾ**

**ਪੰਨਾ 46 ਦਾ ਬਾਕੀ** ਕੰਮ ਕਰਦੇ 10% ਜਾਂ ਵੱਧ ਮਜ਼ਦੂਰਾਂ ਦੀ ਸਹਿਮਤੀ ਹੋਣੀ ਲਾਜ਼ਮੀ ਕਰ ਦਿੱਤੀ ਗਈ ਹੈ। ਇਸ ਦੀ ਮੰਗ ਕਾਰਖਾਨੇ/ਫੈਕਟਰੀਆਂ ਦੇ ਮਾਲਕ ਲੰਮੇਂ ਸਮੇਂ ਤੋਂ ਕਰ ਰਹੇ ਸੀ ਪਰ ਮਜ਼ਦੂਰ ਯੂਨੀਅਨਾਂ ਇਸ ਦਾ ਵਿਰੋਧ ਕਰਦੀਆਂ ਰਹੀਆਂ ਹਨ।

ਇਹ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਸਰਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੀ ਮਿਲੀ ਭੁਗਤ ਨੇ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਹੱਕਾਂ ਨੂੰ ਅਣਗੌਲਿਆ ਹੀ ਨਹੀਂ ਕੀਤਾ ਸਗੋਂ ਸਰਕਾਰਾਂ ਉਨ੍ਹਾਂ ਨੂੰ ਖੋਰਾ ਲਾਉਣ ਦੇ ਨਾਲ ਨਾਲ ਪੂੰਜੀਪਤੀਆਂ, ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੇ ਹਿਤਾਂ ਦੀ ਰਾਖੀ ਕਰਕੇ ਉਨ੍ਹਾਂ ਦੇ ਹੱਕ ਵਿੱਚ ਭੁਗਤੀਆਂ ਹਨ। ਮੌਜੂਦਾ ਸਮੇਂ ਵਿੱਚ ਇਸ ਵਰਤਾਰੇ ਦਾ ਇੱਕੋ ਇੱਕ ਹੱਲ ਹੈ ਕਿ ਮਜ਼ਦੂਰ ਜਮਾਤ ਆਪਣੇ ਸਮਾਜਿਕ ਅਤੇ ਆਰਥਿਕ ਸ਼ੋਸ਼ਣ ਤੋਂ ਨਿਜਾਤ ਪਾਉਣ ਲਈ ਮੁੜ ਵੱਡੇ ਪੱਧਰ 'ਤੇ ਲਾਮਬੰਦ ਹੋ ਕੇ ਤਿੱਖੇ ਅਤੇ ਵੱਡੇ ਸੰਘਰਸ਼ ਵਿੱਢੇ ਤਾਂ ਕਿ ਉਹ ਆਪਣੇ ਮਨੁੱਖੀ ਅਤੇ ਜਮਹੂਰੀ ਹੱਕਾਂ ਦੀ ਬਹਾਲੀ ਕਰਵਾ ਸਕੇ। **98154 27127**

*ਸਾਬਕਾ ਡੀਨ ਅਤੇ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ, ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
email : tarkshiloffice@gmail.com



ਗਿਆਨ ਦੇ ਅਥਾਹ ਸਮੁੰਦਰ ਦਾ ਦੂਜਾ ਨਾਂਅ ਹੈ "ਤਰਕਸ਼ੀਲ" ਮੈਗਜੀਨ। ਜੁਰੱਅਤ ਦੀ ਬਾਤ ਪਾਉਣ ਵਾਲੇ ਨੂੰ ਕਹਿੰਦੇ ਹਨ "ਤਰਕਸ਼ੀਲ" ਮੈਗਜੀਨ। ਪਤਾਲ ਵਿੱਚੋਂ ਲੱਭ ਲੱਭ ਕੇ ਮੋਤੀ ਲਿਆਉਣ ਦਾ ਕੰਮ ਕਰਦਾ ਹੈ "ਤਰਕਸ਼ੀਲ" ਮੈਗਜੀਨ। "ਤਰਕਸੀਲ" ਮੈਗਜੀਨ ਨੂੰ ਰੇਗਮਾਰ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਜੰਗਾਲ ਲੱਗੀਆਂ ਸੋਚਾਂ ਨੂੰ ਰਗੜਨ ਦਾ ਕੰਮ ਬਾਖੂਬੀ ਕਰਨ ਜਾਣਦਾ ਹੈ ਇਹ ਮੈਗਜੀਨ। ਸਿਹਤਮੰਦ, ਨਰੋਆ ਤੇ ਖੁਸ਼ਹਾਲ ਜੀਵਨ ਬਤੀਤ ਕਰਨ ਦਾ ਰਾਹ ਦਸੇਰਾ ਵੀ ਅਖਵਾਉਂਦਾ ਹੈ ਗਿਆਨ ਵਿਗਿਆਨ ਅਤੇ ਚਿੰਤਨ ਦੀ ਆਵਾਜ "ਤਰਕਸ਼ੀਲ"।

* "ਹੈ ਕੋਈ ਸ਼ਰਮ ? ਡੁੱਬ ਮਰੋ ਮੁਲਕ ਦੇ ਹਾਕਮੋ !
ਅੱਜ ਹੀ ਆਪਣੇ ਆਪ ਨੂੰ ਮ੍ਰਿਤਕ ਐਲਾਨ ਦੇਵੋ।" ਇਸ ਨੂੰ ਕਹਿੰਦੇ ਹਨ ਜਾਬਰਾਂ ਨੂੰ ਲਲਕਾਰ।

* "ਮਨੁੱਖ ਦੁਆਰਾ ਨਿਰਮਿਤ, 20 ਅਰਬ ਕਿਲੋਮੀਟਰ ਦੂਰ ਅਨੰਤ ਪੁਲਾੜ ਵਿੱਚ ਜਾ ਰਹੇ ਪੁਲਾੜੀ ਜਹਾਜ ਨੂੰ ਅਜੇ ਵੀ ਧਰਤੀ ਤੋਂ ਹਦਾਇਤਾਂ ਭੇਜੀਆਂ ਜਾ ਰਹੀਆਂ ਹਨ ਅਤੇ ਡਾਟਾ ਹਾਸਲ ਕੀਤਾ ਜਾ ਰਿਹਾ ਹੈ। ਇਹ ਹੈ ਅਸਲ 'ਕ੍ਰਿਸ਼ਮਾ' ਜੋ ਵਿਗਿਆਨ ਨੇ ਸੰਭਾਵ ਕੀਤਾ ਹੈ।"

* "ਇਸਾਈ ਅੰਗ– ਦਾਨੀ, ਮੁਸਲਿਮ ਅੰਗ ਲੈਣ ਵਾਲਾ ਲੋੜਵੰਦ ਤੇ ਹੱਥਾਂ ਦੀ ਸਰਜਰੀ ਕਰਨ ਵਾਲਾ ਹਿੰਦੂ ਡਾਕਟਰ। ਇਹ ਭਾਰਤ ਦੀ ਪਹਿਚਾਣ ਹੈ।"

* "ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ, ਅਸੈਂਬਲੀ ਵਿੱਚ ਬੰਬ ਸੁੱਟਣ ਅਤੇ ਫਾਂਸੀ ਦੇ ਫੰਦੇ 'ਤੇ ਲਟਕ ਜਾਣ ਤੋਂ ਕਿਤੇ ਜਿਆਦਾ ਹੈ"।

* "ਜਿਸ ਆਦਮੀ ਕੋਲ ਜਿਉਂਣ ਦਾ ਕੋਈ ਮਕਸਦ ਹੈ, ਕੋਈ ਅਰਥ ਹੈ, ਉਹ ਹਰ ਕਿਸਮ ਦੇ ਹਾਲਾਤ ਬਰਦਾਸਤ ਕਰ ਸਕਦਾ ਹੈ।"

* "ਜਦ ਕਲਾਸ ਰੂਮਾਂ ਦੀ ਮੌਤ ਹੋ ਜਾਵੇ ਤਾਂ ਲੋਕਤੰਤਰ ਵੀ ਮਰ ਜਾਂਦਾ ਹੈ।"

* "ਸਿਆਣਪ ਅਤੇ ਜਜਬੇ ਦਾ ਸੰਤੁਲਨ ਜਰੂਰੀ ਹੈ ਤੇ ਇਹ ਵਿਵਹਾਰ ਚੰਗੇ ਵਧੀਆ ਰਿਸ਼ਤੇ ਬਣਾ ਕੇ ਰੱਖਣ ਅਤੇ ਕਾਰਗਰ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ।"

* "ਡਾਕਟਰਾਂ ਨੇ 12 ਸਾਲਾਂ ਮੁੰਡੇ ਦੀ ਬਹੁਤ ਹੀ ਗੁੰਝਲਦਾਰ ਸਰਜਰੀ ਕਰਕੇ ਸਿਰ ਨੂੰ ਉਸਦੀ ਗਰਦਨ ਨਾਲ ਮੁੜ ਜੋੜ ਦਿੱਤਾ।"

ਇਹ ਹਨ ਨਮੂਨੇ ਵਜੋਂ ਕੁੱਝ ਨਿੱਖਰਵੇਂ ਬੋਲ ਜੋ ਸਤੰਬਰ ਅਕਤੂਬਰ ਦੇ "ਤਰਕਸ਼ੀਲ" ਮੈਗਜੀਨ ਵਿੱਚੋਂ ਮਿਲੇ ਹਨ। ਅਜਿਹੇ ਹੋਰ ਵੀ ਬੇਸਕੀਮਤੀ ਵਿਚਾਰ ਸਮੋਏ ਪਏ ਹਨ ਇਸ ਅੰਕ ਵਿਚ। ਥੋੜਾ ਹੰਭਲਾ ਮਾਰਨ ਦੀ ਲੋੜ ਹੈ, ਮਿਲ ਜਾਣਗੇ।

* "ਪੰਜਾਬੀ ਸਾਹਿਤ ਜਗਤ ਨੂੰ ਜਿੱਥੇ ਸਮਾਜਿਕ ਸਮੱਸਿਆਵਾਂ ਨੂੰ ਸੰਬੋਧਿਤ ਵੱਧ ਡੂੰਘੀਆਂ ਤੇ ਪ੍ਰਭਾਵਸ਼ਾਲੀ ਲਿਖਤਾਂ ਦੀ ਲੋੜ ਹੈ, ਉੱਥੇ ਪਾਠਕਾਂ ਦਾ ਘੇਰਾ ਵਧਾਉਣ ਦੀ ਵੀ ਲੋੜ ਹੈ।" **-ਅਜੀਤ ਪ੍ਰਦੇਸੀ ਰੋਪੜ।**

ਤਰਕਸ਼ੀਲ ਦਾ ਜੁਲਾਈ ਅਗਸਤ 23 ਅੰਕ ਪੜ੍ਹਿਆ। ਕਾਫੀ ਦਿਲਚਸਪ ਜਾਣਕਾਰੀ ਭਰਪੂਰ ਲੇਖ ਹਨ। ਖਾਸ ਕਰਕੇ ਸੁਰੇਸ਼ ਰਤਨ ਅਤੇ ਸਵਰਾਜਬੀਰ ਦੇ ਲੇਖ ਅਤੇ ਪੁਨਰ ਜਨਮ ਬਾਰੇ ਰਿਪੋਰਟ। ਵੈਸੇ ਸਾਰਾ ਮੈਗਜੀਨ ਹੀ ਪੜ੍ਹਨਯੋਗ ਹੈ। **ਪ੍ਰੋ. ਪਰਮਜੀਤ ਸਿੰਘ ਰੋਮਾਣਾ ਬਠਿੰਡਾ।**

## ਬਰਗਾੜੀ ਮਨੋਰੋਗ ਸਲਾਹਕਾਰ ਕੇਂਦਰ ਲਈ ਸਹਾਇਤਾ

| | |
|---|---|
| 1. ਗੁਰਿੰਦਰਪਾਲ ਸਿੰਘ, ਸ਼ੇਰੇਵਾਲਾ | 500 ਰੁ. |
| 2. ਗੁਰਦੀਪ ਸਿੰਘ, ਅਮਰਕੋਟ | 500 ਰੁ. |
| 3. ਗੁਰਦੇਵ ਕੌਰ, ਘੋਸਾ ਕੋਟਲਾ | 500 ਰੁ. |
| 4. ਸੁਖਵਿੰਦਰ ਕੌਰ, ਥਾਂਦੇਵਾਲਾ | 500 ਰੁ. |
| 5. ਪਵਨ ਕੁਮਾਰ, ਮੋਗਾ | 500 ਰੁ. |
| 6. ਤੇਜਿੰਦਰ ਸਿੰਘ, ਗੁੜੇਵਾਲਾ (ਕਪੂਰਥਲਾ) | 1000 ਰੁ. |
| 7. ਕਸ਼ਮੀਰ ਸਿੰਘ, ਮਲੋਟ | 500 ਰੁ. |
| 8. ਮਹਿੰਦਰ ਸਿੰਘ, ਬਠਿੰਡਾ | 500 ਰੁ. |
| 9. ਭੀਮ ਚੰਦ, ਲੁਧਿਆਣਾ | 500 ਰੁ. |
| 10. ਪਰਮਜੀਤ ਸਿੰਘ, ਗੁਜਰਾਂ (ਸੰਗਰੂਰ) | 500 ਰੁ. |
| 11. ਗੁਰਦੀਪ ਸਿੰਘ, ਸੰਗਰੂਰ | 500 ਰੁ. |
| 12. ਚਮਕੌਰ ਸਿੰਘ, ਦੌਲਤਪੁਰਾ | 500 ਰੁ. |
| 13. ਮਾਸਟਰ ਸੁਰਜੀਤ ਸਿੰਘ, ਬਰਗਾੜੀ | 500 ਰੁ. |
| 14. ਬਿਕਰਮਜੀਤ, ਬਠਿੰਡਾ (ਪੌਦਿਆਂ ਲਈ) | 5000 ਰੁ. |
| 15. ਸਤਪਾਲ ਸੇਖਾ ਦੇ ਪਰਿਵਾਰ ਵੱਲੋਂ ਭੈਣ ਰਵੀਤਾ ਰਾਣੀ ਦੀ ਯਾਦ ਵਿੱਚ | 11000 |
| 16. ਧੰਨਾ ਮੱਲ ਗੋਇਲ, ਪ੍ਰਧਾਨ (ਪੰਜਾਬ ਮੈਡੀਕਲ ਪ੍ਰੈਕਟਿਸ਼ਨਰਜ਼ ਐਸੋ.) | 1100 ਰੁ. |

# ਪੇਸ਼ਕਦਮੀਆਂ

**ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਸਕੂਲੀ ਸਿੱਖਿਆ ਵਿੱਚ ਜੀਵ ਵਿਕਾਸ ਸਮੇਤ ਵਿਗਿਆਨਕ ਪਾਠਕ੍ਰਮਾਂ ਨੂੰ ਬਰਕਰਾਰ ਰੱਖਣ ਦੀ ਕੀਤੀ ਮੰਗ:**

**ਐਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ ਸੌਂਪਿਆ ਮੰਗ ਪੱਤਰ** : ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇਕ ਵਫਦ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਅਗਵਾਈ ਹੇਠ ਐਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ ਮੋਹਾਲੀ ਵਿਖੇ ਮਿਲਿਆ ਅਤੇ ਮੰਗ ਕੀਤੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿੱਚ ਜੀਵ ਵਿਕਾਸ ਸਿਧਾਂਤ ਸਮੇਤ ਵੱਖ ਵੱਖ ਮਹੱਤਵਪੂਰਨ ਵਿਗਿਆਨਕ ਪਾਠਕ੍ਰਮਾਂ ਨੂੰ ਬਰਕਰਾਰ ਰੱਖਿਆ ਜਾਵੇ। ਇਸ ਵਫਦ ਵਿਚ ਸੂਬਾ ਕਮੇਟੀ ਤਰਕਸ਼ੀਲ ਆਗੂ ਬਲਬੀਰ ਲੌਂਗੋਵਾਲ, ਅਜੀਤ ਪ੍ਰਦੇਸੀ, ਜੋਨ ਆਗੂ ਗੁਰਮੀਤ ਖਰੜ ਅਤੇ ਸਤਪਾਲ ਸਲੋਹ ਸ਼ਾਮਿਲ ਹੋਏ। ਇਸ ਮੌਕੇ ਵਿਭਾਗ ਦੇ ਨਿਰਦੇਸ਼ਕ ਨੂੰ ਸੌਂਪੇ ਮੰਗ ਪੱਤਰ ਵਿੱਚ ਸੂਬਾ ਕਮੇਟੀ ਆਗੂਆਂ ਨੇ ਦੱਸਿਆ ਕਿ ਕੌਮੀ ਪੱਧਰ ਉੱਤੇ ਪਾਠਕ੍ਰਮ ਨਿਰਧਾਰਿਤ ਕਰਨ ਵਾਲੀ ਸੰਸਥਾ ਐਨ ਸੀ ਈ ਆਰ ਟੀ ਵੱਲੋਂ ਵਿਦਿਆਰਥੀਆਂ ਉੱਤੋਂ ਬੋਝ ਘਟਾਉਣ ਦੇ ਨਾਂ ਉੱਤੇ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿਚੋਂ ਜੀਵ-ਵਿਕਾਸ (Evolution), ਤੱਤਾਂ ਦੀ ਆਵਰਤੀ ਸਾਰਨੀ (Periodic Table), ਊਰਜਾ ਦੇ ਸੋਮੇ, ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਅਤੇ ਹੋਰ ਕਈ ਮਹੱਤਵਪੂਰਨ ਪਾਠਕ੍ਰਮ ਬਾਹਰ ਕੱਢ ਗਏ ਹਨ ਜਿਸਦਾ ਤਰਕਸੀਲ ਸੁਸਾਇਟੀ ਪੰਜਾਬ ਵਲੋਂ ਵਿਰੋਧ ਕੀਤਾ ਗਿਆ ਹੈ। ਅਜਿਹੀ ਬੁਨਿਆਦੀ ਸਮਝ ਬਨਾਉਣ ਵਾਲੇ ਪਾਠਕ੍ਰਮਾਂ ਦਾ ਕੱਢਿਆ ਜਾਣਾ ਵਿਦਿਆਰਥੀਆਂ ਨੂੰ ਵਿਗਿਆਨਕ ਜਾਣਕਾਰੀ ਤੋਂ ਹੀ ਵਾਂਝਾ ਨਹੀਂ ਕਰਦਾ ਸਗੋਂ ਉਨ੍ਹਾਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਹੋਣ ਵਿੱਚ ਵੀ ਰੁਕਾਵਟ ਬਣਦਾ ਹੈ ਜਦ ਕਿ ਵਿਗਿਆਨਕ ਚੇਤਨਾ ਪੈਦਾ ਕਰਨੀ ਸੰਵਿਧਾਨ ਦੀ ਧਾਰਾ 51-ਏ ਤਹਿਤ ਹਕੂਮਤਾਂ ਦਾ ਸੰਵਿਧਾਨਕ ਫਰਜ ਹੈ। ਤਰਕਸ਼ੀਲ ਆਗੂਆਂ ਨੇ ਸਿੱਖਿਆ ਅਧਿਕਾਰੀਆਂ ਨੂੰ ਸਪਸ਼ਟ ਕੀਤਾ ਕਿ ਸਿੱਖਿਆ, ਕੇਂਦਰ ਅਤੇ ਰਾਜਾਂ ਦੀ ਸਮਵਰਤੀ ਸੂਚੀ (Concurrent List) ਵਿੱਚ ਸ਼ਾਮਲ ਵਿਸ਼ਾ ਹੈ ਅਤੇ ਰਾਜ ਸਰਕਾਰਾਂ ਆਪਣੇ ਲੋਕਾਂ ਦੀਆਂ ਲੋੜਾਂ, ਹਾਲਤਾਂ ਅਤੇ ਇਛਾਵਾਂ ਅਨੁਸਾਰ ਆਪਣਾ ਪਾਠਕ੍ਰਮ ਨਿਰਧਾਰਿਤ ਕਰਨ ਲਈ ਆਜਾਦ ਹਨ। ਇਸ ਲਈ ਤਰਕਸ਼ੀਲ ਸੁਸਾਇਟੀ ਵਲੋਂ ਵਿਗਿਆਨ ਦੇ ਬੁਨਿਆਦੀ ਸੰਕਲਪਾਂ ਨੂੰ ਸਕੂਲੀ ਸਿੱਖਿਆ ਵਿਚੋਂ ਹਟਾਉਣ ਦੀ ਪੰਜਾਬ ਸਿੱਖਿਆ ਵਿਭਾਗ ਦੀ ਕਿਸੇ ਵੀ ਕਾਰਵਾਈ ਦਾ ਸਖਤ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਐਸ ਸੀ ਈ ਆਰ ਟੀ ਦੇ ਅਧਿਕਾਰੀਆਂ ਡਾ. ਰਮਿੰਦਰਜੀਤ ਕੌਰ ਅਤੇ ਮੈਡਮ ਨਵਨੀਤ ਕੱਦ ਨੇ ਤਰਕਸੀਲ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਤਰਕਸ਼ੀਲ ਸੁਸਾਇਟੀ ਵਲੋਂ ਦਿੱਤੇ ਮੰਗ ਪੱਤਰ ਨੂੰ ਹਾਂ ਪੱਖੀ ਕਾਰਵਾਈ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਿਲੇਬਸ ਕਮੇਟੀ ਨੂੰ ਭੇਜਿਆ ਜਾਵੇਗਾ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਪੰਜਾਬ ਵਿਚਲੀ ਸਕੂਲੀ ਸਿੱਖਿਆ ਨੂੰ ਕੌਮਾਂਤਰੀ ਗਿਆਨ-ਵਿਗਿਆਨ ਦੀਆਂ ਲੋੜਾਂ ਦੇ ਹਾਣ ਦੀ ਬਣਾਉਣ ਲਈ ਗੰਭੀਰ ਯਤਨ ਕੀਤੇ ਜਾਣਗੇ।

**- ਸੁਮੀਤ ਸਿੰਘ**

**ਤਰਕਸ਼ੀਲ ਸੁਸਾਇਟੀ ਪੰਜਾਬ ਦਾ ਵਫਦ ਚੰਡੀਗੜ੍ਹ ਅਤੇ ਜਲੰਧਰ ਸਥਿਤ ਮੀਡੀਆ ਅਦਾਰਿਆਂ ਨੂੰ ਮਿਲਿਆ:** ਪੰਜਾਬ ਦੇ ਹਰ ਵਰਗ ਅਤੇ ਖੇਤਰ ਦੇ ਲੋਕਾਂ ਤੱਕ ਵਿਗਿਆਨਕ ਚੇਤਨਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਸਮੁੱਚੇ ਮੀਡੀਏ ਦਾ ਸਹਿਯੋਗ ਲੈਣ ਹਿਤ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇੱਕ ਵਫਦ ਸੂਬਾਈ ਮੀਡੀਆ ਵਿਭਾਗ ਦੀ ਅਗਵਾਈ ਹੇਠ 27 ਸਤੰਬਰ ਨੂੰ ਚੰਡੀਗੜ੍ਹ ਅਧਾਰਤ ਪ੍ਰਿੰਟ ਅਤੇ ਬਿਜਲਈ ਮੀਡੀਆ ਅਦਾਰਿਆਂ ਆਲ ਇੰਡੀਆ ਰੇਡੀਓ ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, ਅੰਗਰੇਜੀ ਟ੍ਰਿਬਿਊਨ ਅਤੇ ਦੇਸ਼ ਸੇਵਕ ਆਦਿ ਮੀਡੀਆ ਅਦਾਰਿਆਂ ਦੇ ਸੰਪਾਦਕਾਂ ਅਤੇ ਨਿਰਦੇਸ਼ਕਾਂ ਨੂੰ ਮਿਲਿਆ। ਇਸ ਵਫਦ ਵਿਚ ਸੂਬਾਈ ਮੀਡੀਆ ਮੁਖੀ ਸੁਮੀਤ ਸਿੰਘ, ਮਾਨਸਿਕ ਸਿਹਤ ਚੇਤਨਾ ਵਿਭਾਗ ਦੇ ਸੂਬਾਈ ਮੁਖੀ ਅਜੀਤ ਪ੍ਰਦੇਸੀ, ਚੰਡੀਗੜ੍ਹ ਜੋਨ ਦੇ ਜੱਥੇਬੰਦਕ ਮੁਖੀ ਗੁਰਮੀਤ ਖਰੜ, ਜੋਨ ਦੇ ਸਭਿਆਚਾਰਕ ਮੁਖੀ ਜੋਗਾ ਸਿੰਘ ਅਤੇ ਖਰੜ ਇਕਾਈ ਦੇ ਜੱਥੇਬੰਦਕ ਮੁਖੀ ਕੁਲਵਿੰਦਰ ਨਗਾਰੀ ਸ਼ਾਮਿਲ ਹੋਏ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਸੂਬਾਈ ਮੀਡੀਆ ਵਿਭਾਗ ਦਾ ਇਕ ਵਫਦ 11 ਅਕਤੂਬਰ ਨੂੰ ਜਲੰਧਰ ਸਥਿਤ ਮੀਡੀਆ ਅਦਾਰਿਆਂ ਦੂਰਦਰਸ਼ਨ ਕੇਂਦਰ ਜਲੰਧਰ, ਫਾਸਟ ਵੇਅ ਚੈਨਲ ਜਲੰਧਰ ਅਤੇ ਅਜੀਤ ਅਖ਼ਬਾਰ ਦੇ ਨਿਊਜ ਐਡੀਟਰ ਨੂੰ ਮਿਲਿਆ ਜਿਸ ਵਿਚ ਸੂਬਾਈ ਮੀਡੀਆ ਮੁਖੀ ਸੁਮੀਤ ਸਿੰਘ ਤੋਂ ਇਲਾਵਾ ਜਲੰਧਰ ਜੋਨ ਦੇ ਜੱਥੇਬੰਦਕ ਮੁਖੀ ਸੁਰਜੀਤ ਟਿੱਬਾ, ਮੀਡੀਆ ਮੁਖੀ ਵਿਜੈ ਰਾਹੀਂ, ਇਕਾਈ ਮੁਖੀ ਨਸੀਬ ਚੰਦ ਬੱਬੀ ਅਤੇ ਫਗਵਾੜਾ ਇਕਾਈ ਦੇ ਸੀਨੀਅਰ

ਆਗੂ ਸੁਰਿੰਦਰ ਪਾਲ ਸ਼ਾਮਿਲ ਹੋਏ। ਇਸ ਮੌਕੇ ਮੀਡੀਆ ਅਦਾਰਿਆਂ ਨੂੰ ਸੌਂਪੇ ਮੰਗ ਪੱਤਰ 'ਤੇ ਵਿਸਥਾਰ ਨਾਲ ਕੀਤੀ ਵਿਚਾਰ ਚਰਚਾ ਦੌਰਾਨ ਇਹ ਜ਼ੋਰਦਾਰ ਮੰਗ ਕੀਤੀ ਗਈ ਕਿ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐੱਚ) ਅਨੁਸਾਰ ਅਤੇ ਸਮਾਜ ਦੇ ਵਡੇਰੇ ਹਿਤਾਂ ਦੀ ਰਾਖੀ ਲਈ ਵਿਗਿਆਨਕ ਸੋਚ ਦਾ ਪ੍ਰਚਾਰ ਪ੍ਰਸਾਰ ਕੀਤਾ ਜਾਵੇ ਅਤੇ ਅਖੌਤੀ ਦੈਵੀ ਸ਼ਕਤੀਆਂ ਅਤੇ ਧਾਰਮਿਕ ਆਸਥਾ ਦੀ ਆੜ ਹੇਠ ਅੰਧ ਵਿਸ਼ਵਾਸ ਫੈਲਾਉਣ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਅਤੇ ਪੁੱਛਾਂ ਦੇਣ ਵਾਲੇ ਢੌਂਗੀਆਂ ਦੀ ਗੁੰਮਰਾਹਕੁੰਨ ਅਤੇ ਤਰਕਹੀਣ ਇਸ਼ਤਿਹਾਰਬਾਜੀ ਬੰਦ ਕੀਤੀ ਜਾਵੇ। ਅੰਧ ਵਿਸ਼ਵਾਸ ਫ਼ਿਰਕੂ ਨਫ਼ਰਤ ਅਤੇ ਅਸ਼ਲੀਲਤਾ ਫੈਲਾਉਣ ਵਾਲੇ ਲੇਖ, ਖ਼ਬਰਾਂ, ਤਸਵੀਰਾਂ, ਰਿਪੋਰਟਾਂ ਪ੍ਰਕਾਸ਼ਿਤ ਅਤੇ ਪ੍ਰੋਗਰਾਮ ਬਿਲਕੁਲ ਪ੍ਰਸਾਰਤ ਨਾ ਕੀਤੇ ਜਾਣ। ਇਹ ਵੀ ਮੰਗ ਕੀਤੀ ਗਈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਸਰਗਰਮੀਆਂ, ਪ੍ਰੋਗਰਾਮਾਂ, ਰਿਪੋਰਟਾਂ ਅਤੇ ਵਿਗਿਆਨਕ ਚੇਤਨਾ ਭਰਪੂਰ ਲੇਖਾਂ ਨੂੰ ਆਪਣੇ ਮੀਡੀਆ ਵਿੱਚ ਢੁਕਵੀਂ ਕਵਰੇਜ ਦਿੱਤੀ ਜਾਵੇ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਸਮੇਂ ਸਮੇਂ 'ਤੇ ਬਿਜਲਈ ਮੀਡੀਏ ਉੱਤੇ ਆਪਣੇ ਵਿਗਿਆਨਕ ਵਿਚਾਰ ਰੱਖਣ ਦੇ ਮੌਕੇ ਦਿੱਤੇ ਜਾਣ। ਇਸਦੇ ਇਲਾਵਾ ਤਰਕਸ਼ੀਲ ਸੁਸਾਇਟੀ ਵੱਲੋਂ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਫ਼ਲ ਬਨਾਉਣ ਲਈ ਮੀਡੀਏ ਅਦਾਰਿਆਂ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ ਗਈ। ਇਸ ਮੌਕੇ ਮੀਡੀਆ ਅਦਾਰਿਆਂ ਦੇ ਮੁਖੀਆਂ ਅਤੇ ਪ੍ਰਬੰਧਕਾਂ ਨੇ ਤਰਕਸ਼ੀਲ ਸੁਸਾਇਟੀ ਦੀਆਂ ਮੰਗਾਂ ਉੱਤੇ ਹਾਂ ਪੱਖੀ ਹੁੰਗਾਰਾ ਭਰਦਿਆਂ ਸੁਸਾਇਟੀ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। **- ਸੂਬਾਈ ਮੀਡੀਆ ਮੁਖੀ**

**ਇਕਾਈ ਰੋਪੜ: ਮਨੀਪੁਰ ਵੀਡੀਓ ਮਾਮਲੇ ਸਬੰਧੀ ਰੋਸ ਪ੍ਰਦਰਸ਼ਨ:-** ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਿਤੀ 23.7.23 ਨੂੰ ਬੇਲਾ ਚੌਂਕ (ਸ਼ਹੀਦ ਭਗਤ ਸਿੰਘ ਚੌਂਕ) ਰੋਪੜ ਵਿਖੇ ਮਨੀਪੁਰ ਵਿਖੇ ਵਾਪਰੀ ਘਟਨਾ ਸਬੰਧੀ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਦੀ ਪ੍ਰਧਾਨਗੀ ਅਸ਼ੋਕ ਕੁਮਾਰ ਇਕਾਈ ਮੁਖੀ ਰੋਪੜ ਨੇ ਕੀਤੀ। ਅਜੀਤ ਪ੍ਰਦੇਸੀ ਸੂਬਾ ਆਗੂ ਨੇ ਲੋਕਾਂ ਨੂੰ ਜਾਗਦੇ ਰਹੋ ਦਾ ਹੋਕਾ ਦਿੰਦੇ ਹੋਏ ਅਪੀਲ ਕੀਤੀ ਕਿ ਕਦੋਂ ਤੱਕ ਅਸੀਂ ਸੁੱਤੇ ਰਹਾਂਗੇ, ਇਹ ਵੇਲਾ ਸੌਣ ਦਾ ਨਹੀਂ, ਜਾਗਣ ਦਾ ਹੈ। ਆਓ ਰਲ ਮਿਲਕੇ ਉਪਰਾਲਾ ਕਰੀਏ ਤਾਂ ਕਿ ਮਨੀਪੁਰ ਵਿਖੇ ਵਾਪਰੀ ਘਟਨਾ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਮਿਲ ਸਕਣ। ਕਾਮਰੇਡ ਰਾਮ ਕੁਮਾਰ ਨੇ ਕਿਹਾ ਕਿ ਮਨੀਪੁਰ ਅਤੇ ਹੋਰ ਘਟਨਾਵਾਂ ਲਈ ਮੋਦੀ ਸਰਕਾਰ ਦੀਆਂ ਫ਼ਿਰਕੂ ਤੇ ਫਾਸ਼ੀਵਾਦ ਨੀਤੀਆਂ ਜ਼ਿੰਮੇਵਾਰ ਹਨ। ਸਭਿਆਚਾਰ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਵੀ ਸੰਬੋਧਨ ਕੀਤਾ। ਇਸ ਰੋਸ ਪ੍ਰਦਰਸ਼ਨ ਵਿੱਚ ਹਾਜਰ ਹੋਏ ਮੈਂਬਰ: ਮਾਸਟਰ ਪਰਵਿੰਦਰ, ਹਰਜੀਤ ਸਿੰਘ, ਇਕਬਾਲ ਸਿੰਘ ਬੇਲਾ, ਪਵਨ ਰੱਤੇ, ਬਲਵੀਰ ਖੈਰਾਬਾਦ, ਜਸਵੀਰ ਸਿੰਘ, ਕੁਲਵਿੰਦਰ ਸਿੰਘ ਰੰਧਾਵਾ, ਸੇਵਾ ਮੁਕਤ ਪ੍ਰਿੰਸੀਪਲ ਸੰਤ ਸੁਰਿੰਦਰ ਪਾਲ ਸਿੰਘ, ਅਵਤਾਰ ਸਿੰਘ ਆਦਿ।

**2. ਕੈਂਡਲ ਮਾਰਚ** :- ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਿਤੀ 25.7.23 ਸ਼ਾਮ ਨੂੰ ਰੋਪੜ ਵਿਖੇ ਮਨੀਪੁਰ ਘਟਨਾ ਸਬੰਧੀ ਕੈਂਡਲ ਮਾਰਚ ਅਜੀਤ ਪ੍ਰਦੇਸ਼ੀ ਅਤੇ ਅਸ਼ੋਕ ਕੁਮਾਰ ਇਕਾਈ ਮੁਖੀ ਦੀ ਅਗਵਾਈ ਵਿੱਚ ਕੱਢਿਆ ਗਿਆ।

**3. ਡਾਕਟਰ ਨਰਿੰਦਰ ਦਾਭੋਲਕਰ ਜੀ ਨੂੰ ਸਮਰਪਿਤ ਪ੍ਰੋਗਰਾਮ:-** ਮਿਤੀ 18.8.23 ਨੂੰ ਬਿਜਲੀ ਬੋਰਡ- ਪੈਨਸ਼ਨਰਜ ਰੈਲੀ ਰੋਪੜ ਵਿਖੇ ਵਿੱਤ ਮੁਖੀ ਇਕਬਾਲ ਬੇਲਾ ਜੀ ਦੀ ਅਗਵਾਈ ਹੇਠ ਪੈਂਫਲਿਟ ਵੰਡੇ ਗਏ। ਮਿਤੀ 19.8.23 ਨੂੰ ਸਤਿੰਦਰ ਕੌਰ ਪਬਲਿਕ ਸਕੂਲ ਬੇਲਾ ਵਿਖੇ ਜਾਦੂ ਦੇ ਟਰਿੱਕ ਪੇਸ਼ ਕੀਤੇ ਅਤੇ ਪੈਂਫਲਿਟ ਵੰਡੇ ਗਏ। ਬੇਲਾ ਬਜਾਰ ਵਿੱਚ ਵੀ ਦੁਕਾਨਾਂ 'ਤੇ ਜਾ ਕੇ ਅਜੀਤ ਪ੍ਰਦੇਸ਼ੀ, ਅਸ਼ੋਕ ਕੁਮਾਰ, ਅਮਰਨਾਥ, ਪਰਵਿੰਦਰ ਵੱਲੋਂ ਪੈਂਫਲਿਟ ਵੰਡੇ ਗਏ।



**4. ਸਰੀਰ ਪ੍ਰਦਾਨ** : ਸਤਿਕਾਰਯੋਗ ਬੀ.ਈ.ਓ ਰਜਿੰਦਰ ਸਿੰਘ ਰੰਧਾਵਾ ਜੀ (ਉਮਰ 96 ਸਾਲ, ਨਿਵਾਸੀ 427, ਗਿਆਨੀ ਜੈਲ ਸਿੰਘ ਨਗਰ, ਰੋਪੜ) ਦੀ ਹੋਈ ਅਚਾਨਕ ਮੌਤ ਉਪਰੰਤ ਉਹਨਾਂ ਦੇ ਪੁੱਤਰ ਰਿਪਦੁਮਨ ਸਿੰਘ ਅਤੇ ਪਰਿਵਾਰ ਨੇ ਪੁਰਾਣੇ ਰੀਤੀ ਰਿਵਾਜਾਂ ਨੂੰ ਨਕਾਰਦੇ ਹੋਏ ਆਪਣੇ ਪਿਤਾ ਦੀ ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਵਿਗਿਆਨਕ ਖੋਜਾਂ ਕਾਰਜਾਂ ਲਈ ਪ੍ਰਦਾਨ ਕੀਤੀ। **ਵਿਸ਼ੇਸ਼ ਗੱਲ:** ਤਕਰੀਬਨ 3 ਸਾਲ ਪਹਿਲਾਂ ਹੀ ਰਿਪਦੁਮਨ ਸਿੰਘ ਰੰਧਾਵਾ ਨੂੰ ਅਜੀਤ ਪ੍ਰਦੇਸੀ ਸੂਬਾ ਆਗੂ ਨੇ ਮੈਗਜੀਨ ਪਾਠਕ ਬਣਾਇਆ ਸੀ ਅਤੇ ਚਾਰ ਮਹੀਨੇ ਪਹਿਲਾਂ ਰਜਿੰਦਰ ਸਿੰਘ ਰੰਧਾਵਾ ਜੀ ਦਾ ਸਰੀਰ ਪ੍ਰਦਾਨ ਕਰਨ ਸਬੰਧੀ ਫਾਰਮ ਭਰਿਆ ਸੀ।

**5. ਗਦਰ ਪਾਰਟੀ ਦੇ ਮਹਾਨ ਯੋਧੇ ਗ਼ਦਰੀ ਬਾਬਾ ਕਿਰਪਾ ਸਿੰਘ ਮੀਰ ਪੁਰ** ( ਨੂਰਪੁਰ ਬੇਦੀ ਰੋਪੜ) ਦੀ ਪਹਿਲੀ ਬਰਸੀ 'ਤੇ ਮਿਤੀ 25.9.23 ਨੂੰ ਹਾਜਰੀ ਦੌਰਾਨ ਅਸ਼ੋਕ ਕੁਮਾਰ, ਹਰਵਿੰਦਰ ਸਿੰਘ, ਬਲਵੀਰ ਖੈਰਾਬਾਦ, ਹਰਵੀਰ, ਨਾਨਕ ਗਾਂਧੀ ਅਤੇ ਉਨ੍ਹਾਂ ਦੀ ਪਤਨੀ ਨੇ ਕਿਤਾਬਾਂ ਦੀ ਸਟਾਲ ਲਗਾਈ ਅਤੇ ਸ਼ਹੀਦੇ ਆਜਮ ਭਗਤ ਸਿੰਘ ਦੇ ਜਨਮ ਦਿਨ ਸਬੰਧੀ ਪੈਂਫਲਿਟ

ਵੰਡੇ ਗਏ।

**6. ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ 'ਤੇ ਕੀਤੀਆਂ ਗਤੀ ਵਿਧੀਆਂ:-** ਮਿਤੀ 28.9.23 ਨੂੰ ਹੈਡ ਵਰਕਸ ਰੋਪੜ ਵਿਖੇ ਇਕਾਈ ਮੁੱਖੀ ਅਸ਼ੋਕ ਕੁਮਾਰ, ਮਾਸਟਰ ਪਰਵਿੰਦਰ, ਅਮਰਨਾਥ, ਗੁਰਜੀਤ ਸਿੰਘ, ਪਵਨ ਰੱਤੋ, ਅਜੀਤ ਪ੍ਰਦੇਸੀ ਨੇ ਪੈਂਫਲਿਟ ਵੰਡੇ ਅਤੇ ਸਹੀਦ ਭਗਤ ਸਿੰਘ ਚੌਂਕ ਰੋਪੜ ਵਿਖੇ ਸ਼ਾਮ ਨੂੰ ਕਿਤਾਬਾਂ ਦੀ ਸਟਾਲ ਲਗਾਈ ਅਤੇ ਪੈਂਫਲਿਟ ਵੰਡੇ ਗਏ ਸਨ। ਸਭਿਆਚਾਰਕ ਵਿਭਾਗ ਮੁਖੀ ਹਰਨੇਕ ਚੱਕ ਕਰਮਾ ਅਤੇ ਪਵਨ ਚੱਕ ਕਰਮਾ ਨੇ ਪਿੰਡ ਚੱਕ ਕਰਮਾ ਵਿਖੇ ਨੌਜਵਾਨਾਂ ਦਾ ਇਕੱਠ ਕਰਕੇ ਭਗਤ ਸਿੰਘ ਜੀ ਦੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਵਿਚਾਰ ਚਰਚਾ ਕੀਤੀ । ਇਸ ਸਮੇਂ ਪਿੰਡ ਦੀ ਸਾਬਕਾ ਸਰਪੰਚ ਓਮਾ ਦੇਵੀ, ਸੁਨੀਲ ਕੁਮਾਰ, ਸੋਨੀ, ਵਿਸ਼ਾਲ ਆਦਿ ਨੌਜਵਾਨ ਅਤੇ ਪਤਵੰਤੇ ਸੱਜਣ ਹਾਜਰ ਸਨ।

**ਇਕਾਈ ਗੜ੍ਹਸ਼ੰਕਰ:** ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਉਨ੍ਹਾਂ ਦੇ ਪਿੰਡ ਖਟਕੜ ਕਲਾਂ ਵਿਖੇ ਚੱਲੇ ਤਿੰਨ ਦਿਨਾਂ ਸਮਾਗਮ ਦੌਰਾਨ ਤਰਕਸ਼ੀਲ ਸਾਹਿਤ ਦਾ ਸਟਾਲ ਲਗਾਇਆ ਗਿਆ ਅਤੇ ਲੋਕਾਂ ਨੂੰ ਦੁਵਰਕੀ ਵੰਡੀ ਗਈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਭਿਆਚਾਰਕ ਵਿਭਾਗ ਦੇ ਸੂਬਾ ਮੁਖੀ ਜੋਗਿੰਦਰ ਕੁੱਲੇਵਾਲ, ਪ੍ਰਿੰਸੀਪਲ ਕਮਲਜੀਤ ਕੁੱਲੇਵਾਲ ਦੇ ਨਾਲ ਮਾ. ਕੁਲਵਿੰਦਰ ਖਟਕੜ, ਪਰਮਜੀਤ ਖਮਾਚੋਂ, ਬਲਜਿੰਦਰ ਤਾਜੇਵਾਲ, ਮੋਹਣ ਬੀਕਾ, ਅੰਕਿਤ ਕੁਮਾਰ, ਗੁਰਨਾਮ ਸਿੰਘ ਆਦਿ ਨੇ ਪੂਰਨ ਸਹਿਯੋਗ ਦਿੱਤਾ। ਇਸੇ ਦੌਰਾਨ 27 ਸਤੰਬਰ ਦੀ ਸ਼ਾਮ ਨੂੰ ਪਲਸ ਮੰਚ ਅਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਪਿੰਡ ਖਟਕੜ ਕਲਾਂ ਵਿਖੇ ਕੀਤੇ ਗਏ ਸਮਾਗਮ ਦੌਰਾਨ ਜ਼ੋਨ ਨਵਾਂ ਸ਼ਹਿਰ ਦੀਆਂ ਇਕਾਈਆਂ ਦੇ ਸਾਥੀਆਂ ਸਤਨਾਮ ਖਟਕੜ, ਮਾ. ਕੁਲਵਿੰਦਰ, ਸੰਤੋਸ਼ ਖਟਕੜ, ਸੂਬਾਈ ਆਗੂ ਜੋਗਿੰਦਰ ਕੁੱਲੇਵਾਲ, ਮੈਡਮ ਕਮਲਜੀਤ ਕੁੱਲੇਵਾਲ ਆਦਿ ਨੇ ਮੋਮਬੱਤੀ ਮਾਰਚ ਕੀਤਾ ਤੇ ਪਿੰਡ 'ਚੋਂ ਗੁਜ਼ਰਦਿਆਂ ਸ਼ਹੀਦ ਭਗਤ ਸਿੰਘ ਜੀ ਦੇ ਘਰ ਅੱਗੇ ਮੋਮਬੱਤੀਆਂ ਜਗਾਈਆਂ ਤੇ ਇਨਕਲਾਬੀ ਨਾਅਰੇ ਲਗਾਏ। ਇਸ ਪ੍ਰੋਗਰਾਮ ਦੀ ਅਗਵਾਈ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਸੁਰਿੰਦਰ ਕੌਰ ਕੋਛੜ, ਤੀਰਥ ਰਸੂਲ ਪੁਰੀ, ਬੂਟਾ ਸਿੰਘ ਮਹਿਮੂਦਪੁਰ, ਨੰਦ ਲਾਲ, ਧਰਮਿੰਦਰ ਮਸਾਣੀਆ ਆਦਿ ਆਗੂਆਂ ਨੇ ਕੀਤੀ। ਤਲਵਿੰਦਰ ਸਿੰਘ ਤੇ ਹੋਰ ਕਵੀਆਂ ਨੇ ਇਨਕਲਾਬੀ ਕਵਿਤਾਵਾਂ ਪੇਸ਼ ਕੀਤੀਆਂ ਅਤੇ ਸੁਰਿੰਦਰ ਕੋਛੜ ਦੀ ਲਿਖੀ ਕਿਤਾਬ ਰਿਲੀਜ਼ ਕੀਤੀ।

**- ਜੋਗਿੰਦਰ ਕੁੱਲੇਵਾਲ**

**ਇਕਾਈ ਫਗਵਾੜਾ: ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਕਾਨਫਰੰਸ ਅਤੇ ਸ਼ਹਿਰ 'ਚ ਮਾਰਚ ਕੀਤਾ:** ਇਕਾਈ ਫਗਵਾੜਾ, ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਫਗਵਾੜਾ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਫਗਵਾੜਾ ਵੱਲੋ ਸਾਂਝੇ ਤੌਰ 'ਤੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ ਗਿਆ। ਸਮਾਗਮ ਵਿਚ ਜੁੜੇ ਇਕੱਠ ਨੂੰ ਤਰਕਸ਼ੀਲ ਆਗੂ ਜਸਵਿੰਦਰ ਸਿੰਘ; ਸੁਖਦੇਵ ਫਗਵਾੜਾ, ਪੈਨਸ਼ਨਰ ਆਗੂ ਕਰਨੈਲ ਸਿੰਘ ਸੰਧੂ, ਨਿਰਮੋਲਕ ਸਿੰਘ ਹੀਰਾ, ਡੀ ਟੀ ਐਫ ਆਗੂ ਗੁਰਮੁੱਖ ਸਿੰਘ, ਮਿਉਂਸਪਲ ਪੈਨਸ਼ਨਰ ਆਗੂ ਤਾਰਾ ਸਿੰਘ ਬੀਕਾ, ਡਾ. ਜਸਕਰਨ ਸਿੰਘ ਅਤੇ ਡਾ. ਐਸ.ਐਲ. ਵਿਰਦੀ ਐਡਵੋਕੇਟ ਨੇ ਸੰਬੋਧਨ ਕਰਦਿਆ ਕਿਹਾ ਸ਼ਹੀਦ ਭਗਤ ਸਿੰਘ ਭਾਰਤ ਦਾ ਉੱਚ ਪਾਏ ਦਾ ਇਨਕਲਾਬੀ, ਵਿਦਵਾਨ ਅਤੇ ਮਿਹਨਤਕਸ਼ ਜਮਾਤ ਦੀ ਮੁਕਤੀ ਸੰਘਰਸ਼ ਦਾ ਰਾਹ ਦਸੇਰਾ ਸੀ ਤੇ ਹੈ, ਪਰ ਹਾਕਮ ਵਰਗ ਨੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਗੱਲ ਕਰਨ ਦੀ ਬਜਾਏ ਸਿਰਫ ਅੰਗਰੇਜ਼ਾਂ ਨੂੰ ਬਾਹਰ ਕੱਢਣ ਲਈ ਕੁਰਬਾਨੀ ਕਰਨ ਤੇ ਪਿਸਤੌਲ ਵਾਲਾ ਬਿੰਬ ਉਭਾਰ ਕੇ ਆਪਣੇ ਹਿਤਾਂ ਦੇ ਮੇਚ ਦਾ ਕਰਨ ਦਾ ਕਾਰਾ ਕੀਤਾ ਹੈ! ਸ਼ਹੀਦ ਭਗਤ ਸਿੰਘ ਦਾ ਵਿਚਾਰ ਸੀ ਕਿ ਇਸ ਦੇਸ਼ ਵਿੱਚੋ ਹਰ ਤਰ੍ਹਾਂ ਦੀ ਲੁੱਟ, ਜਾਤਪਾਤ ਅਤੇ ਹਰ ਕਿਸਮ ਦੀ ਨਫ਼ਰਤ ਤੇ ਅਪਮਾਨ ਦਾ ਖਾਤਮਾ ਕਰਕੇ ਬਰਾਬਰਤਾ, ਭਾਈਚਾਰਾ ਅਤੇ ਮਨੁੱਖੀ ਸਨਮਾਨ ਦਾ ਰਾਜ ਕਾਇਮ ਕੀਤਾ ਜਾਵੇ!

ਬੁਲਾਰਿਆਂ ਨੇ ਕਿਹਾ ਕਿ ਦੇਸ਼ ਦਾ ਮੌਜੂਦਾ ਰਾਜ ਪ੍ਰਬੰਧ ਸ਼ਹੀਦਾਂ ਦੇ ਸੁਪਨਿਆਂ ਦਾ ਨਹੀਂ ਹੈ। ਦੇਸ਼ ਦੇ ਮਿਹਨਤਕਸ਼ ਲੋਕਾਂ ਨੂੰ ਗਰੀਬੀ, ਭੁੱਖਮਰੀ, ਬੇਰੁਜਗਾਰੀ, ਜਾਤਪਾਤ, ਧਰਮ ਅਧਾਰਤ ਦੰਗੇ ਫਸਾਦਾਂ, ਫਾਸ਼ੀਵਾਦੀ ਕਾਰਵਾਈਆਂ ਅਤੇ ਅੰਧਵਿਸ਼ਵਾਸ ਨੇ ਬੁਰੀ ਤਰਾਂ ਘੇਰਿਆ ਹੋਇਆ ਹੈ ਅਤੇ ਹਾਕਮ ਵਰਗ ਦੀ ਛਤਰ ਛਾਇਆ ਹੇਠ ਕਾਰਪੋਰੇਟ ਤੇ ਸਾਮਰਾਜੀ ਲੁਟੇਰਿਆਂ ਵੱਲੋ ਬੁਰੀ ਤਰ੍ਹਾਂ ਲੁੱਟਿਆ ਜਾ ਰਿਹਾ ਹੈ! ਦੇਸ਼ ਦੇ ਮਿਹਨਤੀ ਲੋਕ ਸ਼ਹੀਦਾਂ ਦੇ ਵਿਚਾਰਾਂ ਨੂੰ ਦਿਮਾਗ ਵਿੱਚ ਵਸਾਉਣ ਤੇ ਸੰਘਰਸ਼ ਦਾ ਰਾਹ ਮੱਲਣ! ਰੈਲੀ ਤੋਂ ਬਾਅਦ ਇਕੱਠ ਵਿਚ ਸ਼ਾਮਲ ਲੋਕਾਂ ਨੇ ਬੈਨਰ, ਤਖਤੀਆਂ ਚੁੱਕ ਕੇ ਨਾਅਰੇ ਮਾਰਦੇ ਟਾਊਨ ਹਾਲ ਤੋਂ ਬਸ ਸਟੈਂਡ ਤੱਕ ਰੋਹ ਭਰਪੂਰ ਮਾਰਚ ਕੀਤਾ! ਇਸ ਸਮਾਗਮ ਵਿੱਚ ਬਲਵਿੰਦਰ ਪ੍ਰੀਤ ਨਾਟਕਕਾਰ, ਮਾ. ਕੁਲਦੀਪ ਸਿੰਘ ਕੌੜਾ, ਮੋਹਣ ਸਿੰਘ ਭੱਟੀ, ਮਾ. ਗਿਆਨ ਚੰਦ, ਕੁਲਵੰਤ ਸਿੰਘ ਬਾਸੀ, ਭੈਣ ਸੁਰਜੀਤ ਕੌਰ, ਮੈਡਮ ਬੰਸੋ ਦੇਵੀ, ਅਵਿਨਾਸ਼ ਹਰਦਾਸਪੁਰ, ਰਾਮ ਲਾਲ ਖਲਵਾੜਾ, ਮਾ. ਸੀਤਲ ਰਾਮ ਬੰਗਾ, ਪ੍ਰਿੰ. ਮੋਹਣ

ਲਾਲ, ਸੁਰਿੰਦਰਪਾਲ ਪੱਦੀ, ਮਾ. ਹੰਸ ਰਾਜ ਬੰਗੜ, ਅਸ਼ੋਕ ਕੋਟ ਗਰੇਵਾਲ, ਹਰਭਜਨ ਸਿੰਘ, ਜਗੀਰ ਸਿੰਘ, ਮਨੋਹਰ ਲਾਲ, ਰਤਨ ਸਿੰਘ, ਦਲਜੀਤ ਸਿੰਘ, ਲੈਕ. ਆਤਮਾ ਰਾਮ, ਲੈਕ. ਹਰੀ ਓਮ, ਗੁਰਨਾਮ ਸਿੰਘ, ਮਾ. ਸਤਪਾਲ ਸਿੰਘ, ਮੋਤੀ ਲਾਲ ਵਰਮਾ, ਪਰੇਮ ਖਲ੍ਹਵਾੜਾ, ਜੋਗ ਰਾਜ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। **ਸੁਖਦੇਵ ਫਗਵਾੜਾ**

**ਇਕਾਈ ਬਠਿੰਡਾ**

1. 28 ਸਤੰਬਰ ਨੂੰ ਬਠਿੰਡਾ ਕਿਸਾਨ ਮੇਲੇ ਉੱਤੇ ਗਿਆਨ ਸਿੰਘ ਦੀ ਅਗਵਾਈ ਵਿੱਚ ਪੁਸਤਕਾਂ ਦਾ ਸਟਾਲ ਲਗਾਇਆ ਗਿਆ ਜਿਸ ਵਿੱਚ 20700 ਰੁਪਏ ਦੇ ਤਰਕਸ਼ੀਲ ਅਤੇ ਅਗਾਂਹਵਧੂ ਸਾਹਿਤ ਦੀ ਸੇਲ ਹੋਈ। ਕੁਲਵੰਤ ਸਿੰਘ, ਰਾਜਪਾਲ, ਬਲਵੰਤ ਜੀਦਾ, ਕੁਲਵਿੰਦਰ ਹੈਪੀ ਅਤੇ ਪੁਸ਼ਪਿੰਦਰ ਡਬਵਾਲੀ ਨੇ ਇਸ ਸਟਾਲ ਉੱਤੇ ਡਿਊਟੀ ਦਿੱਤੀ। ਇਸੇ ਤਰ੍ਹਾਂ 10 ਸਤੰਬਰ ਨੂੰ ਟੀਚਰਜ਼ ਹੋਮ ਵਿਖੇ "ਕਾਰਪੋਰੇਟ ਭਜਾਓ ਰੈਲੀ" ਵਿੱਚ "ਤਰਕਸ਼ੀਲ" ਸਟਾਲ ਲਗਾ ਕੇ 1190 ਰੁਪਏ ਦਾ ਚੰਗਾ ਸਾਹਿਤ ਲੋਕਾਂ ਤੀਕ ਪਹੁੰਚਾਇਆ ਗਿਆ।

2. ਬਲਦੇਵ ਸਿੰਘ ਇਕਾਈ ਲੱਖੇਵਾਲੀ ਦੇ ਪਿਤਾ ਸੌਦਾਗਰ ਸਿੰਘ ਦੇ ਆਦੇਸ਼ ਹਸਪਤਾਲ ਭੁੱਚੋ ਵਿਖੇ ਸਰੀਰਦਾਨ ਮੌਕੇ ਇਕਾਈ ਵੱਲੋਂ ਬਿਕਰਮਜੀਤ, ਹਾਕਮ ਸਿੰਘ, ਗਿਆਨ ਸਿੰਘ ਅਤੇ ਕੁਲਵਿੰਦਰ ਹੈਪੀ ਨੇ ਹਾਜ਼ਰ ਹੋ ਕੇ ਇਸ ਵਿੱਚ ਸਹਿਯੋਗ ਦਿੱਤਾ।

3. 7 ਅਕਤੂਬਰ ਨੂੰ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਐੱਨ.ਐੱਸ.ਐੱਸ. ਕੈਂਪ ਵਿੱਚ ਤਰਕਸ਼ੀਲ ਸੁਸਾਇਟੀ ਵੱਲੋਂ ਬਹੁਤ ਪ੍ਰਭਾਵਸ਼ਾਲੀ ਪ੍ਰੋਗਰਾਮ ਦਿੱਤਾ ਗਿਆ ਜਿਸ ਵਿੱਚ ਮੁੱਖ ਬੁਲਾਰੇ ਵਜੋਂ ਰਣਜੀਤ ਸਿੰਘ ਇਕਾਈ ਬਰਗਾੜੀ ਨੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਦੇ ਕਾਰਜਾਂ ਅਤੇ ਮਹੱਤਤਾ ਤੋਂ ਜਾਣੂ ਕਰਵਾਇਆ। ਕੁਲਵੰਤ ਸਿੰਘ ਨੇ ਜਾਦੂ ਦੇ ਟ੍ਰਿੱਕ ਦਿਖਾਏ, ਗਿਆਨ ਸਿੰਘ ਨੇ ਕਿਤਾਬਾਂ ਦਾ ਸਟਾਲ ਲਗਾਇਆ, ਹਰਿੰਦਰ ਕੁਮਾਰ ਅਤੇ ਮੈਡਮ ਸਵਰਨ ਸਹਿਯੋਗੀ ਵਜੋਂ ਸ਼ਾਮਲ ਹੋਏ।

4. 8 ਅਕਤੂਬਰ ਨੂੰ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਜੀਦਾ ਵਿਖੇ ਰਾਜਪਾਲ ਸਿੰਘ ਵੱਲੋਂ ਬੱਚਿਆਂ ਨੂੰ ਵਿਗਿਆਨਕ ਸੋਚ ਅਪਨਾਉਣ ਬਾਰੇ ਸਮਝਾਇਆ ਗਿਆ। ਇਕਾਈ ਮੈਂਬਰ ਵਿਪਨ ਕੁਮਾਰ ਨੇ ਬੱਚਿਆਂ ਨੂੰ ਆਪਣਾ ਨਿਸ਼ਾਨਾ ਡਾਇਰੀ ਵਿੱਚ ਲਿਖ ਕੇ ਉਸ ਨੂੰ ਹਾਸਲ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰਦੇ ਰਹਿਣ ਲਈ ਪ੍ਰੇਰਿਆ। ਬੱਚਿਆਂ ਨੇ ਪੁੱਛੇ ਗਏ ਸਵਾਲਾਂ ਦੇ ਬੜੇ ਉਤਸ਼ਾਹ ਨਾਲ ਜਵਾਬ ਦਿੱਤੇ। ਮਾਸਟਰ ਗਿਆਨ ਸਿੰਘ ਅਤੇ ਅੱਪੂ ਸੋਸਾਇਟੀ ਦੇ ਕੇਵਲ ਬੱਬੂ ਵੱਲੋਂ ਸਾਥ ਦਿੱਤਾ ਗਿਆ।

**ਮੁਬਾਰਕਬਾਦ:** **ਬਠਿੰਡਾ ਇਕਾਈ** ਦੇ ਸੀਨੀਅਰ ਮੈਂਬਰ ਜੋਗਿੰਦਰ ਸਿੰਘ ਸੇਵਾਮੁਕਤ ਜਿਲ੍ਹੇਦਾਰ ਨੇ 65-70 ਸਾਲ ਉਮਰ ਗਰੁੱਪ ਵਿੱਚ 400 ਅਤੇ 800 ਮੀਟਰ ਦੌੜਾਂ ਵਿਚੋਂ ਜਿਲ੍ਹੇ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ!

**ਲੁਧਿਆਣਾ ਇਕਾਈ-**

1. ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਸੰਬੰਧੀ ਇਕਾਈ ਵੱਲੋਂ 4 ਸਕੂਲਾਂ ਵਿੱਚ ਸੈਂਟਰ ਬਣਾਕੇ ਇਹ ਪ੍ਰੀਖਿਆ ਲਈ ਗਈ ਜਿਸ ਵਿੱਚ ਆਤਮਾ ਸਿੰਘ, ਮਾ. ਸੁਰਜੀਤ ਸਿੰਘ, ਦਲਜੀਤ ਸਿੰਘ, ਧਰਮਪਾਲ ਸਿੰਘ, ਮਾ. ਪ੍ਰਮਜੀਤ ਸਿੰਘ ਪਨੇਸਰ, ਕਰਤਾਰ ਸਿੰਘ, ਪ੍ਰਮਜੀਤ ਸਿੰਘ, ਬਲਵਿੰਦਰ ਸਿੰਘ, ਰਾਕੇਸ਼ ਆਜਾਦ ਵੱਲੋਂ ਸੈਂਟਰਾਂ ਵਿੱਚ ਜੁੰਮੇਵਾਰੀ ਨਿਭਾਈ ਗਈ। ਜਸਵੰਤ ਜੀਰਖ ਵੱਲੋਂ ਪ੍ਰਬੰਧਕੀ ਅਤੇ ਨਿਗਰਾਨ ਵਜੋਂ ਡਿਊਟੀ ਦਿੱਤੀ ਗਈ।

2. ਪੀ ਏ ਯੂ ਵਿਖੇ ਦੋ ਦਿਨਾਂ ਕਿਸਾਨ ਮੇਲੇ ਦੌਰਾਨ ਤਹਿਸ਼ੁਦਾ ਪ੍ਰੋਗਰਾਮ ਅਨੁਸਾਰ ਮੈਂਬਰਾਂ ਨੇ ਪ੍ਰਬੰਧ ਕਰਨ ਅਤੇ ਬੁੱਕ ਸਟਾਲ 'ਤੇ ਲੱਗੀ ਡਿਊਟੀ ਨਿਭਾਈ।

3. ਨਿਊਜ ਕਲਿੱਕ ਮੀਡੀਆ ਨਾਲ ਜੁੱੜੇ ਪੱਤਰਕਾਰਾਂ ਖਿਲਾਫ ਭਾਜਪਾ ਸਰਕਾਰ ਅਤੇ ਆਰ ਐਸ ਐਸ ਦੀ ਮਿਲੀ ਭੁਗਤ ਨਾਲ ਕੀਤੀ ਛਾਪਾਮਾਰੀ ਵਿਰੁੱਧ ਹੋਰ ਜਨਤਕ ਜੱਥੇਬੰਦੀਆਂ ਨਾਲ ਸ਼ਮੂਲੀਅਤ ਕਰਕੇ ਆਵਾਜ ਉਠਾਈ।

4. ਇਸੇ ਤਰ੍ਹਾਂ ਇਜਰਾਈਲ ਵੱਲੋਂ ਫਲਸਤੀਨ ਵਿਰੁੱਧ ਛੇੜੀ ਜੰਗ ਵਿੱਚ ਹੋ ਰਹੇ ਮਨੁੱਖੀ ਕਤਲੇਆਮ ਵਿਰੁੱਧ ਹੋਰ ਜੱਥੇਬੰਦੀਆਂ ਨਾਲ ਸਾਂਝੀਵਾਲ ਬਣਕੇ ਰੋਸ ਪ੍ਰਦਰਸ਼ਨ ਕੀਤਾ।

5. ਤਰਕਸ਼ੀਲ ਸਾਹਿਤ ਵੈਨ ਦੀ ਲੁਧਿਆਣਾ ਜੋਨ 'ਚ ਫੇਰੀ ਸਮੇਂ ਵੱਖ ਵੱਖ ਸਕੂਲਾਂ-ਕਾਲਜਾਂ ਅਤੇ ਪਬਲਿਕ ਥਾਂਵਾਂ ਵਿੱਚ ਕੁੱਲ 17874 ਰੁ. ਦਾ ਉਸਾਰੂ ਸਾਹਿਤ ਲੋਕਾਂ ਤੱਕ ਪਹੁੰਚਾਇਆ। ਇਸ ਵਿੱਚ ਜਸਵੰਤ ਜੀਰਖ, ਆਤਮਾ ਸਿੰਘ, ਬਲਵਿੰਦਰ ਸਿੰਘ, ਪ੍ਰਮਜੀਤ ਸਿੰਘ, ਕਰਤਾਰ ਸਿੰਘ ਵੱਲੋਂ ਜੁੰਮੇਵਾਰੀ ਨਿਭਾਈ ਗਈ। ਮਾ. ਪ੍ਰਮਜੀਤ ਸਿੰਘ ਪਨੇਸਰ ਵੱਲੋਂ ਇਸ ਮੰਤਵ ਵਿੱਚ ਅਹਿਮ ਸਹਿਯੋਗ ਦਿੱਤਾ ਗਿਆ। **– ਜਸਵੰਤ ਜੀਰਖ**

**ਇਕਾਈ ਜਗਰਾਉਂ :**

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਪ੍ਰੋਗਰਾਮ ਅਧੀਨ ਜਗਰਾਉਂ ਅਤੇ ਇਸਦੇ ਨੇੜੇ ਦੇ 6 ਸਕੂਲਾਂ ਦੇ 480 ਵਿਦਿਆਰਥੀ 2 ਅਤੇ 3 ਸਤੰਬਰ ਨੂੰ ਮਿਡਲ ਅਤੇ ਸੈਕੰਡਰੀ ਪ੍ਰੀਖਿਆ ਵਿੱਚ ਸ਼ਾਮਲ ਹੋਏ।

12 ਅਤੇ 13 ਅਕਤੂਬਰ ਨੂੰ ਤਰਕਸ਼ੀਲ ਸਾਹਿਤ ਵੈਨ

ਜਗਰਾਉਂ ਦੇ ਏਰੀਏ ਵਿੱਚ ਰਹੀ। ਜਗਰਾਉਂ ਤੇ ਇਸਦੇ ਨੇੜੇ ਦੇ 7 ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਤਰਕਸ਼ੀਲ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ। ਵਹਿਮਾਂ ਭਰਮਾਂ ਅਤੇ ਅੰਧਵਿਸਵਾਸਾਂ ਖਿਲਾਫ ਜਾਗ੍ਰਿਤ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਵੀ ਕਾਫੀ ਉਤਸ਼ਾਹ ਦਿਖਾਇਆ ਗਿਆ। ਵਿਦਿਆਰਥੀਆਂ ਵਲੋਂ 12273 ਰੁ. ਦਾ ਤਰਕਸ਼ੀਲ ਸਾਹਿਤ ਖ੍ਰੀਦਿਆ ਗਿਆ। **- ਕਰਤਾਰ ਸਿੰਘ ਵੀਰਾਨ**

**ਅੰਮ੍ਰਿਤਸਰ ਇਕਾਈ :**

ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਪੰਜਾਬ ਵਿੱਚ ਨਸ਼ਿਆਂ ਦੇ ਖਿਲਾਫ਼ ਛੇੜੀ ਵੱਡੀ ਮੁਹਿੰਮ ਤਹਿਤ 10 ਅਕਤੂਬਰ ਨੂੰ ਸਮੁੱਚੇ ਪੰਜਾਬ ਵਿੱਚ ਸੱਤਾਧਾਰੀ ਵਿਧਾਇਕ ਦੇ ਘਰ ਦੇ ਸਾਹਮਣੇ ਲਾਏ ਧਰਨਿਆਂ ਅਤੇ ਰੋਸ ਪਦਰਸ਼ਨ ਮੌਕੇ ਅੰਮ੍ਰਿਤਸਰ ਵਿਖੇ ਅਟਾਰੀ ਹਲਕੇ ਦੇ ਵਿਧਾਇਕਾਂ ਜਸਵਿੰਦਰ ਸਿੰਘ ਏ ਡੀ ਸੀ ਦੇ ਘਰਾਂ ਬਾਹਰ ਧਰਨਾ ਲਾਇਆ ਗਿਆ। ਸੰਯੁਕਤ ਕਿਸਾਨ ਮੋਰਚੇ ਵੱਲੋਂ 3 ਅਕਤੂਬਰ ਨੂੰ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਨੂੰ ਲੈ ਕੇ ਕੀਤੇ ਗਏ ਦੇਸ਼ ਵਿਆਪੀ ਰੋਸ ਪ੍ਰਦਰਸ਼ਨ ਮੌਕੇ ਭੰਡਾਰੀ ਪੁਲ ਅੰਮ੍ਰਿਤਸਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। "ਤਰਕਸ਼ੀਲ" ਸੁਸਾਇਟੀ ਪੰਜਾਬ ਦੇ ਆਗੂ ਸੁਮੀਤ ਸਿੰਘ ਵੱਲੋਂ ਉਪਰੋਕਤ ਰੋਸ ਧਰਨਿਆਂ ਵਿੱਚ ਇਕਾਈ ਸਮੇਤ ਸ਼ਮੂਲੀਅਤ ਕੀਤੀ ਗਈ ਅਤੇ ਸੰਬੋਧਨ ਕੀਤਾ ਗਿਆ। ਇਸੇ ਤਰ੍ਹਾਂ ਮੋਦੀ ਸਰਕਾਰ ਵੱਲੋਂ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈਲ ਰਾਹੀਂ ਮੀਡੀਆ ਅਦਾਰੇ ਨਿਊਜ਼ ਕਲਿੱਕ' ਦੇ 30 ਟਿਕਾਣਿਆਂ ਉੱਤੇ ਛਾਪੇ ਮਾਰ ਕੇ ਇਸਦੇ ਸੰਸਥਾਪਕ ਪ੍ਰਬੀਰ ਪੁਰਕਾਇਸਥ ਅਤੇ ਮਨੁੱਖੀ ਵਸੀਲਾ ਵਿਭਾਗ ਦੇ ਮੁਖੀ ਅਮਿਤ ਚਕਰਵਰਤੀ ਨੂੰ ਯੂ ਏ ਪੀ ਏ ਦੇ ਕਾਲੇ ਕਾਨੂੰਨ ਹੇਠ ਗ੍ਰਿਫ਼ਤਾਰ ਕਰਨ ਅਤੇ ਅਦਾਰੇ ਨਾਲ ਸਬੰਧਤ ਲੈਪਟਾਪ, ਮੋਬਾਈਲ ਅਤੇ ਅਹਿਮ ਦਸਤਾਵੇਜ਼ ਜ਼ਬਤ ਕੀਤੇ ਜਾਣ ਦੀ ਫਾਸ਼ੀਵਾਦੀ ਕਾਰਵਾਈ ਦੇ ਖਿਲਾਫ਼ ਸਮੂਹ ਜਨਤਕ ਜੱਥੇਬੰਦੀਆਂ ਦੀ ਸੰਸਥਾ ਸਿਟੀਜ਼ਨ ਫੋਰਮ ਅੰਮ੍ਰਿਤਸਰ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਭੰਡਾਰੀ ਪੁਲ ਅੰਮ੍ਰਿਤਸਰ ਵਿਖੇ ਰੋਸ ਕਨਵੈਨਸ਼ਨ ਅਤੇ ਮਾਰਚ ਕੀਤਾ ਗਿਆ।

ਰੋਸ ਸਮਾਗਮ ਮੌਕੇ ਜਮਹੂਰੀ ਹੱਕਾਂ ਦੇ ਵਿਦਵਾਨ ਡਾ. ਪਰਮਿੰਦਰ, ਆਰਥਿਕ ਮਾਹਰ ਡਾ. ਅਮਰਜੀਤ ਸਿੱਧੂ, ਡੀ ਟੀ ਐਫ ਆਗੂ ਸੁਖਰਾਜ ਸਰਕਾਰੀਆ, ਇਸਤਰੀ ਆਗੂ ਰਜਿੰਦਰ ਕੌਰ, ਕੰਵਲਜੀਤ ਕੌਰ, ਕਿਸਾਨ ਆਗੂ ਕਾ. ਰਤਨ ਰੰਧਾਵਾ, ਕਾ. ਸੁੱਚਾ ਸਿੰਘ ਅਜਨਾਲਾ, ਬਲਕਾਰ ਦੁਧਾਲਾ ਅਤੇ ਪੱਤਰਕਾਰ ਜਸਬੀਰ ਪੱਟੀ ਵੱਲੋਂ ਸੰਬੋਧਨ ਕੀਤਾ ਗਿਆ। ਸਟੇਜ ਦੀ ਕਾਰਵਾਈ ਸੁਮੀਤ ਸਿੰਘ ਵੱਲੋਂ ਚਲਾਈ ਗਈ। ਇਸ ਮੌਕੇ ਤਰਕਸ਼ੀਲ ਜੋਨ ਆਗੂ ਮੁਖਤਿਆਰ ਗੋਪਾਲਪੁਰ, ਮਾਸਟਰ ਕੁਲਜੀਤ ਵੇਰਕਾ, ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਸੁਖਮੀਤ ਸਿੰਘ, ਯਸ਼ਪਾਲ ਝਬਾਲ, ਕਿਸਾਨ ਆਗੂ ਗੁਰਬਚਨ ਸਿੰਘ, ਕੈਪਟਨ ਜੰਡਿਆਲਾ, ਰਵਿੰਦਰ ਲਲਕਾਰ, ਸਿਮਰਨ, ਰਿੰਪਲ, ਗੁਰਪ੍ਰੀਤ, ਦਮਨਜੀਤ ਕੌਰ, ਪ੍ਰੇਮ ਚੰਦ, ਬਲਬੀਰ ਝਾਮਕਾ, ਕਾਬਲ ਸਿੰਘ ਛੀਨਾ ਅਤੇ ਬਲਕਾਰ ਵਲਟੋਹਾ ਆਦਿ ਹਾਜਿਰ ਸਨ।

**ਜੋਨ ਜਲੰਧਰ:**

ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੇ 116ਵੇਂ ਜਨਮ ਦਿਨ ਨੂੰ ਸਮਰਪਿਤ ਜੋਨ ਲੈਵਲ 'ਤੇ ਇਕ ਕਲਰ ਪੋਸਟਰ ਤਿਆਰ ਕੀਤਾ ਗਿਆ ਜਿਸ ਵਿਚ ਸ਼ਹੀਦਾਂ ਦੇ ਵਿਚਾਰ ਤੇ ਅੱਜ ਦੇ ਸਮੇਂ ਵਿਚ ਕੇਂਦਰ/ਰਾਜ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਲੋਕਾਂ ਦੀ ਸਾਮਰਾਜੀ ਲੁੱਟ ਖਿਲਾਫ ਉਨ੍ਹਾਂ ਨੂੰ ਕਾਫਲੇ ਬਣ ਕੇ ਉਠਣ ਦਾ ਸੁਨੇਹਾ ਦਿੱਤਾ ਗਿਆ। ਇਹ ਪੋਸਟਰ 1200 ਦੀ ਗਿਣਤੀ ਵਿਚ ਛਾਪਿਆ ਤੇ ਜੋਨ ਦੀਆਂ ਸਾਰੀਆਂ ਇਕਾਈਆਂ ਨੇ ਆਪੋ ਆਪਣੇ ਇਲਾਕੇ ਵਿਚ ਇਸ ਨੂੰ ਕੰਧਾਂ 'ਤੇ ਚਿਪਕਾਇਆ। ਇਸ ਤੋਂ ਇਕ ਰਾਤ ਪਹਿਲਾਂ 27 ਸਤੰਬਰ ਨੂੰ ਜੋਨ ਦੀਆਂ ਤਿੰਨ ਇਕਾਈਆਂ ਸ਼ਾਹਕੋਟ, ਫਗਵਾੜਾ ਤੇ ਟਿੱਬਾ ਵੱਲੋਂ ਸ਼ਾਹਕੋਟ, ਫਗਵਾੜਾ ਤੇ ਸੁਲਤਾਨਪੁਰ ਲੋਧੀ ਵਿਚ ਮਸ਼ਾਲ ਮਾਰਚ ਕੱਢੇ ਗਏ । ਇਹਨਾਂ ਮਸ਼ਾਲ ਮਾਰਚਾਂ ਨੂੰ ਹੋਰ ਭਰਾਤਰੀ ਜਥੇਬੰਦੀਆਂ ਦਾ ਪੂਰਨ ਸਹਿਯੋਗ ਰਿਹਾ ਤੇ ਇਹ ਪੂਰੀ ਤਰ੍ਹਾਂ ਸਫਲ ਰਹੇ। ਮਸ਼ਾਲ ਮਾਰਚ ਦੌਰਾਨ ਵੱਖ-ਵੱਖ ਬੁਲਾਰਿਆ ਨੇ ਸੰਬੋਧਨ ਕੀਤਾ। ਇਕਾਈ ਜਲੰਧਰ ਵੱਲੋਂ ਸ਼ਹੀਦ ਦੇ ਜਨਮ ਦਿਨ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਪਿੰਡ ਸੌਫੀ (ਜਲੰਧਰ) ਵਿਚ ਕਰਵਾਇਆ ਗਿਆ। ਜਿਸ ਵਿਚ ਪਰਵਾਜ ਰੰਗਮੰਚ ਫਗਵਾੜਾ ਦੀ ਟੀਮ ਨੇ ਨਸ਼ਿਆ ਨਾਲ ਸੰਬਧਤ ਨਾਟਕ 'ਮਿੱਟੀ ਰੁਦਨ ਕਰੇ' ਖੇਡਿਆ ਤੇ ਇਕ ਕੋਰੀਓਗ੍ਰਾਫੀ ਵੀ ਪੇਸ਼ ਕੀਤੀ। ਸੂਬੇਦਾਰ ਮੇਜਰ ਪਰਮਜੀਤ ਸਿੰਘ ਨੇ ਜਾਦੂ ਦੇ ਟ੍ਰਿਕ ਦਿਖਾਏ। ਮੁੱਖ ਬੁਲਾਰੇ ਦੇ ਤੌਰ 'ਤੇ ਜੋਨ ਆਗੂ ਸੁਰਜੀਤ ਟਿੱਬਾ ਨੇ ਸ਼ਹੀਦ ਦੇ ਜਨਮ ਤੋਂ ਲੈ ਕੇ ਉਸਦੇ ਪੂਰੇ ਜੀਵਨ ਕਾਲ ਦੀਆਂ ਘਟਨਾਵਾਂ ਤੇ ਉਹਨਾਂ ਦੇ ਮਿਸ਼ਨ ਤੇ ਅਕੀਦਿਆਂ 'ਤੇ ਬਾਖੂਬੀ ਚਾਨਣਾ ਪਾਇਆ।

**ਜੋਨ ਦੀ ਇਕਾਈ ਹੁਸ਼ਿਆਰਪੁਰ** ਵੱਲੋਂ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ 'ਤੇ ਹੁਸ਼ਿਆਰਪੁਰ ਇਲਾਕੇ ਦੇ ਪਿੰਡ ਹਰਿਆਣਾ ਵਿਚ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸਦੇ ਮੁੱਖ ਬੁਲਾਰੇ ਬੂਟਾ ਸਿੰਘ ਮਹਿਮੂਦਪੁਰ ਸਨ। ਬੂਟਾ ਸਿੰਘ ਨੇ ਸ਼ਹੀਦ ਭਗਤ ਸਿੰਘ ਬਾਰੇ ਵਿਚਾਰ ਰੱਖਦਿਆਂ ਕਿਹਾ ਕਿ ਉਹਨਾਂ ਨੇ ਦੱਬੇ ਕੁਚਲੇ ਲੋਕਾਂ ਦੀ ਖਾਤਰ ਅਜ਼ਾਦੀ ਦੀ

ਲੜਾਈ ਨੂੰ ਲੜਿਆ ਨਾ ਕਿ ਇਸ ਲਈ ਕਿ ਦੇਸ਼ ਅਜਾਦ ਹੋਣ ਤੋਂ ਬਾਅਦ ਸਾਮਰਾਜੀ ਹਿਤ ਪੂਰਨ ਵਾਲੀਆਂ ਧਿਰਾਂ ਦੇਸ਼ 'ਤੇ ਕਾਬਜ ਹੋ ਜਾਣ। ਉਨ੍ਹਾਂ ਕਿਹਾ ਕਿ ਕਿਵੇਂ ਸ਼ਹੀਦ ਭਗਤ ਸਿੰਘ ਜੀ ਨੇ ਬ੍ਰਿਟਿਸ਼ ਸਾਮਰਾਜ ਖਿਲਾਫ ਇਨਕਲਾਬ ਦਾ ਬਿਗਲ ਵਜਾਇਆ ਤੇ ਕਿਸਾਨਾਂ ਤੇ ਮਜਦੂਰਾਂ ਨੂੰ ਦੇਸ਼ ਦੀ ਅਗਵਾਈ ਕਰਨ ਲਈ ਪ੍ਰੇਰਿਆ। ਹੁਸ਼ਿਆਰਪੁਰ ਇਕਾਈ ਦੇ ਮੁਖੀ ਬਲਵਿੰਦਰ ਬੁਲੋਵਾਲ, ਸੰਦੀਪ ਦਰਦੀ, ਮਾ. ਸੁਖਜੀਤ ਸਿੰਘ, ਮਾ. ਮਦਨ ਲਾਲ, ਜਸਬੀਰ ਸਿੰਘ, ਮਨਜੋਤ ਸਿੰਘ ਦੀ ਮਿਹਨਤ ਨਾਲ ਇਹ ਸੈਮੀਨਾਰ ਸਫਲ ਰਿਹਾ। ਇਸ ਤੋਂ ਇਲਾਵਾ ਇਕਾਈ ਹੁਸ਼ਿਆਰਪੁਰ ਵੱਲੋਂ ਸ਼ਹਿਰ ਵਿਚ ਸ਼ਹੀਦ ਭਗਤ ਸਿੰਘ ਜਿੰਦਾਬਾਦ ਦੇ, ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਕਾਫਲਾ ਕੱਢਿਆ ਗਿਆ।

**ਪੰਨਾ 17 ਦਾ ਬਾਕੀ** ਅੱਜ ਮਨੁੱਖਤਾ ਬਹੁਤੀ ਫ਼ਿਕਰਮੰਦ ਹੈ। ਪਰ ਬਹੁਤਾ ਫ਼ਿਕਰਮੰਦ ਹੋਣ ਨਾਲ ਪਿੱਛੇ ਨਹੀ ਮੁੜਨਾ ਹੈ, ਸਗੋਂ ਅੱਗੇ ਜਾਣਾ ਹੈ ਤਾਂ ਕਿ ਜਿੰਨੀ ਚਿੰਤਾ ਹੈ ਓਨੇ ਹੀ ਸ਼ਾਤੀ ਦੇ ਨਵੇਂ ਰਾਹ ਲੱਭ ਸਕੀਏ।

ਇਹ ਪਿਛਾਂਹ ਨੂੰ ਮੁੜਨ ਵਾਲਾ ਨਾਅਰਾ ਸਦਾ ਤੋਂ ਸੀ, ਇਸ ਨਾਲ ਕਦੀ ਭਲਾ ਨਹੀਂ ਹੋਇਆ ਹੈ। ਮਨੁੱਖ ਦਾ ਚਿਤ ਇਤਨਾ ਪਰਪੱਕ, ਏਨਾ ਵਿਕਸਿਤ ਹੋ ਗਿਆ ਹੈ ਕਿ ਉਸਨੂੰ ਰਾਮ ਰਾਜ ਵਿੱਚ ਨਹੀ ਲੈ ਜਾਇਆ ਜਾ ਸਕਦਾ। ਕਿਸੇ ਪ੍ਰਮਿਟਿਵ ਸਮਾਜ ਵਿਚ ਨਹੀਂ ਲਿਜਾਇਆ ਜਾ ਸਕਦਾ। ਇੱਕ ਦੋ ਦਿਨ ਲਈ ਚੰਗੇ ਲੱਗੇ ਜੰਗਲ ਵੀ, ਦਿਲਚਸਪ ਲੱਗੇ। ਪਰ ਦੋ ਤਿੰਨ ਦਿਨ ਮਗਰੋਂ ਉਬ ਗਏ। ਮਨੁੱਖਤਾ ਅੱਗੇ ਤੁਰਦੀ ਹੈ। ਹਾਂ ਪਿੱਛੇ ਮੁੜਕੇ ਇੱਕ ਦੋ ਦਿਨ ਲਈ ਹਾਲੀਡੇ ਮਨਾਇਆ ਜਾ ਸਕਦਾ ਹੈ। ਮਨ ਚ ਮੌਜ਼ ਆ ਜਾਏ ਰਾਜਘਾਟ 'ਤੇ ਬਹਿ ਕੇ ਚਰਖਾ ਕੱਤੀਏ ਜਿਵੇ ਲੀਡਰ ਲੋਕ ਕੱਤਦੇ ਹਨ- ਉਹ ਸਹੀ ਹੈ ਪਰ ਜੇ ਕੋਈ ਕਹੇ ਚਰਖੇ ਨੂੰ ਇੰਡਸਟਰੀ ਦਾ ਕੇਂਦਰ ਬਣਾ ਲਓ ਤਾਂ ਗਲਤ ਹੈ। ਕੋਈ ਕਹੇ ਚਰਖਾ ਹੀ ਚਲਾਓ ਖਤਰਾ ਹੈ। ਕਦੀ ਕਦੀ ਫੋਟੂ ਖਿਚਾਉਣ ਲਈ ਚਰਖਾ ਕੱਤਣਾ ਚੰਗੀ ਹਾਬੀ ਹੈ। ਸਸਤੀ ਅਤੇ ਬਹੁਤ ਫਾਇਦਾ ਦਿੰਦੀ ਹੈ ਪਰ ਸੱਚੀ ਮੁੱਚੀ ਪਿੱਛੇ ਮੁੜਨਾ ਅਸੰਭਵ ਹੈ। ਨਾ ਕੋਈ ਭਾਰਤੀ ਸੰਸਕ੍ਰਿਤੀ, ਨਾ ਮੁਸਲਮਾਨ, ਨਾ ਇਸਾਈ ਸੰਸਕ੍ਰਿਤੀ ਪਿੱਛੇ ਲਿਜਾ ਕੇ ਸੁੱਖ ਦੇ ਸਕਦੀ ਹੈ। ਅੱਗੇ, ਹੋਰ ਅੱਗੇ-ਜਿੱਥੇ ਸਭ ਜਾ ਰਹੇ ਹਨ, ਉੱਥੇ ਨਾ ਕੋਈ ਹਿੰਦੂ ਬਚੇਗਾ, ਨਾ ਕੋਈ ਸਿੱਖ, ਨਾ ਮੁਸਲਮਾਨ ਬਚੇਗਾ, ਨਾ ਇਸਾਈ ਬਚੇਗਾ। ਉੱਥੇ ਸਿਰਫ ਆਦਮੀ ਬਚੇਗਾ। ਭਵਿੱਖ ਕੇਵਲ ਇਨਸਾਨ ਦਾ ਹੈ।

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ।**

## ਆਰਥਿਕ ਸਹਾਇਤਾ

**ਇਕਾਈ ਬਠਿੰਡਾ**

1. ਮੂਲ ਰਾਜ, ਸੀਨੀਅਰ ਮੈਂਬਰ, ਇਕਾਈ ਬਠਿੰਡਾ 500 ਰੁ.
2. ਮੇਜਰ ਬਸੰਤ ਕੁਮਾਰ, ਸਾਬਕਾ ਜਿਲ੍ਹਾ ਸਕੱਤਰ ਡੀ.ਟੀ.ਐੱਫ. ਬਠਿੰਡਾ ਦੇ ਸਤਿਕਾਰ ਸਮਾਗਮ ਸਮੇਂ ਪਰਿਵਾਰ ਵੱਲੋਂ 5000 ਰੁਪਏ

**ਇਕਾਈ ਸ਼ਾਹਕੋਟ**

ਮਾਸਟਰ ਗੁਰਮੀਤ ਕੋਟਲੀ ਜਿਲ੍ਹਾ ਪ੍ਰਧਾਨ ਡੀ.ਟੀ.ਐਫ. ਜਲੰਧਰ (ਆਪਣੀ ਰਿਟਾਇਰਮੈਂਟ 'ਤੇ ) 1100 ਰੁ.

**ਜ਼ੋਨ ਸਹਾਇਤਾ:**

ਬਲਦੇਵ ਸਿੰਘ ਲੱਧੂ ਵਾਲਾ(ਜਥੇਬੰਦਕ ਮੁਖੀ, ਮੁਕਤਸਰ ਲੱਖੇਵਾਲੀ ਇਕਾਈ): ਬਾਪੂ ਸੌਦਾਗਰ ਸਿੰਘ ਦੀ ਯਾਦ ਵਿੱਚ ਫਾਜਿਲਕਾ ਜ਼ੋਨ ਨੂੰ: 5,000 ਰੁਪਏ

**ਮਸ਼ਵਰਾ ਕੇਂਦਰ ਬਰਗਾੜੀ ਲਈ ਸਹਾਇਤਾ:**

ਬਲਦੇਵ ਸਿੰਘ ਲੱਧੂਵਾਲਾ, (ਜਥੇਬੰਦਕ ਮੁਖੀ, ਮੁਕਤਸਰ ਲੱਖੇਵਾਲੀ ਇਕਾਈ:) ਬਾਪੂ ਸੌਦਾਗਰ ਸਿੰਘ ਲੱਧੂ ਵਾਲਾ ਦੀ ਯਾਦ ਵਿੱਚ: 5,000 ਰੁਪਏ

**ਜ਼ੋਨ ਚੰਡੀਗੜ ਦੀ ਇਕਾਈ ਰੋਪੜ** :

1. ਮਰਹੂਮ ਡਾਕਟਰ ਹੇਮਕਿਰਨ ਜੀ ਯਾਦ ਵਿੱਚ ਉਨ੍ਹਾਂ ਦੇ ਬੇਟੇ ਡਾਕਟਰ ਕਸ਼ਿਤਿਜ ਤੇ ਪਰਿਵਾਰ ਵੱਲੋਂ 2100.00
2. ਮਰਹੂਮ ਪਿਤਾ ਦੀ ਯਾਦ ਵਿੱਚ ਹਰਵਿੰਦਰ ਸੁਖਰਾਮ ਪੁਰੀ ਵੱਲੋਂ 500.00
3. ਸਰੀਰ ਪ੍ਰਦਾਨੀ ਰਜਿੰਦਰ ਸਿੰਘ ਰੰਧਾਵਾ ਭਾਓਵਾਲ ਦੇ ਪਰਿਵਾਰ ਵੱਲੋਂ 3000.00
4. ਅਮਰਨਾਥ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ, ਰੋਪੜ ਵੱਲੋਂ ਆਪਣੇ ਬੇਟੇ ਦੇ ਜਨਮ ਦਿਨ 'ਤੇ 1000.00 ਅਤੇ ਪੌਦਿਆਂ ਲਈ ਇਕਾਈ ਨੂੰ 2000.00 ਦੀ ਆਰਥਿਕ ਸਹਾਇਤਾ ਦਿੱਤੀ।

**ਇਕਾਈ ਲੁਧਿਆਣਾ** -

1. ਹਰਕੇਸ਼ ਚੌਧਰੀ, ਨਿਰਦੇਸ਼ਕ, ਗੁਰਸ਼ਰਨ ਕਲਾ ਭਵਨ, ਮੁੱਲਾਂਪੁਰ 500 ਰੁ.
2. ਸਤੀਸ਼ ਸੱਚਦੇਵਾ, ਪੰਜਾਬ ਮਾਤਾ ਨਗਰ, ਲੁਧਿਆਣਾ (ਪੋਤਰੇ ਸ਼ਿਵਾਏ ਸੱਚਦੇਵਾ ਅਤੇ ਦੋਹਤੀ ਪਰਾਂਜਲ ਦੇ ਜਨਮ ਦਿਨ 'ਤੇ) 1000

**ਤਰਕਸ਼ੀਲ ਭਵਨ**

ਰਾਜਿੰਦਰ ਸਿੰਘ ਲਾਲਿਆਂ ਵਾਲੀ 500 ਬਲਾਕ ਪ੍ਰਧਾਨ ਬੀ.ਕੇ.ਯੂ. ਉਗਰਾਹਾਂ (ਪੁੱਤਰ ਦੇ ਵਿਆਹ ਦੀ ਖੁਸ਼ੀ ਵਿੱਚ)

# ਲਾਈਲੱਗ ਮੋਮਨ ਜਾਂ ਖੋਜੀ ਕਾਫਿਰ



- ਜਸਵੰਤ ਮੋਹਾਲੀ

ਦਸਵੀਂ ਜਮਾਤ ਤੱਕ ਸਾਹਿਤਕ ਤੇ ਤਰਕਸ਼ੀਲ ਲਿਖਤਾਂ ਪੜ੍ਹਕੇ ਆਪਣੇ 'ਸਿਆਣੇ' ਹੋਣ ਦਾ ਮਾਣ ਹੋਣ ਲੱਗਿਆ। ਉਦੋਂ ਰੱਬ ਬਾਰੇ ਬਹਿਸ ਬੜਾ ਰੋਮਾਂਚਿਤ ਕਰਦੀ। ਆਸਤਕਾਂ ਨਾਲ ਰੱਬ ਬਾਰੇ ਬਹਿਸ ਦੀ ਰੱਸਾਕਸ਼ੀ ਚਲਦੀ ਰਹਿੰਦੀ ਸੀ। ਫਿਰ ਤਜਰਬੇ ਤੋਂ ਸਮਝ ਆਇਆ ਕਿ ਇਸ ਤਰ੍ਹਾਂ ਦੀ ਬਹਿਸ ਵਿਚਾਰਧਾਰਕ ਵਿਕਾਸ ਵਿਚ ਕੋਈ ਸਾਰਥਕ ਸਿੱਟੇ ਨਹੀਂ ਕਢਦੀ ਕਿਉਂਕਿ ਅਜਿਹੀ ਬਹਿਸ ਵਿੱਚ ਸਿੱਖਣ ਦੀ ਰੁਚੀ ਨਹੀਂ ਹੁੰਦੀ ਸਗੋਂ ਜਿੱਤਣ ਦੀ ਜਿੱਦ ਹੁੰਦੀ ਹੈ।

ਅੱਜ ਦੋ ਪਾਠਕਾਂ ਦੇ ਵੱਖ-ਵੱਖ ਪੱਧਰ ਦਾ ਤਜਰਬਾ ਸਾਂਝਾ ਕਰਦਾ ਹਾਂ। 30-35 ਸਾਲ ਪਹਿਲਾਂ ਦੀ ਗੱਲ ਹੈ। ਮਜ਼ਦੂਰ ਯੂਨੀਅਨਾਂ ਦੀਆਂ ਮੀਟਿੰਗਾਂ ਮੇਰੇ ਕਮਰੇ ਵਿੱਚ ਹੋਇਆ ਕਰਦੀਆਂ ਸਨ। ਮੇਰਾ ਕਮਰਾ ਇੱਕ ਛੋਟੀ ਲਾਇਬਰੇਰੀ ਵਾਂਗ ਸੀ। ਮੇਰੇ ਸਹਿਕਰਮੀ ਵੱਡੀ ਗਿਣਤੀ ਵਿੱਚ ਪਾਠਕ ਸਨ। ਆਮ ਕਰਕੇ ਕਿਤਾਬ "ਤੇ ਦੇਵ ਪੁਰਸ਼ ਹਾਰ ਗਏ" ਪਾਠਕਾਂ ਦੇ ਮਨਾਂ ਵਿੱਚੋਂ ਕਰਾਮਾਤਾਂ, ਭੂਤਾਂ ਰੂਹਾਂ ਆਦਿ ਬਾਰੇ ਭੁਲੇਖੇ ਦੂਰ ਕਰਦੀ। ਪਰ ਇੱਕ ਦਿਲਚਸਪ ਗੱਲ ਸਾਹਮਣੇ ਆਈ। ਇੱਕ ਪਾਠਕ ਇਹ ਕਿਤਾਬ ਪੜ੍ਹਨ ਤੋਂ ਬਾਅਦ ਕਿਤਾਬਾਂ ਪੜ੍ਹਣ ਤੋਂ ਸੰਕੋਚ ਕਰਨ ਲੱਗਾ। ਇੱਕ ਦਿਨ ਮੈਂ ਉਸ ਦੇ ਇਸ ਰਵੱਈਏ ਬਾਰੇ ਉਸ ਦਾ ਮਨ ਫਰੋਲਿਆ। ਦਰਅਸਲ ਉਸਦੇ ਅਚੇਤ ਮਨ ਨੂੰ ਕਰਾਮਾਤਾਂ ਵਿੱਚ ਯਕੀਨ ਸਕੂਨ ਦਿੰਦਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਸਦਾ ਇਹ ਯਕੀਨ ਟੁੱਟੇ। ਲੋਕਾਂ ਦੀਆਂ ਦੁੱਖ ਤਕਲੀਫਾਂ ਦੂਰ ਕਰਨ ਵਾਲੀਆਂ ਕਥਿਤ ਕਰਾਮਾਤੀ ਸ਼ਕਤੀਆਂ ਦਾ ਉਸਨੂੰ ਵੱਡਾ ਸਹਾਰਾ ਸੀ। ਸੁਚੇਤ ਅਤੇ ਅਚੇਤ ਮਨ ਦੇ ਇਸ ਆਪਸੀ ਟਕਰਾਅ ਵਿੱਚੋਂ ਉਸਦਾ ਮਨ ਕਿਤਾਬਾਂ ਤੋਂ ਦੂਰ ਹੋ ਗਿਆ। ਰੱਬ ਦੀ ਹੋਂਦ 'ਤੇ ਕਿੰਤੂ ਕਰਨਾ ਤਾਂ ਦੂਰ ਉਹ ਤਾਂ ਅਜੇ ਕਰਾਮਾਤਾਂ ਦਾ ਆਸਰਾ ਛੱਡਣ ਨੂੰ ਤਿਆਰ ਨਹੀਂ ਸੀ।

ਦੂਜੇ ਪਾਠਕ ਦਾ ਨਜ਼ਰੀਆ। ਕਈ ਸਾਲ ਪਹਿਲਾਂ "ਤਰਕਸ਼ੀਲ" ਮੈਗਜੀਨ ਦੇ ਇੱਕ ਪਾਠਕ ਦਾ ਫੋਨ ਆਇਆ। ਉਸ ਨੇ ਪੁੱਛਿਆ ਕਿ ਕੀ ਮੈਂ ਰੱਬ ਨੂੰ ਮੰਨਦਾ ਹਾਂ। ਮੈਂ ਸੋਚਿਆ ਕਿ ਮੇਰੇ ਜੁਆਬ ਤੋਂ ਉਸਦੇ ਮਨ ਵਿਚ ਮੇਰੇ ਬਾਰੇ ਇਕ ਧਾਰਨਾ ਬਣ ਜਾਵੇਗੀ। ਫਿਰ ਉਸ ਦੀ ਅਗਲੀ ਗੱਲਬਾਤ ਸੀਮਤ ਹੋ ਜਾਵੇਗੀ। ਉਹ "ਤਰਕਸ਼ੀਲ" ਮੈਗਜੀਨ ਦਾ ਪਾਠਕ ਸੀ ਅਤੇ ਕਾਫੀ ਕਿਤਾਬਾਂ ਵੀ ਪੜ੍ਹ ਚੁਕਾ ਸੀ। ਉਹ ਖੇਤੀਬਾੜੀ ਕਰਦਾ ਸੀ। ਕੰਮ ਤੋਂ ਵਿਹਲੇ ਹੋ ਕੇ ਅਰਾਮ ਕਰਨ ਤੋਂ ਪਹਿਲਾਂ ਉਹ ਕੁੱਝ ਨਾ ਕੁੱਝ ਪੜ੍ਹਿਆ ਕਰਦਾ ਸੀ। ਸਾਡੀ ਵਿਚਾਰਾਂ ਦੀ ਸਾਂਝ ਅੱਗੇ ਵਧੀ। ਉਸ ਦੇ ਸਵਾਲਾਂ ਦੇ ਅਧਾਰ ' ਤੇ ਅਗਲੀਆਂ ਕੁਝ ਫੋਨ ਕਾਲਾਂ ਦੇ ਦੌਰਾਨ ਮੈਂ ਉਸ ਨੂੰ ਭਗਤ ਸਿੰਘ ਅਤੇ ਡਾਰਵਿਨ ਦੀ ਉਂਗਲ ਫੜਾ ਦਿਤੀ। ਹੁਣ ਉਹ ਬੌਧਿਕਤਾ ਦੀਆਂ ਅਗਲੀਆਂ ਪੌੜੀਆਂ ਚੜ੍ਹ ਚੁੱਕਾ ਹੈ। ਕਿਸਾਨ ਅੰਦੋਲਨ ਦੌਰਾਨ ਉਹ ਕਾਰਪੋਰੇਟ ਘਰਾਣਿਆਂ ਦੀ ਲੁੱਟ ਦੇ ਮਨਸੂਬਿਆਂ ਨੂੰ ਸਮਝ ਚੁੱਕਾ ਹੈ ਤੇ ਇਹ ਵੀ ਕਿ ਪੂੰਜੀਵਾਦੀ ਪ੍ਰਬੰਧ ਕਿਵੇਂ ਧਰਮ ਤੇ ਰਾਸ਼ਟਰ 'ਤੇ ਮਾਣ ਕਰਨ ਦਾ ਹੋਕਾ ਦੇ ਕੇ ਸਮਾਜ ਨੂੰ ਨਫਰਤੀ ਹਿੰਸਾ ਵੱਲ ਧਕ ਦਿੰਦਾ ਹੈ।

ਸਾਡੇ ਸਮਾਜ ਵਿੱਚ ਇਸ ਪਾਠਕ ਜਿਹੇ ਬੌਧਿਕ ਉਦਮੀਆਂ ਦੀ ਗਿਣਤੀ ਥੋੜ੍ਹੀ ਹੀ ਹੈ। ਪਰਿਵਾਰ ਦੇ ਵਡੇਰਿਆਂ ਦਾ ਦਬਾਅ, ਆਸਥਾਵਾਨ ਸਮਾਜ ਦੀ ਬਹੁ-ਗਿਣਤੀ ਦਾ ਪ੍ਰਭਾਵ, ਕੁੱਝ ਮਾੜਾ ਵਾਪਰਨ ਦਾ ਡਰ, "ਜਿਵੇਂ ਚਲਦਾ ਹੈ ਠੀਕ ਹੈ" ਦਾ ਸੌਖਾ ਰਾਹ ਆਦਿ ਬੁਧੀ ਨੂੰ ਜੂੜ ਪਾਈ ਰਖਦੇ ਹਨ। ਇਸ ਮਜਬੂਤ ਘੇਰੇ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲਿਆਂ ਅੱਗੇ ਪਹਿਲਾਂ ਹੀ ਰੱਬ ਦਾ ਸਵਾਲ ਰੱਖ ਦੇਣਾ ਜਾਇਜ ਨਹੀਂ। ਇਸ 'ਪੱਕੇ ਸਹਾਰੇ' ਨੂੰ ਚੁਣੌਤੀ ਦੇਣ ਦਾ ਸਾਹਸ ਹਰ ਕਿਸੇ ਕੋਲ ਨਹੀਂ ਹੁੰਦਾ।

ਦਰਅਸਲ ਰੱਬ ਦਾ ਪ੍ਰਸ਼ਨ ਮਹੱਤਵਪੂਰਣ ਤਾਂ ਹੈ ਪਰ ਮੂਲ ਪ੍ਰਸ਼ਨ ਨਹੀਂ। ਬੌਧਿਕ ਵਿਕਾਸ ਲਈ ਆਪਣੇ ਆਲੇ ਦੁਆਲੇ ਦੇ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨੂੰ ਸਮਝਣਾ ਜਰੂਰੀ ਹੈ। ਨਾਸਤਿਕਤਾ ਤਾਂ ਆਪਣੀ ਸੋਝੀ ਨੂੰ ਵਿਕਸਿਤ ਕਰਨ ਲਈ ਕੀਤੇ ਯਤਨਾਂ ਦੀ ਉਪ-ਉਪਜ ਜਾਂ ਬਾਈ-ਪ੍ਰੋਡਕਟ ਹੈ। ਹਰ ਇਕ ਬੰਦੇ ਅੰਦਰ ਬੁਧ ਹੁੰਦਾ ਹੈ ਪਰ ਹਰ ਕੋਈ ਬੁੱਧ ਵਾਂਗ ਘਰ ਪਰਿਵਾਰ ਨਹੀਂ ਤਿਆਗਦਾ। ਤੁਸੀਂ ਨਿੱਜੀ ਗਰਜ਼ਾਂ ਤੋਂ ਸਮਾਜ ਵੱਲ ਨੂੰ ਆਪਣੇ ਆਪ ਨੂੰ ਜਿੰਨਾ ਵਿਸਤਾਰਦੇ ਹੋ ਤੁਸੀਂ ਓਨੇ ਕੁ ਹੀ ਬੁੱਧ ਹੁੰਦੇ ਹੋ। ਲੋੜ ਸੋਝੀ ਨੂੰ ਅਧਿਐਨ ਦਾ ਜਾਗ ਲਾਉਣ ਦੀ ਹੁੰਦੀ ਹੈ। ਆਰੀਆ ਸਮਾਜੀ ਪਿਤਾ ਦੇ ਪ੍ਰਭਾਵ ਥੱਲੇ ਵੱਡਾ ਹੁੰਦਾ ਭਗਤ ਸਿੰਘ ਬਾਕੂਨਿਨ, ਮਾਰਕਸ, ਟਰਾਟਸਕੀ ਆਦਿ ਨੂੰ ਪੜ੍ਹਕੇ ਆਪਣੇ ਟੀਚੇ ਪ੍ਰਤੀ ਏਨਾ ਪ੍ਰਤੀਬੱਧ ਹੋ ਜਾਂਦਾ ਹੈ ਕਿ ਉਸ ਆਦਰਸ਼ ਲਈ ਸ਼ਹੀਦ ਹੋ ਜਾਂਦਾ ਹੈ। ਬ੍ਰਾਹਮਣਾਂ ਦੇ ਘਰ ਜੰਮਿਆ ਕੇਦਾਰਨਾਥ ਪਾਂਡੇ ਆਰੀਆ ਸਮਾਜੀ ਤੋਂ ਬੋਧੀ ਭਿਕਸ਼ੂ ਬਣਦਾ ਅਖੀਰ ਨੂੰ ਅਧਿਐਨ ਕਰਦਾ-ਕਰਦਾ ਸਮਾਜਵਾਦ ਦਾ ਧਾਰਨੀ ਮਹਾਂਪੰਡਿਤ ਰਾਹੁਲ ਸੰਕ੍ਰਤਾਇਨ ਬਣ ਜਾਂਦਾ ਹੈ। ਬਕੌਲ ਕਵੀ ਪ੍ਰੋ. ਮੋਹਨ ਸਿੰਘ "ਲਾਈਲੱਗ ਮੋਮਨ ਦੇ ਨਾਲੋਂ ਖੋਜੀ ਕਾਫਰ ਚੰਗਾ"। ਤੁਸੀਂ ਕੀ ਬਣਨਾ ਚਾਹੋਗੇ?



ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਵਿੰਗ SCERT Punjab ਦੀ ਸਹਾਇਕ ਨਿਰਦੇਸ਼ਕ ਅਤੇ ਵਿਸ਼ਾ ਮਾਹਿਰ ਨਾਲ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਵਫਦ ਸੂਬਾ ਆਗੂ ਰਾਜਿੰਦਰ ਭਦੌੜ ਅਤੇ ਬਲਬੀਰ ਲੌਂਗੋਵਾਲ ਦੀ ਅਗਵਾਈ ਵਿਚ ਮੁਲਾਕਾਤ ਕਰਦਾ ਹੋਇਆ। ਸਾਥ ਦੇ ਰਹੇ ਹਨ ਅਜੀਤ ਪ੍ਰਦੇਸੀ, ਸਤਪਾਲ ਸਲੋਹ, ਖਰੜ ਗੁਰਮੀਤ ਅਤੇ ਸੁਰਜੀਤ ਮੁਹਾਲੀ।

ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਵਰਾਜਬੀਰ ਨੂੰ ਮੰਗ ਪੱਤਰ ਸੌਂਪਦੇ ਹੋਏ ਸੂਬਾ ਆਗੂ ਸੁਮੀਤ ਸਿੰਘ ਤੇ ਅਜੀਤ ਪ੍ਰਦੇਸੀ, ਚੰਡੀਗੜ੍ਹ ਜੋਨ ਆਗੂ ਗੁਰਮੀਤ ਖਰੜ, ਜੋਗਾ ਸਿੰਘ ਅਤੇ ਕੁਲਵਿੰਦਰ ਨਗਾਰੀ





ਦੂਰਦਰਸ਼ਨ ਕੇਂਦਰ ਜਲੰਧਰ ਦੇ ਨਿਰਦੇਸ਼ਕ ਪੁਨੀਤ ਸਹਿਗਲ ਨੂੰ ਮੰਗ ਪੱਤਰ ਸੌਂਪਦੇ ਹੋਏ ਸੂਬਾ ਕਮੇਟੀ ਆਗੂ ਸੁਮੀਤ ਸਿੰਘ, ਜਲੰਧਰ ਜੋਨ ਆਗੂ ਸੁਰਜੀਤ ਟਿੱਬਾ, ਵਿਜੈ ਰਾਹੀ, ਸੁਰਿੰਦਰ ਪਾਲ ਅਤੇ ਨਸੀਬ ਚੰਦ ਬੱਬੀ

ਜਿਲਦ ਨੰ. 24 ਰਜਿ. ਨੰ. PUNPUN/2000/05393 ਅੰਕ : 6

## ਮਨ ਮਸਤਕ ਵਿੱਚ ਗਿਆਨ, ਚੇਤਨਾ ਦੀ ਲੋਅ ਜਗਾਉਣ ਲਈ ਤਰਕਸ਼ੀਲ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਪੁਸਤਕਾਂ (ਭਾਗ-1)



If undelivered please return to :

**Tarksheel**

**Tarksheel Bhawan, Tarksheel Chowk,**
**Sanghera By Pass, BARNALA-148101**
**Post Box No. 55**
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ..............................................................

..............................................................

..............................................................